**ਬੀ. ਏ. ਭਾਗ ਤੀਜਾ** — **ਰਾਜਨੀਤੀ ਵਿਗਿਆਨ**

**ਤੁਲਨਾਤਮਕ ਰਾਜਨੀਤਿਕ ਪ੍ਰਣਾਲੀ**

**(ਯੂ.ਕੇ. ਅਤੇ ਯੂ.ਐਸ.ਏ.)**

**ਸਮੈਸਟਰ ਪੰਜਵਾਂ**

**ਯੂਨਿਟ ਨੰ: 3 ਅਤੇ 4**

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰ.:**

## ਯੂਨਿਟ ਨੰ. 2

### ਸੈਕਸ਼ਨ ਏ

1.1 : ਅਮਰੀਕੀ ਰਾਜਨੀਤਿਕ ਪ੍ਰਣਾਲੀ ਦਾ ਵਿਕਾਸ, ਸੁਤੰਤਰਤਾ ਦੀ ਲੜਾਈ ਅਤੇ ਸੰਵਿਧਾਨ ਦਾ ਨਿਰਮਾਣ,

1.2 : ਸੰਯਕੁਤ ਰਾਜ ਅਮਰੀਕਾ ਦੇ ਸੰਵਿਧਾਨ ਦੇ ਸੋਮੇ ਅਤੇ ਵਿਸ਼ੇਸਤਾਵਾਂ

1.3 : ਅਮਰੀਕੀ ਅਧਿਕਾਰ ਪੱਤਰ

1.4 : ਸੰਯੁਕਤ ਰਾਜ ਅਮਰੀਕਾ ਦਾ ਰਾਸ਼ਟਰਪਤੀ

1.5 : ਕਾਂਗਰਸ: ਪ੍ਰਤੀਨਿਧੀ ਸਦਨ ਅਤੇ ਸੈਨੇਟ

1.6 : ਸੰਯੁਕਤ ਰਾਜ ਅਮਰੀਕਾ ਦੀ ਸੰਘੀ ਪ੍ਰਣਾਲੀ, ਸਰੂਪ ਅਤੇ ਕਾਰਜਸ਼ੀਲਤਾ

### ਸੈਕਸ਼ਨ ਬੀ

2.1 : ਸੰਯੁਕਤ ਰਾਜ ਅਮਰੀਕਾ ਅਤੇ ਇੰਗਲੈਂਡ ਵਿੱਚ ਪਾਰਟੀ ਪ੍ਰਣਾਲੀ

2.2 : ਸੰਯੁਕਤ ਰਾਜ ਅਮਰੀਕਾ ਅਤੇ ਇੰਗਲੈਂਡ ਵਿੱਚ ਦਬਾਉ ਸਮੂਹ (ਪ੍ਰੈਸ਼ਰ ਗਰੁੱਪ)

2.3 : ਸੰਯੁਕਤ ਰਾਜ ਅਮਰੀਕਾ ਦੀ ਸਰਵ-ਉੱਚ ਅਦਾਲਤ

2.4 : ਇੰਗਲੈਂਡ ਅਤੇ ਯੂ.ਐਸ.ਏ. ਵਿੱਚ ਨਿਆਂਇਕ ਪ੍ਰਣਾਲੀ ਅਤੇ ਕਾਨੂੰਨ ਦਾ ਸਾਸ਼ਨ

# ਅਮਰੀਕੀ ਰਾਜਨੀਤਿਕ ਪ੍ਰਣਾਲੀ ਦਾ ਵਿਕਾਸ, ਸੁਤੰਤਰਤਾ ਦੀ ਲੜਾਈ ਅਤੇ ਸੰਵਿਧਾਨ ਦਾ ਨਿਰਮਾਣ

ਰਚਨਾ

1.1.0 ਉਦੇਸ਼
1.1.1 ਅਮਰੀਕੀ ਰਾਜਨੀਤਿਕ ਪ੍ਰਣਾਲੀ ਦਾ ਵਿਕਾਸ
1.1.2 ਇਤਿਹਾਸਕ ਪਿਛੋਕੜ
1.1.3 ਅਮਰੀਕੀ ਸੁਤੰਤਰਤਾ ਦਾ ਯੁੱਧ ਅਤੇ ਆਜ਼ਾਦੀ ਦੀ ਘੋਸ਼ਣਾ
1.1.4 ਸੰਵਿਧਾਨ ਦਾ ਨਿਰਮਾਣ
1.1.5 ਕਮਜ਼ੋਰ ਮਹਾਸੰਘ
1.1.6 ਫਿਲਾਡੈਲਫੀਆ ਸੰਮੇਲਨ ਅਤੇ ਸੰਘਵਾਦ ਦੀ ਪਰੰਪਰਾ
1.1.7 ਵਿਰਜੀਨੀਆਂ ਯੋਜਨਾ-ਦੋ ਸਦਨੀ ਵਿਧਾਨ ਮੰਡਲ
1.1.8 ਨਿਊ ਜ਼ਰਸੀ ਯੋਜਨਾ : ਇੱਕ ਸਦਨੀ ਵਿਧਾਨ ਮੰਡਲ
1.1.9 ਕੋਨੈਕਟੀਕਟ ਸਮਝੌਤੇ ਜਾਂ ਦੋ ਸਦਨੀ ਵਿਧਾਨ ਮੰਡਲ ਦੀਆਂ ਸ਼ਕਤੀਆਂ
1.1.10 ਸੰਵਿਧਾਨ ਦਾ ਸੰਪੂਰਣ ਹੋਣਾ
1.1.10.1 ਸੰਵਿਧਾਨ ਦਾ ਲਾਗੂ ਹੋਣਾ
1.1.10.2 ਸੰਵਿਧਾਨ ਤੇ ਨਵੇ ਸਿਰੇ ਤੋਂ ਵਿਚਾਰ
1.1.10.3 ਅਮਰੀਕਾ ਦੀ ਰਾਜਨੀਤਿਕ ਪ੍ਰਣਾਲੀ ਤੇ ਇਕ ਨਜ਼ਰ
1.1.10.4 ਆਪਣੇ ਗਿਆਨ ਨੂੰ ਪਰਖੋ
1.1.11 ਅਧਿਐਨ ਲਈ ਪ੍ਰਸ਼ਨ
1.1.12 ਕੁਝ ਸੁਝਾਈਆਂ ਪੁਸਤਕਾਂ

## 1.1.0 ਉਦੇਸ਼

ਅਮਰੀਕੀ ਰਾਜਨੀਤਿਕ ਪ੍ਰਣਾਲੀ ਅਤੇ ਸੰਵਿਧਾਨ ਦਾ ਅਸਲੀ ਸਰੋਤ ਲੋਕ ਸ਼ਕਤੀ ਹੈ ਜਿਸ ਨਾਲ ਲੋਕ ਪ੍ਰਭੂਸਤਾ ਦਾ ਸਿਧਾਂਤ ਜੁੜਿਆ ਹੋਇਆ ਹੈ। ਸੀਮਿਤ ਸਰਕਾਰ ਦੀ ਧਾਰਨਾ ਵੀ ਇਸ ਰਾਜਨੀਤਿਕ ਇਤਿਹਾਸ ਦੀ ਉਪਜ ਹੈ। ਸਰਕਾਰ ਦੇ ਕਾਰਜ ਅਤੇ ਉਸ ਦੀਆਂ ਸ਼ਕਤੀਆਂ ਸੀਮਿਤ ਹਨ। ਇਹਨਾਂ ਨੂੰ ਸੀਮਿਤ ਕਰਨ ਲਈ ਰੋਕ ਅਤੇ ਸਮਤੋਲ ਦਾ ਸਿਧਾਂਤ ਲਾਗੂ ਕੀਤਾ ਗਿਆ ਹੈ ਅਤੇ ਸੰਵਿਧਾਨ ਨੂੰ ਸਰਵਉੱਚਤਾ ਪ੍ਰਦਾਨ ਕੀਤੀ ਗਈ ਹੈ।

ਸੰਵਿਧਾਨ ਗਣਤੰਤਰ ਦੀ ਸਥਾਪਨਾ ਕਰਦਾ ਹੈ ਅਤੇ ਪ੍ਰਤੀਨਿਧ ਸਰਕਾਰ ਦੀ ਵਿਵਸਥਾ ਕਰਦਾ ਹੈ ਅਤੇ ਇਹ ਸੰਵਿਧਾਨ ਹੇਠਲੇ ਸਦਨ ਦੀ ਬਜਾਏ ਉਪਰਲੇ ਸਦਨ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਂਦਾ ਹੈ। ਸੰਵਿਧਾਨ ਦੇ ਲਿਖਤੀ ਤੇ ਕਠੋਰ ਹੋਣ ਦਾ ਵੱਡਾ ਕਾਰਨ ਇਹ ਸੀ ਕਿ ਸੰਵਿਧਾਨ ਵਿੱਚ ਸੰਘਾਤਮਕ ਪ੍ਰਣਾਲੀ ਨੂੰ ਅਪਣਾਇਆ ਗਿਆ ਸੀ, ਅਤੇ ਇਸੇ ਕਰਕੇ ਹੀ ਨਿਆਂ-ਪਾਲਿਕਾ ਨੂੰ ਸ਼ਕਤੀਆਂ ਦੀ ਵੰਡ ਦੇ ਸਿਧਾਂਤ ਦੇ ਬਾਵਜੂਦ ਵੀ ਸਰਵ ਉੱਚ ਸਥਾਨ ਦਿੱਤਾ ਗਿਆ। ਭਾਵੇਂ ਅਮਰੀਕਾ ਵਿੱਚ ਕਾਰਜ-ਪਾਲਿਕਾ, ਵਿਧਾਨ ਪਾਲਿਕਾ ਤੇ ਨਿਆਂ-ਪਾਲਿਕਾ ਨੂੰ ਵੱਖ ਰੱਖਿਆ ਗਿਆ ਹੈ ਤਾਂ ਜੋ ਸਰਕਾਰ ਦਾ ਕੋਈ ਵੀ ਇਕ ਅੰਗ ਦੂਜੇ ਤੇ ਹਾਵੀ ਨਾ ਹੋ ਸਕੇ।

## 1.1.1 ਅਮਰੀਕੀ ਰਾਜਨੀਤਿਕ ਪ੍ਰਣਾਲੀ ਦਾ ਵਿਕਾਸ

ਆਧੁਨਿਕ ਯੁੱਗ ਵਿੱਚ ਰਾਜ ਅਤੇ ਸਰਕਾਰ ਦੀ ਥਾਂ ਰਾਜਨੀਤਿਕ ਪ੍ਰਣਾਲੀ ਸ਼ਬਦ ਦੀ ਵਰਤੋ ਕੀਤੀ ਜਾਂਦੀ ਹੈ। ਇਸ ਵਿੱਚ ਕੋਈ ਸੰਦੇਹ ਨਹੀਂ ਕਿ ਕਿਸੇ ਵੀ ਰਾਜਨੀਤਿਕ ਪ੍ਰਣਾਲੀ ਦੀ ਸਥਿਰਤਾ ਲੋਕਾਂ ਦੇ ਰਾਜਨੀਤਿਕ ਸਭਿਆਚਾਰ ਦੇ ਵਿਕਸਤ ਪੱਧਰ ਤੇ ਨਿਰਭਰ ਕਰਦੀ ਹੈ। ਇੰਗਲੈਂਡ ਦੇ ਲੋਕਾਂ ਦਾ ਰਾਜਨੀਤਿਕ ਸਭਿਆਚਾਰ ਉਥੋ ਦੇ ਰਾਜਨੀਤਿਕ ਪ੍ਰਣਾਲੀ ਦੀ ਸਥਿਰਤਾ ਇਕ ਮਹੱਤਵਪੂਰਨ ਅਧਾਰ ਹੈ। ਇਸ ਤਰ੍ਹਾਂ ਯੂ. ਐਸ. ਏ. ਵਿੱਚ ਮਨੋਵਿਗਿਆਨਕ ਪੱਖ ਤੋ ਵੀ ਲੋਕਾਂ ਵਿੱਚ ਆਪਣੀ ਰਾਜਨੀਤਿਕ ਪ੍ਰਣਾਲੀ ਪ੍ਰਤੀ ਲਗਨ ਅਤੇ ਭਾਵਨਾ

ਪਾਈ ਜਾਂਦੀ ਹੈ। ਰਾਜਨੀਤਿਕ ਪ੍ਰਣਾਲੀ ਪ੍ਰਤੀ ਉਹਨਾਂ ਦਾ ਵਿਸ਼ਵਾਸ ਅਤੇ ਦ੍ਰਿਸ਼ਟੀਕੋਣ ਰਾਜਨੀਤਿਕ ਪ੍ਰਣਾਲੀ ਨੂੰ ਲੋੜੀਂਦੀ ਵਿਵਸਥਾ ਅਤੇ ਸਥਿਰਤਾ ਪ੍ਰਦਾਨ ਕਰਦਾ ਹੈ। ਸੰਯੁਕਤ ਰਾਜ ਅਮਰੀਕਾ ਅਤੇ ਇੰਗਲੈਂਡ ਵਿੱਚ ਰਾਜਨੀਤਿਕ ਸਭਿਆਚਾਰ ਦਾ ਪੱਧਰ ਜ਼ਿਆਦਾ ਵਿਕਸਤ ਹੈ ਤਾਂ ਅਜਿਹੀ ਸਥਿਤੀ ਵੀ ਕੁਝ ਵਿਸ਼ੇਸ਼ ਕਾਰਨਾਂ ਜਾਂ ਤੱਥਾਂ ਦਾ ਸਿੱਟਾ ਹੋ ਸਕਦੀ ਹੈ। ਅਮਰੀਕਨ ਰਾਜਨੀਤਿਕ ਪ੍ਰਣਾਲੀ ਗਣਤੰਤਰ ਦੀ ਸਥਾਪਨਾ ਕਰਦੀ ਹੈ। ਪ੍ਰਤੀਨਿਧੀ ਸਰਕਾਰ ਦੀ ਵਿਵਸਥਾ ਕਰਦੀ ਹੈ ਅਤੇ ਇਹ ਹੇਠਲੇ ਸਦਨ ਦੀ ਬਜਾਇ ਉਪਰਲੇ ਸਦਨ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਂਦੀ ਹੈ। ਅਮਰੀਕਾ ਨੂੰ ਇਕ ਵਿਸ਼ਾਲ ਦੇਸ਼ ਹੋਣ ਦਾ ਮਾਣ ਪ੍ਰਾਪਤ ਹੈ। ਅਮਰੀਕਾ ਵਿੱਚ ਆਏ ਵੱਖ-ਵੱਖ ਦੇਸ਼ਾਂ ਦੇ ਲੋਕਾਂ ਨੇ ਆਪਣੇ ਆਪ ਨੂੰ ਏਕਤਾ ਦੀ ਲੜੀ ਵਿੱਚ ਬੰਨ੍ਹ ਲਿਆ ਹੈ। ਇਹ ਸਾਰੇ ਆਪਣੇ ਬੀਤੇ ਸਮੇਂ ਨੂੰ ਭੁਲਾਕੇ ਇਕ ਨਵੇ ਯੁੱਗ ਦੀ ਸ਼ੁਰੂਆਤ ਕਰਨੀ ਚਾਹੁੰਦੇ ਹਨ। ਇਸ ਲਈ ਉਹਨਾਂ ਸਾਰਿਆਂ ਨੇ ਆਪਣੇ ਨਸਲੀ ਭੇਦ ਭਾਵ ਭੁਲਾ ਕੇ ਇਕ ਨਵੇ ਸਮਾਜ ਦੀ ਨੀਂਹ ਰੱਖੀ।

ਰਾਜਨੀਤਿਕ ਪਰੰਪਰਾ ਅਸਲ ਵਿੱਚ **ਰਾਜਨੀਤਿਕ ਦਰਸ਼ਨ (Political Philosophy), ਰਾਜਨੀਤਿਕ ਕਦਰਾਂ ਕੀਮਤਾਂ (Political Values), ਰਾਜਨੀਤਿਕ ਵਿਸ਼ਵਾਸ (Political Beliefs),** ਰਾਜਨੀਤਿਕ ਸਰੂਪ ਦੀਆਂ ਮਨੁੱਖੀ ਮਨੋ-ਵਿਗਿਆਨਕ ਪ੍ਰਵਿਰਤੀਆਂ ਆਦਿ ਦਾ ਸਮੂਹਿਕ ਨਾਮ ਹੈ। ਇਹ ਸਾਰੇ ਦੇ ਸਾਰੇ ਤੱਤ ਕਿਸੇ ਰਾਜ ਦੇ ਸੰਵਿਧਾਨ ਦੇ ਨਿਰਮਾਣ, ਰਾਜਨੀਤਿਕ ਪ੍ਰਣਾਲੀ ਉਸ ਦੇਸ਼ ਦੀ ਰਾਜਨੀਤੀ ਨੂੰ ਸੇਧ ਪ੍ਰਦਾਨ ਕਰਦੀ ਹੈ ਜਾਂ ਇੰਜ ਕਹਿ ਸਕਦੇ ਹਾਂ ਕਿ ਰਾਜਨੀਤਿਕ ਪਰੰਪਰਾ ਹੀ ਰਾਜਨੀਤਿਕ ਸੰਸਥਾਵਾਂ ਨੂੰ ਜਨਮ ਦਿੰਦੀਆਂ ਹਨ, ਪਰੰਤੂ ਨਿਰਅਧਾਰ ਰਾਜਨੀਤਿਕ ਪਰੰਪਰਾ ਸਿਧਾਂਤ ਹੀਣ ਰਾਜਨੀਤੀ ਅਤੇ ਰੌਲੇ ਘਚੋਲੇ ਨੂੰ ਜਨਮ ਦਿੰਦੀ ਹੈ। ਹਰ ਰਾਜ ਦੀਆਂ ਰਾਜਨੀਤਿਕ ਪਰੰਪਰਾਵਾਂ ਆਪਣੀ ਹੀ ਕਿਸਮ ਦੀਆਂ ਹੁੰਦੀਆਂ ਹਨ। ਭਾਵੇ ਕਿਸੇ ਇਕ ਰਾਜ ਦੀ ਸਰਕਾਰ ਦਾ ਰੂਪ ਕਿਸੇ ਦੂਜੇ ਨਾਲ ਮੇਲ ਖਾਂਦਾ ਹੀ ਹੋਵੇ ਪਰ ਫਿਰ ਵੀ ਰਾਜਨੀਤਿਕ ਪਰੰਪਰਾਵਾਂ ਆਪਣੀ ਹੀ ਕਿਸਮ ਦੀਆਂ ਹੁੰਦੀਆਂ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਹਰ ਰਾਜ ਦੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਉਸ ਦੇ ਇਤਿਹਾਸ ਤੇ ਬਹੁਤ ਪ੍ਰਭਾਵ ਪਾਉਂਦੀਆਂ ਹਨ ਅਤੇ ਇਸ ਨਾਲ ਕਈ ਪ੍ਰਕਾਰ ਦੇ ਰਾਜਨੀਤਿਕ ਪਰਿਵਰਤਨ ਵੀ ਆ ਸਕਦੇ ਹਨ।

### 1.1.2 ਇਤਿਹਾਸਕ ਪਿਛੋਕੜ

1776 ਤੋ ਪਹਿਲਾਂ ਸੰਯੁਕਤ ਰਾਜ ਅਮਰੀਕਾ 13 ਬਸਤੀਆਂ ਸਨ, ਜੋ ਕਿ ਬਰਤਾਨੀਆ ਰਾਜ ਦੇ ਹਿੱਸੇ ਸਨ। ਇਹ ਬਸਤੀਆਂ ਆਪਣੇ ਅੰਦਰੂਨੀ ਮਾਮਲਿਆਂ ਵਿੱਚ ਤਾਂ ਕੁਝ ਹੱਦ ਤੱਕ ਸੁਤੰਤਰ ਸਨ, ਪਰੰਤੂ ਬਾਹਰੀ ਮਾਮਲਿਆਂ ਵਿੱਚ ਬਰਤਾਨੀਆ ਦੇ ਅਧੀਨ ਸਨ। ਇਨ੍ਹਾਂ ਬਸਤੀਆਂ ਵਿੱਚ ਸਮੇ ਸਮੇਂ ਰਾਜਪਾਲ ਅਤੇ ਪ੍ਰੀਸ਼ਦ ਵਿੱਚ ਝਗੜਾ ਹੁੰਦਾ ਰਹਿੰਦਾ ਸੀ, ਕਿਉਂਕਿ ਰਾਜਪਾਲ ਆਪਣੇ ਆਪ ਨੂੰ ਬਰਤਾਨੀਆ ਦੇ ਤਾਜ ਦਾ ਪ੍ਰਤੀਨਿਧੀ ਸਮਝਦਾ ਸੀ ਅਤੇ ਲੋਕਾਂ ਦੀਆਂ ਆਸ਼ਾਵਾਂ ਵੱਲ ਧਿਆਨ ਨਹੀ ਦਿੰਦਾ ਸੀ। 18ਵੀ ਸਦੀ ਦੇ ਅਠਵੇਂ ਦਹਾਕੇ ਵਿੱਚ ਇਨ੍ਹਾਂ ਬਸਤੀਆਂ ਦੇ ਵਸਨੀਕਾਂ ਅਤੇ ਬਰਤਾਨੀਆਂ ਵਿੱਚ ਝਗੜਾ ਪੈਦਾ ਹੋ ਗਿਆ, ਕਿਉਂਕਿ ਬਸਤੀਵਾਸੀਆਂ ਤੇ ਬਰਤਾਨੀਆਂ ਨੇ ਉਨ੍ਹਾਂ ਦੀ ਮਰਜੀ ਵਿਰੁੱਧ ਉਨ੍ਹਾਂ ਤੇ ਕਰ ਲਗਾ ਦਿੱਤਾ ਅਤੇ ਬਸਤੀਆਂ ਦੇ ਵਾਸੀਆਂ ਨੇ ਇਸ ਲਗਾਏ ਕਰ ਦਾ ਵਿਰੋਧ ਕੀਤਾ। ਉਨ੍ਹਾਂ ਦਾ ਮੁੱਖ ਵਿਰੋਧ ਇਸ ਕਰਕੇ ਸੀ ਕਿਉਂਕਿ ਉਨ੍ਹਾਂ ਦਾ ਕਹਿਣਾ ਸੀ ਕਿ ਬਰਤਾਨਵੀ ਸੰਸਦ ਵਿੱਚ ਬਸਤੀਵਾਸੀਆਂ ਦੀ ਕੋਈ ਪ੍ਰਤੀਨਿਧਤਾ ਨਹੀ। ਇਸ ਲਈ ਬਰਤਾਨਵੀ ਸੰਸਦ ਨੂੰ ਕੋਈ ਅਧਿਕਾਰ ਨਹੀ ਕਿ ਉਹ ਉਨ੍ਹਾਂ ਉੱਤੇ ਟੈਕਸ ਲਗਾ ਸਕੇ। ਉਨ੍ਹਾਂ ਨੇ ਇਹ ਨਾਹਰਾ ਲਗਾਇਆ ਕਿ ਪ੍ਰਤੀਨਿਧਤਾ ਤੋ ਬਿਨਾਂ ਕੋਈ ਟੈਕਸ ਨਹੀ ਲਗਾਇਆ ਜਾ ਸਕਦਾ। ਇਸ ਦੇ ਫਲਸਰੂਪ 4 ਜੁਲਾਈ 1776 ਨੂੰ ਇਨ੍ਹਾਂ ਬਸਤੀਆਂ ਨੇ ਇੰਗਲੈਂਡ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ ਅਤੇ ਇਸ ਯੁੱਧ ਵਿੱਚ ਇਨ੍ਹਾਂ ਬਸਤੀਆਂ ਦੀਆਂ ਸੈਨਾਵਾਂ ਨੇ ਜਾਰਜ ਵਾਸ਼ਿੰਗਟਨ ਦੀ ਕਮਾਨ ਅਧੀਨ ਸਾਮਰਾਜੀ ਫੌਜਾਂ ਵਿਰੁੱਧ ਸਫਲਤਾ ਪ੍ਰਾਪਤ ਕੀਤੀ ਅਤੇ ਆਪਣੀ ਸੁਤੰਤਰਤਾ ਦਾ ਐਲਾਨ ਕਰ ਦਿੱਤਾ।

### 1.1.3 ਅਮਰੀਕੀ ਸੁਤੰਤਰਾ ਦਾ ਯੁੱਧ ਅਤੇ ਸੁਤੰਤਰਤਾ ਦੀ ਘੋਸ਼ਣਾ :

ਸਮੇਂ ਦੀ ਚਾਲ ਦੇ ਨਾਲ ਨਾਲ ਇੰਗਲੈਂਡ ਅਤੇ ਇਹਨਾਂ ਬਸਤੀਆਂ ਦੇ ਪਰਸਪਰ ਸੰਬੰਧਾਂ ਵਿੱਚ ਕੁਝ ਵਿਗਾੜ ਹੁੰਦਾ ਗਿਆ ਅਤੇ ਅੰਤ 4 ਜੁਲਾਈ, 1776 ਨੂੰ ਇਹਨਾਂ ਬਸਤੀਆਂ ਨੇ ਇਕ ਪੱਖੀ ਸੁਤੰਤਰਤਾ ਦੀ ਘੋਸ਼ਣਾ **(Unilaterl Declaration of Independence)** ਕਰ ਦਿੱਤੀ। ਸੁਤੰਤਰਤਾ ਦੀ ਇਸ ਘੋਸ਼ਣਾ ਦੇ ਨਾਲ ਅਮਰੀਕੀ ਸੁਤੰਤਰਤਾ ਦਾ ਯੁੱਧ **(American War of Independence)** ਆਰੰਭ ਹੋ ਗਿਆ। ਅਮਰੀਕਾ ਦੀ ਸੁਤੰਤਰਤਾ ਦੀ ਘੋਸ਼ਣਾ 4 ਜੁਲਾਈ 1776, ਨੂੰ ਕੀਤੀ ਗਈ ਸੀ ਜਿਸ ਰਾਹੀਂ -

(1) ਅਮਰੀਕਾਂ ਦੀਆਂ ਸਾਰੀਆਂ ਬਸਤੀਆਂ ਸੁਤੰਤਰ ਹਨ ਅਤੇ ਇਹਨਾਂ ਨੂੰ ਸਮਾਨਤਾ ਦਾ ਦਰਜਾ ਪ੍ਰਾਪਤ ਹੈ।

(2) ਬਸਤੀਆਂ ਬਰਤਾਨਵੀ ਸਮਰਾਟ ਪ੍ਰਤੀ ਵਫਾਦਾਰੀ ਪ੍ਰਗਟਾਉਣ ਲਈ ਮਜਬੂਰ ਨਹੀਂ ਹਨ।

(3) ਬਸਤੀਆਂ ਅਤੇ ਬਰਤਾਨੀਆਂ ਵਿਚਕਾਰ ਸਾਰੇ ਸੰਬੰਧ ਸਮਾਪਤ ਕਰ ਦਿੱਤੇ ਗਏ ਹਨ।

(4) ਸੁਤੰਤਰ ਰਾਜ ਹੋਣ ਕਾਰਣ ਬਸਤੀਆਂ ਯੁੱਧ ਦੀ ਘੋਸ਼ਣਾ ਕਰਦੀਆਂ ਹਨ।

(5) ਬਸਤੀਆਂ ਨੂੰ ਦੂਜੇ ਰਾਸ਼ਟਰਾਂ ਨਾਲ ਸੰਬੰਧ ਕਾਇਮ ਕਰਨ ਅਤੇ ਸੰਧੀਆਂ ਕਰਨ ਦੀ ਪੂਰਨ ਸੁਤੰਤਰਤਾ ਹੈ।

1776 ਦੀ ਅਮਰੀਕੀ ਸੁਤੰਤਰਤਾ ਦੀ ਘੋਸ਼ਣਾ ਵਿੱਚ ਇਹ ਕਿਹਾ ਗਿਆ ਹੈ ਕਿ ਸਾਰੇ ਲੋਕ ਸਮਾਨ ਪੈਦਾ ਹੋਏ ਹਨ। ਇਹ ਠੀਕ ਹੈ ਕਿ ਅਮਰੀਕਾ ਵਿੱਚ ਯੂਰਪੀ ਸਮਾਜ ਵਾਂਗ ਸਾਮੰਤੀ ਵਰਗ ਜਾਂ ਕੁਲੀਨ ਵਰਗ ਦੀ ਹੋਂਦ ਨਹੀ ਹੈ। ਕਿਉਂਕਿ ਯੂਰਪੀ ਦੇਸ਼ਾਂ ਦੇ ਲੋਕ ਇਹਨਾਂ ਵਿਵਸਥਾਵਾਂ ਤੋ ਤੰਗ ਆ ਕੇ ਹੀ ਅਮਰੀਕਾ ਵਿੱਚ ਵਸੇ ਸਨ। ਪਰੰਤੂ ਫਿਰ ਵੀ ਇਹ ਨਹੀ ਕਿਹਾ ਜਾ ਸਕਦਾ ਕਿ ਅਮਰੀਕਾ ਵਿੱਚ ਪੂਰਨ ਸਮਾਨਤਾ ਦੀ ਹੋਂਦ ਹੈ। ਅਮਰੀਕਾ ਵਿੱਚ ਭਾਵੇਂ ਸਮਾਨਤਾ ਦੇ ਸਿਧਾਂਤ ਦਾ ਪ੍ਰਚਾਰ ਕੀਤਾ ਗਿਆ ਹੈ, ਪਰੰਤੂ ਇਹ ਕੇਵਲ ਸਿਧਾਂਤਕ ਰੂਪ ਵਿੱਚ ਹੀ ਹੈ। ਵਿਵਹਾਰ ਵਿੱਚ ਅਮਰੀਕਾ ਦੇ ਗੋਰੇ ਲੋਕਾਂ ਨੂੰ ਕਾਲੇ ਹਬਸ਼ੀਆਂ ਤੋ ਸ੍ਰੇਸ਼ਠ ਸਮਝਿਆ ਜਾਂਦਾ ਹੈ ਅਤੇ ਉਹਨਾਂ ਨੂੰ ਕਾਲੇ ਹਬਸ਼ੀਆਂ ਦੇ ਮੁਕਾਬਲੇ ਰੁਜ਼ਗਾਰ ਦੇ ਵਧੇਰੇ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ। ਅਮਰੀਕਾ ਵਿੱਚ ਇਸਤਰੀਆਂ ਨੂੰ ਪੁਰਖਾਂ ਦੇ ਸਮਾਨ ਅਧਿਕਾਰ ਪ੍ਰਾਪਤ ਨਹੀ ਹਨ।ਅਮਰੀਕਾ ਵਿੱਚ ਇਸਤਰੀਆਂ ਨੂੰ 1920 ਵਿੱਚ ਵੋਟ ਦੇਣ ਦਾ ਅਧਿਕਾਰ ਪ੍ਰਦਾਨ ਕੀਤਾ ਗਿਆ ਸੀ। ਪਰੰਤੂ ਅਮਰੀਕਾ ਵਿੱਚ ਉੱਚ ਰਾਜਨੀਤਿਕ ਪਦਵੀਆਂ ਤੇ ਪੁਰਖਾਂ ਦੀ ਹੀ ਅਜਾਰੇਦਾਰੀ ਕਾਇਮ ਹੈ। ਅਮਰੀਕਾ ਵਿੱਚ ਆਰਥਿਕ ਖੇਤਰ ਵਿੱਚ ਵੀ ਕਾਫੀ ਜ਼ਿਆਦਾ ਅਸਮਾਨਤਾਵਾਂ ਮੌਜੂਦ ਹਨ।

ਅਮਰੀਕੀ ਸੁਤੰਤਰਤਾ ਦੀ ਘੋਸ਼ਣਾ ਅਮਰੀਕੀ ਸਰਕਾਰ ਦੇ ਦਰਸ਼ਨ ਅਤੇ ਵਿਸ਼ਵਾਸ ਨੂੰ ਬਿਲਕੁਲ ਸਪੱਸ਼ਟ ਕਰਦੀ ਹੈ। ਇਹ ਘੋਸ਼ਣਾ ਸੁਤੰਤਰਤ ਸਰਕਾਰ ਦੇ ਪੱਖ ਵਿੱਚ ਲਿਖੀ ਗਈ ਸੀ ਅਤੇ ਇਹ ਘੋਸ਼ਣਾ ਜੀਵਨ, ਸੁਤੰਤਰਤਾ ਅਤੇ ਸਮਾਨਤਾ ਦੇ ਮਨੁੱਖੀ ਅਧਿਕਾਰਾਂ ਨੂੰ ਉਜਾਗਰ ਕਰਦੀ ਹੈ। ਸੁਤੰਤਰਤਾ ਦੀ ਅਮਰੀਕੀ ਘੋਸ਼ਣਾ ਨੇ ਜਿੱਥੇ ਇਹਨਾਂ ਅਧਿਕਾਰਾਂ ਉੱਤੇ ਜ਼ੋਰ ਦਿੱਤਾ ਸੀ ਉੱਥੇ ਇਹ ਵੀ ਸਪਸ਼ਟ ਰੂਪ ਵਿੱਚ ਕਿਹਾ ਸੀ ਕਿ ਸਰਕਾਰ ਲੋਕਾਂ ਦੀ ਇੱਛਾ ਤੇ ਆਧਾਰਿਤ ਹੋਣੀ ਚਾਹੀਦੀ ਹੈ ਅਤੇ ਜਿਹੜੀ ਸਰਕਾਰ ਮਨੁੱਖੀ ਅਧਿਕਾਰਾਂ ਦੀ ਰੱਖਿਆ ਨਹੀ ਕਰ ਸਕਦੀ। ਉਸ ਸਰਕਾਰ ਨੂੰ ਖਤਮ ਕਰਨ ਲਈ ਅਤੇ ਉਸ ਦੀ ਥਾਂ ਤੇ ਨਵੀਂ ਸਰਕਾਰ ਸਥਾਪਿਤ ਕਰਨ ਦਾ ਅਧਿਕਾਰ ਲੋਕਾਂ ਨੂੰ ਪ੍ਰਾਪਤ ਹੈ।

### 1.1.4 ਸੰਵਿਧਾਨ ਦਾ ਨਿਰਮਾਣ

1776 ਵਿੱਚ ਇਨ੍ਹਾਂ ਬਸਤੀਆਂ ਦੇ ਪ੍ਰਤੀਨਿਧਾਂ ਨੇ ਇਕ ਮਹਾਂ ਸੰਘ (Confederation) ਦੀ ਸਥਾਪਨਾ ਕੀਤੀ। ਸੰਘ ਦੀ ਸਥਾਪਨਾ ਦੇ ਫੈਸਲੇ ਨੂੰ ਸਾਰੀਆਂ ਬਸਤੀਆਂ ਨੇ 1781 ਵਿੱਚ ਪ੍ਰਵਾਨ ਕਰ ਲਿਆ। ਇਸ ਮਹਾਂ ਸੰਘ ਦਾ ਨਾਮ ਸੰਯੁਕਤ ਰਾਜ ਅਮਰੀਕਾ ਰੱਖਿਆ ਗਿਆ। ਇਸ ਤਰ੍ਹਾਂ ਇਹ ਬਸਤੀਆਂ ਸੁਤੰਤਰ ਰਾਜ ਦਾ ਰੂਪ ਧਾਰਨ ਕਰ ਗਈਆਂ। ਇਸ ਵਿੱਚ ਹਰ ਰਾਜ ਦੀ ਖੁਦਮੁਖਤਾਰੀ ਦੀ ਸੁਰੱਖਿਆ ਕੀਤੀ ਗਈ। ਉਨ੍ਹਾਂ ਰਾਜਾਂ ਨੇ ਮਹਾਂ ਸੰਘ ਦੀ ਸਰਕਾਰ ਨੂੰ ਕੁਝ ਸਾਂਝੇ ਮਹੱਤਵਪੂਰਨ ਵਿਸ਼ੇ ਸੌਂਪੇ। ਉਹ ਸਾਂਝੇ ਵਿਸ਼ੇ ਹਨ :ਸਾਂਝੀ ਸੁਰੱਖਿਆ, ਉਨ੍ਹਾਂ ਦੀ ਸੁਤੰਤਰਤਾ ਦੀ ਰਾਖੀ, ਉਨ੍ਹਾਂ ਦੇ ਆਪਸੀ ਸੰਬੰਧ ਅਤੇ ਆਮ ਕਲਿਆਣ। ਇਸ ਤਰ੍ਹਾਂ ਇਕ ਸੰਵਿਧਾਨ ਦਾ ਨਿਰਮਾਣ ਹੋ ਗਿਆ, ਜਿਸ ਦੇ ਅਨੁਛੇਦ 2 ਵਿੱਚ ਸਪਸ਼ਟ ਤੌਰ ਤੇ ਲਿਖਿਆ ਗਿਆ ਕਿ ਹਰ ਰਾਜ ਦੀ ਆਪਣੀ ਪ੍ਰਭੂਸੱਤਾ ਦਾ ਆਪ ਮਾਲਕ ਹੈ ਅਤੇ ਇਹ ਸ਼ਕਤੀ ਮਹਾਂਰਾਜ ਨੂੰ ਨਹੀਂ ਸੌਂਪੀ ਗਈ। ਕਿਸੇ ਰਾਜ ਦੇ ਨਾਗਰਿਕਾਂ ਨਾਲ ਕਿਸੇ ਪ੍ਰਕਾਰ ਦਾ ਵਿਤਕਰਾ ਨਹੀ ਹੋਵੇਗਾ। ਇਸ ਸੰਘ ਵਿੱਚ ਕੇਂਦਰੀ ਸਰਕਾਰ ਦਾ ਸੰਗਠਨ ਬੜਾ ਸਾਧਾਰਣ ਸੀ। ਕਾਂਗਰਸ ਹੀ ਮਹਾਂ ਸੰਘ ਦੀ ਮੁੱਖ ਸੰਸਥਾ ਸੀ। ਕਾਂਗਰਸ ਦਾ ਉਸ ਸਮੇਂ ਇਕ ਸਦਨ ਸੀ ਅਤੇ ਰਾਜਾਂ ਦੇ ਪ੍ਰਤੀਨਿਧੀ ਭੇਜੇ ਜਾਂਦੇ ਸਨ। ਰਾਜਾਂ ਦੇ ਪ੍ਰਤੀਨਿਧਾਂ ਦੀ ਚੋਣ ਰਾਜਾਂ ਦੇ ਵਿਧਾਨ ਮੰਡਲਾਂ ਦੁਆਰਾ ਕੀਤੀ ਜਾਂਦੀ ਸੀ। ਹਰ ਰਾਜ ਨੂੰ ਘੱਟ ਤੋ ਘੱਟ ਅਤੇ ਵੱਧ ਤੋ ਵੱਧ ਸੱਤ ਮੈਂਬਰ ਕਾਂਗਰਸ ਵਿੱਚ ਭੇਜਣ ਦਾ ਅਧਿਕਾਰ ਸੀ, ਪਰੰਤੂ ਹਰ ਰਾਜ ਨੂੰ ਕੇਵਲ ਇਕ ਹੀ ਵੋਟ ਦੇਣ ਦਾ ਅਧਿਕਾਰ ਹੁੰਦਾ ਸੀ। ਉਨ੍ਹਾਂ ਪ੍ਰਤੀਨਿਧਾਂ ਨੂੰ ਤਨਖਾਹ ਵੀ ਆਪਣੇ ਆਪਣੇ ਰਾਜਾਂ ਵਿੱਚੋਂ ਮਿਲਦੀ ਸੀ। ਸੰਬੰਧਿਤ ਰਾਜ ਉਨ੍ਹਾਂ ਨੂੰ ਵਾਪਸ ਵੀ ਬੁਲਾ ਸਕਦੇ ਸਨ।

ਮਹਾਂ ਸੰਘ ਦੇ ਸੰਵਿਧਾਨ ਦੇ ਕਿਸੇ ਕਾਰਜ ਪਾਲਿਕਾ (Executie Authority) ਦੀ ਵਿਵਸਥਾ ਨਹੀ ਕੀਤੀ ਸੀ। ਜਦੋ ਕਾਂਗਰਸ ਦਾ ਸਮਾਗਮ ਨਹੀ ਹੋ ਰਿਹਾ ਹੁੰਦਾ ਸੀ ਤਾਂ ਮਹਾਂ ਸੰਘ ਦੇ ਕੰਮਾਂ ਦਾ ਪ੍ਰਬੰਧ ਇਕ ਅਜਿਹੀ ਸੰਮਤੀ ਦੁਆਰਾ ਚਲਾਇਆ ਜਾਂਦਾ ਸੀ ਜਿਸ ਵਿੱਚ ਹਰੇਕ ਰਾਜ ਦਾ ਇਕ ਪ੍ਰਤੀਨਿਧ ਹੁੰਦਾ ਸੀ। ਕਾਂਗਰਸ ਰਾਜਾਂ ਦੇ ਝਗੜਿਆਂ ਨੂੰ ਹੱਲ ਕਰਨ ਲਈ ਇਕ ਅਦਾਲਤ ਦੇ ਰੂਪ ਵਿੱਚ ਕੰਮ ਕਰਦੀ ਸੀ।

### 1.1.5 ਕਮਜ਼ੋਰ ਮਹਾਂ ਸੰਘ

ਇਹ ਮਹਾਂ ਸੰਘ ਕਾਫੀ ਕਮਜ਼ੋਰ ਸੀ, ਕਿਉਂਕਿ ਇਸ ਦੀ ਕੇਵਲ ਇਕ ਹੀ ਸੰਸਥਾ-ਕਾਂਗਰਸ ਸੀ, ਜਿਸ ਕੋਲ ਬਹੁਤ ਸੀਮਿਤ ਸ਼ਕਤੀਆਂ ਸਨ। ਉਹ ਕੇਵਲ ਉਨ੍ਹਾਂ ਸ਼ਕਤੀਆਂ ਦਾ ਹੀ ਪ੍ਰਯੋਗ ਕਰ ਸਕਦੀ ਸੀ ਜਿਹੜੀਆਂ ਕਿ ਉਸ ਨੂੰ ਮਹਾਂ ਸੰਘ ਦੀ ਸਥਾਪਨਾ ਸਮੇਂ ਮਿਲਿਆਂ ਸਨ। ਵੇਖਣ ਵਿੱਚ ਤਾਂ ਭਾਵੇ ਕਾਂਗਰਸ ਦੀਆਂ ਸ਼ਕਤੀਆਂ ਵਿਸ਼ਾਲ ਸਨ ਜਿਵੇ ਵਿਦੇਸ਼ਾਂ ਨਾਲ ਸੰਧੀ ਕਰਨਾ, ਸਿੱਕੇ ਦੀ ਕੀਮਤ ਨਿਸ਼ਚਿਤ

ਕਰਨਾ, ਡਾਕ ਪ੍ਰਣਾਲੀ ਦੀ ਸਥਾਪਨਾ, ਸੈਨਿਕ ਅਧਿਕਾਰੀਆਂ ਦੀਆਂ ਨਿਯੁਕਤੀਆਂ ਆਦਿ। ਪਰੰਤੂ ਇਨ੍ਹਾਂ ਸਾਰੇ ਨਿਰਣਿਆਂ ਲਈ ਘੱਟੋ ਘੱਟ ਨੌ ਰਾਜਾਂ ਦੀ ਸਹਿਮਤੀ ਜ਼ਰੂਰੀ ਸੀ। ਕਾਂਗਰਸ ਕੋਲ ਕੋਈ ਅਜਿਹੀ ਸ਼ਕਤੀ ਨਹੀ ਸੀ ਕਿ ਜਿਸ ਨਾਲ ਉਹ ਆਪਣੇ ਨਿਯਮਾਂ ਦੀ ਪਾਲਣਾ ਵੀ ਕਰਵਾ ਸਕਦੀ ਸਗੋ ਇਸ ਨੂੰ ਰਾਜਾਂ ਦੀਆਂ ਸਰਕਾਰਾਂ ਤੇ ਨਿਰਭਰ ਕਰਨਾ ਪੈਦਾ ਸੀ। ਉਦਾਹਰਣ ਵਜੋ ਜੇ ਕੋਈ ਰਾਜ ਕਾਂਗਰਸ ਦੀਆਂ ਸੰਧੀਆਂ ਦੀ ਪਾਲਣਾ ਨਾ ਕਰਦਾ ਤਾਂ ਕਾਂਗਰਸ ਕੋਲ ਕੋਈ ਅਜਿਹੀ ਸ਼ਕਤੀ ਨਹੀ ਸੀ ਜਿਸ ਨਾਲ ਆਪਣੇ ਕਰਨ ਦੀ ਪਾਲਣਾ ਕਰਵਾ ਸਕਦੀ।

ਭਾਵੇਂ ਇਹ ਮਹਾਂ ਸੰਘ (Confederation) ਵਿੱਚ ਬਹੁਤ ਤਰੁੱਟੀਆਂ ਸਨ, ਫਿਰ ਵੀ ਇਸ ਦੀ ਕਾਂਗਰਸ ਨੇ ਇਸ ਸੁਤੰਤਰਤਾ ਯੁੱਧ ਵਿੱਚ ਸਫਲਤਾ ਪ੍ਰਾਪਤ ਕੀਤੀ, ਪਰ ਯੁੱਧ ਤੋ ਉਪਰੰਤ ਹੋਈਆਂ ਸਮੱਸਿਆਵਾਂ ਨੂੰ ਇਹ ਕਾਂਗਰਸ ਸੁਲਝਾ ਨਾ ਸਕੀ ਅਤੇ ਰਾਜ ਦੀ ਆਰਥਿਕ ਵਿਵਸਥਾ ਬਹੁਤ ਕਮਜ਼ੋਰ ਹੋ ਗਈ ਤੇ ਕੀਮਤਾਂ ਵਿੱਚ ਬਹੁਤ ਵਾਧਾ ਹੋਇਆ। ਆਰਥਿਕ ਵਿਵਸਥਾ ਦੇ ਵਿਗੜਨ ਨਾਲ ਵੱਖਵਾਦੀ ਤੇ ਅਲਗਾਓਵਾਦੀ ਪ੍ਰਵਿਰਤੀਆਂ ਪੈਦਾ ਹੋ ਗਈਆਂ ਤੇ ਸਪੱਸ਼ਟ ਹੋ ਗਿਆ ਕਿ ਮਹਾਂ ਸੰਘ ਪ੍ਰਣਾਲੀ ਵਿੱਚ ਕੁਝ ਤਰੁੱਟੀਆਂ ਹਨ ਜੋ ਛੇਤੀ ਹੀ ਠੀਕ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਸੇ ਕਾਰਨ ਜਾਰਜ ਵਾਸ਼ਿੰਗਟਨ ਨੇ ਕਿਹਾ ਕਿ ਅਸੀ ਉਦੋ ਤੱਕ ਰਾਸ਼ਟਰ ਦਾ ਨਿਰਮਾਣ ਨਹੀ ਕਰ ਸਕਦੇ ਜਦੋਂ ਤਕ ਅਸੀ ਸਮੁੱਚੇ ਮਹਾਂ ਸੰਘ ਦੀ ਸ਼ਕਤੀ ਇਕ ਸੰਸਥਾ ਨੂੰ ਨਹੀ ਸੌਂਪਦੇ ਜੋ ਕਿ ਸਾਰੇ ਸੰਘ ਉੱਤੇ ਕੇਦਰ ਅਤੇ ਰਾਜਾਂ ਦੇ ਇਕੋ ਰੂਪ ਵਿੱਚ ਲਾਗੂ ਹੋ ਸਕੇ।

### 1.1.6 ਫਿਲਾਡੈਲਫੀਆ ਸੰਮੇਲਨ ਸੰਘਵਾਦ ਦੀ ਪ੍ਰਪੰਰਾ

ਮਹਾਂ ਸੰਘ ਦੇ ਸੰਵਿਧਾਨ ਦੀਆਂ ਤਰੁੱਟੀਆਂ ਦੂਰ ਕਰਨ ਲਈ ਫਿਲਾਡੈਲਫੀਆ ਵਿਖੇ 25 ਮਈ 1787 ਨੂੰ ਇਕ ਸੰਮੇਲਨ ਬੁਲਾਇਆ ਗਿਆ ਜਿਸ ਵਿੱਚ ਰਾਜਾਂ ਦੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਆਮ ਲੋਕਾਂ ਨੂੰ ਇਸ ਸੰਮੇਲਨ ਵਿੱਚ ਭਾਗ ਲੈਣ ਦਾ ਮੌਕਾ ਨਹੀਂ ਮਿਲਿਆ। ਹੁਣ ਸੰਮੇਲਨ ਕੋਲ ਪ੍ਰਸ਼ਨ ਸੀ ਕਿ ਇਸ ਵਰਤਮਾਨ ਸੰਵਿਧਾਨ ਵਿੱਚ ਸੰਸ਼ੋਧਨ ਕਰਨਾ ਹੈ ਜਾਂ ਕਿ ਨਵੇ ਸੰਵਿਧਾਨ ਦਾ ਨਿਰਮਾਣ ਕਰਨਾ ਹੈ? ਅਸਲ ਵਿੱਚ ਕਾਂਗਰਸ ਨੇ ਇਹ ਸੰਮੇਲਨ ਸੰਸ਼ੋਧਨ ਕਰਨ ਲਈ ਸੱਦਿਆ ਸੀ, ਪਰ ਰਾਜ ਨੇ ਆਪਣੇ ਪ੍ਰਤੀਨਿਧੀਆਂ ਨੂੰ ਸੁਧਾਰ ਕਰਨ ਲਈ ਪੱਕਾ ਕਰਕੇ ਭੇਜਿਆ ਸੀ, ਪਰ ਜਾਰਜ ਵਾਸ਼ਿੰਗਟਨ ਦਾ ਵਿਚਾਰ ਸੀ ਕਿ ਸੁਧਾਰ ਕੇਵਲ ਆਰਜ਼ੀ ਤੌਰ ਤੇ ਨਾ ਕੀਤੇ ਜਾਣ ਸਗੋ ਪੱਕੀਆਂ ਅਤੇ ਵਿਸ਼ਾਲ ਤਬਦੀਲੀਆਂ ਕੀਤੀਆਂ ਜਾਣ ਅਸਲ ਵਿੱਚ ਬਹੁਤ ਸਾਰੇ ਪ੍ਰਤੀਨਿਧੀ ਵੀ ਇਹ ਚਾਹੁੰਦੇ ਸਨ ਅਤੇ ਹੋਇਆ ਵੀ ਇਵੇਂ ਹੀ ਸੰਮੇਲਨ ਵਿੱਚ ਇਕ ਨਵੇ ਸੰਵਿਧਾਨ ਦਾ ਨਿਰਮਾਣ ਕਰਨ ਦਾ ਯਤਨ ਕੀਤਾ ਗਿਆ।

### 1.1.7 ਵਿਰਜੀਨੀਆਂ ਯੋਜਨਾ-ਦੋ ਸਦਨੀ ਵਿਧਾਨ ਮੰਡਲ

ਅਮਰੀਕਾ ਦੇ ਨਵੇ ਸੰਵਿਧਾਨ 'ਬਣਾਉਣ ਸਬੰਧੀ ਸੰਮੇਲਨ ਵਿੱਚ ਕਈ ਪ੍ਰਕਾਰ ਦੀਆਂ ਯੋਜਨਾਵਾਂ ਪੇਸ਼ ਕੀਤੀਆਂ ਗਈਆਂ। ਇਨ੍ਹਾਂ ਵਿੱਚ ਵਰਜੀਨੀਆਂ ਯੋਜਨਾ ਇਕ ਮਹੱਤਵਪੂਰਨ ਯੋਜਨਾ ਸੀ ਜਿਸ ਵਿੱਚ ਇਕ ਸ਼ਕਤੀਸ਼ਾਲੀ ਕੇਂਦਰੀ ਸਰਕਾਰ ਦੀ ਵਿਵਸਥਾ ਦਾ ਪ੍ਰਸਤਾਵ ਸੀ। ਇਸ ਯੋਜਨਾ ਅਧੀਨ ਮੰਡਲ ਦੇ ਦੋ ਸਦਨੀ ਹੋਣ ਦੀ ਸਿਫਾਰਿਸ਼ ਕੀਤੀ ਗਈ ਸੀ। ਹੇਠਲਾ ਸਦਨ ਪ੍ਰਤੱਖ ਰੂਪ ਵਿੱਚ ਲੋਕਾਂ ਦੁਆਰਾ ਚੁਣਿਆ ਜਾਵੇਗਾ ਅਤੇ ਉਪਰਲਾ ਸਦਨ ਹੇਠਲੇ ਸਦਨ ਦੁਆਰਾ ਚੁਣਿਆ ਜਾਵੇਗਾ। ਰਾਜਾਂ ਨੂੰ ਜਨ ਸੰਖਿਆ ਦੇ ਆਧਾਰ ਤੇ ਪ੍ਰਤੀਨਿਧਤਾ ਦਿਤੀ ਜਾਣੀ ਸੀ ਤੇ ਇਸ ਨੂੰ ਸਾਰੇ ਰਾਸ਼ਟਰੀ ਮਹੱਤਤਾ ਵਾਲੇ ਵਿਸ਼ਿਆਂ ਤੇ ਕਾਨੂੰਨ ਬਣਾਉਣ ਦਾ ਅਧਿਕਾਰ ਸੀ। ਇਸ ਯੋਜਨਾ ਅਧੀਨ ਕੇਂਦਰੀ ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਦੀ ਵੀ ਵਿਵਸਥਾ ਕੀਤੀ ਗਈ ਸੀ। ਸਰਕਾਰ ਨੂੰ ਟੈਕਸ ਲਾਉਣ ਦਾ ਅਧਿਕਾਰ ਵੀ ਸੌਂਪਿਆ ਗਿਆ ਸੀ, ਪੰਰਤੂ ਛੋਟੇ ਰਾਜਾਂ ਨੂੰ ਇਹ ਯੋਜਨਾ ਪਸੰਦ ਨਾ ਆਈ। ਉਨ੍ਹਾਂ ਦੇ ਵਿਚਾਰ ਸਨ ਕਿ ਬਹੁਤੀ ਵਸੋ ਵਾਲੇ ਰਾਜਾਂ ਦੀ ਪ੍ਰਤੀਨਿਧਤਾ ਵਸੋ ਦੇ ਆਧਾਰ ਤੇ ਬਹੁਤੀ ਹੋਵੇਗੀ ਤੇ ਉਨ੍ਹਾਂ ਦਾ ਬੋਲਬਾਲਾ ਹੋਵੇਗਾ ਅਤੇ ਛੋਟੇ ਰਾਜਾਂ ਦੇ ਹਿੱਤਾਂ ਦੀ ਸੁਰੱਖਿਆ ਖਤਰੇ ਵਿੱਚ ਹੋਵੇਗੀ। ਇਸੇ ਤਰ੍ਹਾਂ ਰਾਜਾਂ ਨੇ ਇਸ ਯੋਜਨਾ ਦਾ ਇਸ ਲਈ ਵਿਰੋਧ ਕੀਤਾ ਕਿ ਉਨ੍ਹਾਂ ਨੂੰ ਕੇਦਰ ਦੇ ਸ਼ਕਤੀਸ਼ਾਲੀ ਹੋਣ ਤੇ ਇਤਰਾਜ ਸੀ।

### 1.1.8 ਨਿਊ ਜ਼ਰਸੀ ਯੋਜਨਾ : ਇੱਕ ਸਦਨੀ ਵਿਧਾਨ ਮੰਡਲ

ਵਰਜੀਨੀਆ ਯੋਜਨਾ ਦੇ ਨਾਲ ਹੀ ਇਕ ਹੋਰ ਯੋਜਨਾ ਪੇਸ਼ ਕੀਤੀ ਗਈ ਜਿਹੜੀ ਕਿ ਨਿਊ ਜਰਸੀ ਯੋਜਨਾ ਦੇ ਨਾਮ ਨਾਲ ਪ੍ਰਸਿੱਧ ਹੈ। ਇਹ ਯੋਜਨਾ ਛੋਟੇ ਰਾਜਾਂ ਵੱਲੋ ਪੇਸ਼ ਹੋਈ। ਇਸ ਵਿੱਚ ਕੇਂਦਰ ਲਈ ਇਕ ਸਦਨੀ ਵਿਧਾਨ ਮੰਡਲ ਦਾ ਪ੍ਰਸਤਾਵ ਪੇਸ਼ ਕੀਤਾ ਗਿਆ। ਜਿਸ ਵਿੱਚ ਹਰ ਰਾਜ ਸਮਾਨ ਪ੍ਰਤੀਨਿਧਤਾ ਦੇਣ ਦੀ ਵਿਵਸਥਾ ਸੀ। ਇਸ ਵਿੱਚ ਕਿਸੇ ਨਵੇਂ ਸੰਵਿਧਾਨ ਦਾ ਪ੍ਰਸਤਾਵ ਤਾਂ ਪੇਸ਼ ਨਾ ਕੀਤਾ ਸਗੋਂ ਮਹਾਂ ਸੰਘ ਦੇ ਸੰਵਿਧਾਨ ਲਈ ਕੁਝ ਸੰਸ਼ੋਧਨ ਪੇਸ਼ ਕੀਤੇ ਗਏ। ਜਿਸ ਨਾਲ ਸਾਰੇ ਰਾਜ ਦੋ ਧੜਿਆਂ ਵਿੱਚ ਵੰਡੇ ਗਏ, ਇਕ ਉਹ ਜੋ ਰਾਜਾਂ ਨੂੰ ਵਧੇਰੇ ਸ਼ਕਤੀ ਦੇਣ ਦੇ ਹੱਕ ਵਿੱਚ ਸਨ ਅਤੇ ਦੂਜੇ ਜੋ ਸ਼ਕਤੀਸ਼ਾਲੀ ਕੇਂਦਰ ਦੇ ਹੱਕ ਵਿੱਚ ਸਨ।

### 1.1.9 ਕਨੈਕਟੀਕਟ ਸਮਝੌਤੇ ਜਾਂ ਦੋ ਸਦਨੀ ਵਿਧਾਨ ਮੰਡਲ ਦੀਆਂ ਸ਼ਕਤੀਆਂ

ਜਦੋ ਰਾਜਾਂ ਵਿੱਚ ਮਤਭੇਦ ਜ਼ਿਆਦਾ ਹੋ ਗਿਆ ਤਾਂ ਕਨੈਕਟੀਕਟ ਰਾਜ ਦੇ ਪ੍ਰਤੀਨਿਧੀਆਂ ਨੇ ਇਕ ਸਮਝੌਤੇ ਦੀ ਪੇਸ਼ਕਸ਼ ਕੀਤੀ ਜਿਸ

ਵਿੱਚ ਇਹ ਵਿਵਸਥਾ ਪੇਸ਼ ਕੀਤੀ ਗਈ ਕਿ ਵਿਧਾਨ ਮੰਡਲ ਦੇ ਉਪਰਲੇ ਸਦਨ ਵਿੱਚ ਸਾਰੇ ਰਾਜਾਂ ਨੂੰ ਬਰਾਬਰ ਦੀ ਪ੍ਰਤੀਨਿਧਤਾ ਦਿੱਤੀ ਜਾਵੇ ਅਤੇ ਹੇਠਲੇ ਸਦਨ ਵਿੱਚ ਵਸੋ ਦੇ ਆਧਾਰ ਤੇ ਪ੍ਰਤੀਨਿਧਤਾ ਦਿੱਤੀ ਜਾਵੇ, ਪਰੰਤੂ ਇਸ ਸਮੇਂ ਇਕ ਹੋਰ ਮਤਭੇਦ ਪੈਦਾ ਹੋ ਗਿਆ। ਉੱਤਰੀ ਰਾਜਾਂ ਦੇ ਪ੍ਰਤੀਨਿਧ ਕਾਂਗਰਸ ਨੂੰ ਵਪਾਰ ਅਤੇ ਜਹਾਜ਼ਰਾਨੀ ਨੂੰ ਨਿਰਮਤ ਕਰਨ ਦੀ ਸ਼ਕਤੀ ਪ੍ਰਦਾਨ ਕਰਨਾ ਚਾਹੁੰਦੇ ਸਨ ਅਤੇ ਦੱਖਣੀ ਰਾਜ ਵਿੱਚ ਸੁੰਝਾ ਨੂੰ ਆਪਣੇ ਹਿੱਤਾਂ ਦੇ ਵਿਰੁੱਧ ਸਮਝਦੇ ਸਨ। ਅੰਤ ਵਿੱਚ ਸਮਝੌਤਾ ਹੋਇਆ ਕਿ ਕਾਂਗਰਸ ਨੂੰ ਵਿਦੇਸ਼ੀ ਰਾਸ਼ਟਰਾਂ ਅਤੇ ਰਾਜ ਵਿੱਚ ਵਣਜ ਕਰਨ ਅਤੇ ਵਪਾਰ ਦੇ ਨਿਯਮ ਬਨਾਉਣ ਦੀ ਸ਼ਕਤੀ ਦਿੱਤੀ ਗਈ ਅਤੇ ਆਉਣ ਵਾਲੇ ਵੀਹ ਸਾਲਾਂ ਤੱਕ ਗੁਲਾਮਾਂ ਦੇ ਵਪਾਰ ਕਰਨ ਦੀ ਮਨਾਹੀ ਕੀਤੀ ਗਈ। ਰਾਜਾਂ ਨੂੰ ਖੁਸ਼ ਕਰਨ ਲਈ ਇਹ ਵਿਵਸਥਾ ਦਾ ਸੁਝਾਅ ਦਿੱਤਾ ਗਿਆ ਕਿ ਰਾਸ਼ਟਰਪਤੀ ਦੁਆਰਾ ਕੀਤੀਆਂ ਸੰਧੀਆਂ ਸੈਨੇਟ ਦੇ ਦੋ-ਤਿਹਾਈ ਮੈਂਬਰਾਂ ਦੇ ਬਹੁਮਤ ਦੁਆਰਾ ਪ੍ਰਵਾਨ ਹੋਣੀਆਂ ਲਾਜ਼ਮੀ ਹਨ। ਇਸ ਪ੍ਰਕਾਰ ਅਮਰੀਕਾ ਵਿੱਚ ਦੋ ਸਦਨੀ ਵਿਧਾਨ ਮੰਡਲ ਦੀ ਪ੍ਰੰਪਰਾ ਬਣ ਗਈ।

### 1.1.10 ਸੰਵਿਧਾਨ ਦਾ ਸੰਪੂਰਣ ਹੋਣਾ

ਕਈ ਪ੍ਰਕਾਰ ਦੇ ਮਤਭੇਦ ਹੋਣ ਦੇ ਬਾਵਜੂਦ 26 ਜੁਲਾਈ 1787 ਨੂੰ ਨਵੇ ਸੰਵਿਧਾਨ ਦੀਆਂ ਮੁੱਖ ਧਾਰਾਵਾਂ ਸੰਬੰਧੀ ਅੰਤਿਮ ਨਿਰਣਾ ਕਰ ਲਿਆ ਗਿਆ। ਸਾਰੇ ਰਾਜ ਇਸ ਗੱਲ ਨਾਲ ਸਹਿਮਤ ਸਨ ਕਿ ਅਮਰੀਕਾ ਵਿੱਚ ਗਣਤੰਤਰੀ ਲੋਕਤੰਤਰ ਦੀ ਵਿਵਸਥਾ ਹੋਵੇ ਅਤੇ ਰਾਸ਼ਟਰਪਤੀ ਸ਼ਕਤੀਆਂ ਸਰਕਾਰ ਦੇ ਵਿਧਾਨਕ, ਕਾਰਜਕਾਰੀ ਅਤੇ ਨਿਆਂਇਕ ਮੱਦਾਂ ਵਿੱਚ ਵੰਡੀਆਂ ਜਾਣ। 17 ਸਤੰਬਰ 1787 ਤਕ ਰਾਜਾਂ ਦੇ 39 ਪ੍ਰਤੀਨਿਧੀਆਂ ਨੇ ਖਰੜੇ ਤੇ ਦਸਤਖਤ ਕਰ ਦਿੱਤੇ ਅਤੇ ਇਸ ਨਾਲ ਫਿਲਾਡੈਲਫੀਆ ਕਨਵੈਸ਼ਨ ਦੇ ਕਾਰਜ ਦੀ ਪੂਰਤੀ ਹੋ ਗਈ। ਇਸ ਖਰੜੇ ਤੇ ਹਾਲੀ ਬਾਕੀ ਰਾਜਾਂ ਦੀ ਪ੍ਰਵਾਨਗੀ ਦੀ ਲੋੜ ਸੀ। ਇਸ ਲਈ ਸੰਮੇਲਨ ਵਿਚ ਇਹ ਨਿਰਣਾ ਲਿਆ ਗਿਆ ਕਿ ਨਵਾਂ ਸੰਵਿਧਾਨ ਉਸ ਸਮੇਂ ਲਾਗੂ ਹੋਵੇਗਾ ਜਦੋ ਘੱਟ ਤੋਂ ਘੱਟ ਤਿੰਨ ਚੌਥਾਈ ਰਾਜ ਇਸ ਸੰਵਿਧਾਨ ਦੀ ਪੁਸ਼ਟੀ ਕਰ ਦੇਣਗੇ। ਇਹ ਪੁਸ਼ਟੀ ਵਿਸ਼ੇਸ਼ ਤੌਰ ਤੇ ਬਣਾਏ ਸੰਵਿਧਾਨ ਸੰਮੇਲਨ ਵਿੱਚ ਹੋਣੀ ਸੀ।

### 1.1.10.1 ਸੰਵਿਧਾਨ ਦਾ ਲਾਗੂ ਹੋਣਾ

ਭਾਵੇ ਨਵੇ ਸੰਵਿਧਾਨ ਦਾ ਕਈ ਪਾਸਿਆਂ ਤੋ ਵਿਰੋਧ ਹੋਇਆ, ਕਈ ਪ੍ਰਕਾਰ ਦੇ ਵਿਚਾਰਾਂ ਦਾ ਟਾਕਰਾ ਹੋਇਆ, ਸਾਰੇ ਰਾਜਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਨਵੇ ਸੰਵਿਧਾਨ ਵਿੱਚ ਅਧਿਕਾਰਾਂ ਦਾ ਕੋਈ ਜ਼ਿਕਰ ਨਹੀ ਹੈ, ਪਰ ਫਿਰ ਵੀ ਰਾਜਾਂ ਨੇ ਇਸ ਦੀ ਪੁਸ਼ਟੀ ਤੁਰੰਤ ਹੀ ਕਰ ਦਿੱਤੀ ਅਤੇ ਬਾਕੀ ਰਾਜਾਂ ਦੀ ਪੁਸ਼ਟੀ ਬਾਕੀ ਸੀ। ਹੌਲੀ ਹੌਲੀ ਦੂਜੇ ਰਾਜਾਂ ਦੁਆਰਾ ਵੀ ਪੁਸ਼ਟੀ ਕੀਤੀ ਜਾਣ ਲੱਗੀ। ਅੰਤ ਮਾਰਚ 1789 ਤੱਕ 10 ਰਾਜਾਂ ਨੇ ਇਸ ਦੀ ਪੁਸ਼ਟੀ ਕੀਤੀ ਸੀ। ਇਸ ਧੀਮੀ ਰਫਤਾਰ ਨੂੰ ਦੇਖਦੇ ਹੋਏ, ਅਮਰੀਕੀ ਨੇਤਾਵਾਂ ਨੇ ਪੁਸ਼ਟੀ ਕਰਵਾਉਣ ਦੀ ਇਕ ਜ਼ੋਰਦਾਰ ਮੁਹਿੰਮ ਸੁਰੂ ਕੀਤੀ। ਮਿਲਟੋਨ ਤੇ ਮੈਡੀਸਨ ਨੇ ਫੈਡਰਲਿਸਟ ਨਾਂ ਦੀ ਇਕ ਕਿਤਾਬ ਛਾਪੀ ਜਿਸ ਚ ਨਵੇ ਸੰਵਿਧਾਨ ਦੇ ਸਿਧਾਂਤ ਤੇ ਵਿਵਹਾਕ ਪੱਖ ਅਤੇ ਟਿੱਪਣੀਆਂ ਕੀਤੀਆਂ ਗਈਆਂ। ਨੌ ਹੋਰ ਰਾਜਾਂ ਨੇ ਪੁਸ਼ਟੀ ਕਰ ਦਿੱਤੀ। ਨਿਊਯਾਰਕ ਨੂੰ ਆਰਜ਼ੀ ਤੌਰ ਤੇ ਰਾਜਧਾਨੀ ਬਣਾਇਆ ਗਿਆ। ਜਾਰਜ ਵਾਸ਼ਿੰਗਟਨ ਇਸ ਨਵੇਂ ਰਾਜ ਦੇ ਸਰਬਸੰਮਤੀ ਨਾਲ ਰਾਸ਼ਟਰਪਤੀ ਨਿਯੁਕਤ ਕੀਤੇ ਗਏ। ਇਹੀ ਸੰਵਿਧਾਨ ਵਰਤਮਾਨ ਸਮੇਂ ਵੀ ਲਾਗੂ ਹੈ। ਭਾਵ ਸਮੇਂ ਸਮੇਂ ਸਿਰ ਇਸ ਵਿੱਚ ਸੰਸ਼ੋਧਨ ਵੀ ਹੁੰਦੇ ਆਏ ਹਨ, ਪਰ ਫਿਰ ਵੀ ਇਹ ਸੰਵਿਧਾਨ ਸੰਸਾਰ ਦੇ ਸੰਵਿਧਾਨਾਂ ਵਿੱਚੋਂ ਛੋਟਾ ਸੰਵਿਧਾਨ ਅਖਵਾਉਂਦਾ ਹੈ। ਇਸ ਵਿੱਚ 7 ਅਨੁਛੇਦ ਹਨ। ਬੜੀ ਅਚੰਭੇ ਵਾਲੀ ਗੱਲ ਹੈ ਕਿ ਲਗਭਗ ਦੋ ਸਾਲਾਂ ਵਿੱਚ ਕੇਵਲ ਛੱਬੀ ਸੋਧਾਂ ਹੀ ਹੋਈਆਂ ਹਨ।

ਇਸ ਚਰਚਾ ਉਪਰੰਤ ਅਸੀ ਕਹਿ ਸਕਦੇ ਹਾਂ ਕਿ ਅਮਰੀਕਾ ਦੇ ਸੰਵਿਧਾਨ ਦੇ ਲਾਗੂ ਹੋਣ ਤੱਕ ਕਈ ਪ੍ਰਕਾਰ ਦੀਆਂ ਨਵੀਆਂ ਪ੍ਰੰਪਰਾਵਾਂ ਵੀ ਉਪਜੀਆਂ ਹਨ ਜਿਨ੍ਹਾਂ ਦਾ ਵਿਸਥਾਰ ਅਸੀ ਅੱਗੇ ਕੀਤਾ ਹੈ, ਪਰੰਤੂ ਇੱਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਪ੍ਰਮੁੱਖ ਰੂਪ ਵਿੱਚ ਕਿਹੜੀਆਂ ਰਾਜਨੀਤਿਕ ਪ੍ਰੰਪਰਾਵਾਂ ਉਪਜੀਆਂ।

ਸਭ ਤੋ ਪਹਿਲੀ ਪਰੰਪਰਾ ਇਹ ਹੈ ਕਿ ਸੰਵਿਧਾਨ ਦਾ ਅਸਲੀ ਸਰੋਤ ਲੋਕ ਸ਼ਕਤੀ ਹੈ ਜਿਸ ਨਾਲ ਲੋਕ ਪ੍ਰਭੂਸਤਾ ਦਾ ਸਿਧਾਂਤ ਜੁੜਿਆ ਹੈ। ਜਿਸ ਦਾ ਜ਼ਿਕਰ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸਪੱਸ਼ਟ ਹੈ। ਸੀਮਿਤ ਸਰਕਾਰ ਦੀ ਧਾਰਨਾ ਵੀ ਇਸ ਰਾਜਨੀਤਿਕ ਇਤਿਹਾਸ ਦੀ ਉਪਜ ਹੈ। ਸਰਕਾਰ ਦੇ ਕਾਰਜ ਅਤੇ ਉਸ ਦੀਆਂ ਸ਼ਕਤੀਆਂ ਸੀਮਿਤ ਹਨ। ਇਨ੍ਹਾਂ ਨੂੰ ਸੀਮਿਤ ਕਰਨ ਲਈ ਰੋਕ ਅਤੇ ਸੰਤੁਲਨ ਦਾ ਸਿਧਾਂਤ ਲਾਗੂ ਕੀਤਾ ਗਿਆ ਹੈ ਅਤੇ ਸੰਵਿਧਾਨ ਨੂੰ ਸਰਵਉੱਚਤਾ ਪ੍ਰਦਾਨ ਕੀਤੀ ਗਈ ਹੈ। ਇੱਥੇ ਹੀ ਬਸ ਨਹੀ, ਕਠੋਰ ਸੰਵਿਧਾਨ ਦੀ ਸਥਾਪਨਾ ਵੀ ਰਾਜਨੀਤਿਕ ਪ੍ਰਰੰਪਰਾ ਤੇ ਆਧਾਰਿਤ ਹੈ। ਸੰਘ ਪ੍ਰਣਾਲੀ, ਪ੍ਰਧਾਨਾਤਮਕ ਸਰਕਾਰ ਦੀ ਵਿਵਸਥਾ, ਨਾਗਰਿਕਾਂ ਦੇ ਅਧਿਕਾਰ, ਬਾਕੀ ਬਚੀਆਂ ਸ਼ਕਤੀਆਂ ਦੀ ਧਾਰਨਾ, ਸ਼ਕਤੀਆਂ ਦੀ ਅਲੈਹਿਦਗੀ, ਦੋ ਸਦਨੀ ਵਿਧਾਨ ਮੰਡਲ, ਸ਼ਕਤੀਸ਼ਾਲੀ ਸੈਨੇਟ, ਨਿਆਂਇਕ ਨਿਰੀਖਣ, ਦੋ ਦਲ ਪ੍ਰਣਾਲੀ, ਉਦਾਰਵਾਦੀ, ਲੋਕਤੰਤਰ ਆਦਿ ਇਹ ਸਾਰੀਆਂ ਰਾਜਨੀਤਿਕ ਪ੍ਰੰਪਰਾਵਾਂ ਇਸ ਲੰਬੇ ਇਤਿਹਾਸ ਦੀ ਉਪਜ ਹਨ। ਇਹ ਪ੍ਰੰਪਰਾਵਾਂ ਅੱਜ ਵੀ ਇਨ੍ਹਾਂ ਉਪਰੋਕਤ ਸਿਧਾਂਤਾਂ ਨਾਲ ਜੁੜੀਆਂ ਹਨ, ਕਿਉਂਕਿ ਹਰ ਪ੍ਰੰਪਰਾ ਦਾ ਇਕ ਇਤਿਹਾਸ ਹੈ ਅਤੇ ਉਹ

ਕਿਸੇ ਨਾ ਕਿਸੇ ਸਿਧਾਂਤ ਸੰਵਿਧਾਨ ਵੀ ਕਈ ਪ੍ਰਕਾਰ ਦੀਆਂ ਰਾਜਨੀਤਿਕ ਪ੍ਰੰਪਰਾਵਾਂ ਤੇ ਆਧਾਰਿਤ ਹੈ। ਉਨ੍ਹਾਂ ਪਰੰਪਰਾਵਾਂ ਦਾ ਇਕ ਲੰਮਾ ਇਤਿਹਾਸ ਹੈ ਕਿ ਜਿਸ ਨੂੰ ਵਿਚਾਰਨ ਉਪਰੰਤ ਅਸੀ ਇਹ ਨਿਰਣੇ ਤੇ ਪੁੱਜਦੇ ਹਾਂ ਕਿ ਅਮਰੀਕਾ ਦੀਆਂ ਰਾਜਨੀਤਿਕ ਪਰੰਪਰਾਵਾਂ ਦੇ ਹੇ ਠ ਲਿਖੇ ਤੱਤ ਹਨ:

1. ਅਮਰੀਕੀ ਲੋਕ ਆਪਣੇ ਅਧਿਕਾਰਾਂ ਬਾਰੇ ਬੜੇ ਜਾਗਰੂਕ ਹਨ। ਉਹ ਆਪਣੀਆਂ ਰਾਜਨੀਤਿਕ ਸੰਸਥਾਵਾਂ ਨੂੰ ਭਲੀ-ਭਾਂਤ ਜਾਣਦੇ ਹਨ ਅਤੇ ਉਨ੍ਹਾਂ ਨੂੰ ਸਵੀਕਾਰ ਕਰਦੇ ਹਨ ਅਤੇ ਆਪਣੇ ਅਧਿਕਾਰਾਂ ਅਤੇ ਮਾਨਵੀ ਅਧਿਕਾਰਾਂ ਦਾ ਸਨਮਾਨ ਕਰਦੇ ਹਨ।
2. ਵਧੇਰੇ ਅਮਰੀਕੀ ਲੋਕ ਆਪਣੀਆਂ ਰਾਜਨੀਤਿਕ ਸੰਸਥਾਵਾਂ ਪ੍ਰਤੀ ਸਾਕਾਰ ਰੂਪ ਵਿੱਚ ਗੌਰਵ ਪ੍ਰਾਪਤ ਕਰਦੇ ਹਨ, ਕਿਉਂਕਿ ਇਹ ਲਗਭਗ ਦੋ ਸੌ ਸਾਲਾਂ ਦੀ ਇਤਿਹਾਸਕ ਉਪਜ ਹਨ। ਉਹ ਇਨ੍ਹਾਂ ਤੋ ਵੱਖ ਨਹੀ ਹੋਣਾ ਚਾਹੁੰਦੇ।
3. ਵੱਖ-ਵੱਖ ਆਰਥਿਕ, ਸਮਾਜਕ ਅਤੇ ਰਾਜਨੀਤਿਕ ਵਿਵਸਥਾਵਾਂ ਦੇ ਬਾਵਜੂਦ ਇਨ੍ਹਾਂ ਵਿੱਚ ਨਿਰੰਤਰਤਾ ਰਹੀ ਹੈ। ਜਾਂ ਇਉਂ ਕਹਿ ਸਕਦੇ ਹਾਂ ਕਿ ਹਰ ਪ੍ਰਕਾਰ ਦੀਆਂ ਸਮਾਜਕ, ਰਾਜਨੀਤਿਕ ਅਤੇ ਆਰਥਿਕ ਵਿਭਿੰਨਤਾਵਾਂ ਦੇ ਬਾਵਜੂਦ ਰਾਜਨੀਤਿਕ ਪ੍ਰੰਪਰਾਵਾਂ ਹੋਂਦ ਵਿੱਚ ਆਈਆਂ ਜੋ ਸਾਰਿਆਂ ਨੇ ਸਵੀਕਾਰ ਕੀਤੀਆਂ ਹਨ।
4. ਵਿਅਕਤੀਤਵ ਅਤੇ ਸਮਾਜਿਕ ਵਿਕਾਸ ਦੇ ਮਹੱਤਵਪੂਰਨ ਲੱਛਣ ਹਨ ਜਿਨ੍ਹਾਂ ਨੇ ਇਨ੍ਹਾਂ ਪ੍ਰੰਪਰਾਵਾਂ ਦੀ ਉਪਜ ਵਿੱਚ ਸਹਿਯੋਗ ਦਿੱਤਾ ਹੈ। ਇਸ ਦੇ ਨਾਲ ਹੀ ਅਸੀ ਕਹਿ ਸਕਦੇ ਹਾਂ ਕਿ ਸਮਾਜਿਕ ਵਿਕਾਸ ਵਿੱਚ ਸਰਕਾਰ ਨੇ ਦਖਲ- ਅੰਦਾਜ਼ੀ ਨਹੀ ਕੀਤੀ। ਇਸ ਨਾਲ ਅਮਰੀਕਨ ਲੋਕਾਂ ਦੇ ਵਿਕਤੀਤਵ ਦਾ ਵਿਕਾਸ ਲਗਾਤਾਰ ਹੁੰਦਾ ਆਇਆ ਹੈ ਅਤੇ ਹੋ ਰਿਹਾ ਹੈ ਇਹੀ ਵੱਡਾ ਕਾਰਨ ਹੈ ਕਿ ਅਮਰੀਕਨ ਰਾਜਨੀਤਿਕ ਪਰੰਪਰਾਵਾਂ ਵਿਕਸਿਤ ਹੋਈਆਂ ਤੇ ਹਾਲਾਂ ਤੱਕ ਪ੍ਰਵਾਨਿਤ ਹਨ।
5. ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਅਮਰੀਕੀ ਲੋਕ ਆਪਣੀਆਂ ਰਾਜਨੀਤਿਕ ਸੰਸਥਾਵਾਂ ਪਰੰਪਰਾਵਾਂ ਬਾਰੇ ਪੂਰੀ ਤਰ੍ਹਾਂ ਸੁਚੇ ਤ ਹਨ ਕਿ ਇਨ੍ਹਾਂ ਤੋ ਕੀ ਲਾਭ ਹੈ ਤੇ ਕੀ ਹਾਨੀ, ਸਰਕਾਰ ਦੀਆਂ ਕੀ ਨੀਤੀਆਂ ਹਨ ਤੇ ਇਹ ਇਨ੍ਹਾਂ ਰਾਜਨੀਤਿਕ ਪਰੰਪਰਾਵਾਂ ਤੇ ਆਧਾਰਿਤ ਹਨ ਕਿ ਨਹੀ। ਕੀ ਇਹ ਰਾਜਨੀਤਿਕ ਉਦੇਸ਼ ਦੀ ਪੂਰਤੀ ਕਰਦੀਆਂ ਹਨ ਕਿ ਨਹੀ।
6. ਅਮਰੀਕਾ ਦੇ ਰਾਜਨੀਤਿਕ ਵਿਵਹਾਰ ਵਿੱਚ ਵਿਅਕਤੀ ਦੇ ਨਿੱਜੀ ਲਾਭਾਂ ਦਾ ਪ੍ਰਮੁੱਖ ਧਿਆਨ ਰੱਖਿਆ ਜਾਂਦਾ ਹੈ। ਇਸੇ ਲਈ ਉੱਥੇ free trade ਵਿਅਕਤੀਗਤ ਲਾਭ ਦੀਆਂ ਧਾਰਨਾਵਾਂ ਉਪਲਬਧ ਹਨ।
7. ਹਰ ਰਾਜਨੀਤਿਕ ਸੰਸਥਾ ਦੀ ਸਫਲਤਾ ਪਦਾਰਥਕ ਉੱਨਤੀ ਤੇ ਨਿਰਭਰ ਕਰਦੀ ਹੈ। ਇਸ ਲਈ ਅਮਰੀਕਾ ਵਿੱਚ ਸਾਇੰਸ, ਉਦਯੋਗ ਤਕਨੀਕੀ ਉੱਨਤੀ ਉੱਥੇ ਦੀ ਰਾਜਨੀਤੀ ਦੀ ਆਧਾਰਸ਼ਿਲਾ ਹੈ।
8. ਅਮਰੀਕੀ ਲੋਕਾਂ ਨੂੰ ਆਤਮ ਵਿਸ਼ਵਾਸ ਹੈ, ਉਹ ਆਪਣੇ ਆਪ ਨੂੰ ਹਰ ਕੰਮ ਦੇ ਯੋਗ ਸਮਝਦੇ ਹਨ। ਉਹ ਰਾਜਨੀਤਿਕ ਇਕਰੂਪਤਾ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਇਹ ਦੋਨੋ ਗੱਲਾਂ ਹੀ ਉੱਥੇ ਦੇ ਰਾਜਨੀਤਿਕ ਸੰਸਥਾ ਦੀਆਂ ਆਧਾਰਸ਼ਿਲਾ ਹਨ।
9. ਭਾਵੇ ਅੱਜ ਉੱਥੇ ਕਈ ਪ੍ਰਕਾਰ ਦੀਆਂ ਤਰੁੱਟੀਆਂ ਆ ਗਈਆਂ ਹਨ ਜਿਹੜੀਆਂ ਕਿ ਰਾਜਨੀਤਿਕ ਪ੍ਰੰਪਰਾਵਾਂ ਲਈ ਘਾਤਕ ਹਨ ਜਿਵੇ ਕਿ ਰਾਜਨੀਤੀ ਵਿੱਚ ਅਵਿਸ਼ਵਾਸ ਤੇ ਰਾਜਨੀਤੀ ਵਿੱਚ ਘੱਟ ਦਿਲਚਸਪੀ ਲੈਣਾ ਆਦਿ ਅਤੇ ਸਮਾਜ ਵਿਗਿਆਨੀ ਇਸ ਵੱਲ ਵਧੇਰੇ ਧਿਆਨ ਦੇ ਰਹੇ ਹਨ, ਪਰ ਫਿਰ ਵੀ ਸਮੁੱਚਾ ਅਮਰੀਕੀ ਸਮਾਜ ਇਨ੍ਹਾਂ ਪਰੰਪਰਾਵਾਂ ਪ੍ਰਤੀ ਵਚਨਬਧ ਹੈ ਇਨ੍ਹਾਂ ਨੂੰ ਪੂਰੀ ਮਾਨਤਾ ਦਿੰਦਾ ਹੈ ਅਤੇ ਇਹੀ ਕਾਰਨ ਹੈ ਕਿ ਇਹ ਅੱਜ ਵੀ ਇੰਨ ਬਿੰਨ ਪ੍ਰਚਲਤ ਹੈ।

### 1.1.10.2 ਸੰਵਿਧਾਨ ਦੇ ਨਵੇਂ ਸਿਰੇ ਤੋਂ ਵਿਚਾਰ

ਸੰਨ 1776 ਤਕ ਸੰਯੁਕਤ ਰਾਜ ਅਮਰੀਕਾ ਹੋਂਦ ਵਿੱਚ ਆਇਆ ਸੀ, ਸਗੋ ਇਹ ਵੱਖ-ਵੱਖ ਤੇਰ੍ਹਾਂ ਬਸਤੀਆਂ ਵਿੱਚ ਵੰਡਿਆ ਹੋਇਆ ਸੀ, ਜਿਨ੍ਹਾਂ ਉੱਤੇ ਬਰਤਾਨੀਆਂ ਦਾ ਰਾਜ ਸੀ। ਸਾਰੀਆਂ ਨੌ ਬਸਤੀਆਂ ਨੂੰ ਅੰਦਰੂਨੀ ਮਾਮਲਿਆਂ ਵਿਚ ਕਾਫੀ ਖੁਦਮੁਖਤਿਆਰੀ ਪ੍ਰਾਪਤ ਸੀ, ਪਰ ਜਰੂਰੀ ਤੇ ਪ੍ਰਮੁੱਖ ਮਾਮਲਿਆਂ ਵਿੱਚ ਅਸਲ ਅਖਤਿਆਰ ਬਰਤਾਨੀਆ ਸਰਕਾਰ ਪਾਸ ਸਨ। ਇਹੀ ਉਹ ਗੱਲ ਸੀ ਜਿਸ ਦਾ ਵਿਰੋਧ ਨੌ ਬਸਤੀਆਂ ਕਰਦੀਆਂ ਸਨ ਜਿਸ ਦਾ ਅੰਤਿਮ ਸਿੱਟਾ 'ਆਜ਼ਾਦੀ ਦਾ ਐਲਾਨ' (Declatration of Independence) ਵਿੱਚ ਨਿਕਲਿਆ ਸੀ। ਬਰਤਾਨਵੀ ਸਰਕਾਰ ਵਿਰੁੱਧ ਸਾਂਝੀ ਨੀਤੀ ਅਪਨਾਉਣ ਲਈ ਸਾਰੀਆਂ ਤੇਰ੍ਹਾਂ ਬਸਤੀਆਂ ਨੂੰ ਇਕੱਠਿਆਂ ਕਰਨ ਦੇ ਯਤਨ ਹੋਣ ਲੱਗੇ।

ਇਹਨਾਂ ਬਸਤੀਆਂ ਨੇ ਜਾਰਜ ਵਾਸ਼ਿੰਗਟਨ ਦੀ ਅਗਵਾਈ ਅਧੀਨ ਆਜ਼ਾਦੀ ਦਾ ਡੰਕਾ ਵਜਾ ਦਿੱਤਾ ਅਤੇ 1776 ਵਿੱਚ Article of Condederation ਦੁਆਰਾ ਆਜ਼ਾਦੀ ਦਾ ਐਲਾਨ ਕਰ ਦਿੱਤਾ ਅਤੇ ਇਸ ਤਰ੍ਹਾਂ ਅਮਰੀਕਨ ਮਹਾਂ ਸੰਘ (confederation)

ਦਾ ਜਨਮ ਹੋਇਆ। ਪਰੰਤੂ ਇਹ ਇਕ ਕਮਜ਼ੋਰ ਸੰਘੀ ਵਿਸ਼ਵਾਸ ਸੀ। ਕੁਝ ਸਮੇਂ ਬਾਅਦ ਇਕ ਸ਼ਕਤੀਸ਼ਾਲੀ ਸੰਘ ਬਨਾਉਣ ਦੇ ਵਿਚਾਰ ਨੇ ਜ਼ੋਰ ਪਕੜਿਆ। 25 ਮਈ 1787 ਨੂੰ ਫਿਲਾਡੈਲਫੀਆ ਸੰਮੇਲਨ ਸ਼ੁਰੂ ਹੋਇਆ ਤਾਂ ਕਿ ਜਿਸ ਵਿੱਚ ਸੰਵਿਧਾਨ ਉੱਤੇ ਨਵੇ ਸਿਰੇ ਤੌਂ ਵਿਚਾਰ ਕੀਤਾ ਜਾਵੇ।

ਇਸ ਗੱਲ ਦਾ ਆਰੰਭ ਵਿਚ ਇਹ ਫੈਸਲਾ ਕਰ ਲਿਆ ਗਿਆ ਕਿ ਸੰਵਿਧਾਨ ਕੇਵਲ ਉਦੋ ਲਾਗੂ ਹੋਵੇਗਾ ਜਦੋ ਕਿ 13 ਰਾਜਾਂ ਵਿੱਚ ਘੱਟੋ ਘੱਟ 9 ਰਾਜ ਇਸ ਦੀ ਪੁਸ਼ਟੀ ਕਰਨਗੇ। ਨਵੇ ਸੰਵਿਧਾਨ ਦੀ ਪੁਸ਼ਟੀ ਕੋਈ ਸੌਖੀ ਪ੍ਰਤੀਤ ਹੁੰਦੀ ਸੀ, ਕਿਉਕਿ ਇਹ ਸੰਵਿਧਾਨ ਫਿਲੇ ਡੈਲਫੀਆ ਸੰਮੇਲਨ ਵਿੱਚ ਭਾਗ ਲੈਣ ਵਾਲੇ ਰਾਜਾਂ ਦੀਆਂ ਮੁੱਢਲੀਆਂ ਹਦਾਇਤਾਂ ਤੋਂ ਬਹੁਤ ਦੂਰ ਚਲਾ ਗਿਆ ਸੀ ਤੇ ਕਨਫੈਡਰੇਸ਼ਨ ਤੋ ਅੰਤਰ-ਨਿਯਮਾਂ ਦੀ ਥਾਂ ਇਕ ਅਸਲੋ ਨਵਾਂ ਸੰਵਿਧਾਨ ਤਿਆਰ ਕਰ ਲਿਆ ਗਿਆ ਸੀ ਪਰ ਫਿਰ ਵੀ 21 ਜੂਨ, 1787 ਤਕ 9 ਰਾਜਾਂ ਨੇ ਨਵੇ ਸੰਵਿਧਾਨ ਦੀ ਪੁਸ਼ਟੀ ਕਰ ਦਿੱਤੀ। ਇਸ ਲਈ ਇਸ ਨੂੰ ਲਾਗੂ ਕਰਨ ਦਾ ਫੈਸਲਾ ਹੋ ਗਿਆ। ਇਉ ਨਵਾਂ ਸੰਵਿਧਾਨ 4 ਮਾਰਚ, 1789 ਨੂੰ ਲਾਗੂ ਕੀਤਾ ਗਿਆ।

ਅਮਰੀਕਾ ਦੀ ਰਾਜਨੀਤਿਕ ਪ੍ਰਣਾਲੀ ਵਿਚ ਕੁਝ ਵਿਸ਼ੇਸ਼ ਸੰਸਥਾਵਾਂ :-

(1) ਲੁਟ ਪ੍ਰਣਾਲੀ: (2) ਸੈਨੀਟੋਰੀਅਲ ਸ੍ਰਿਸ਼ਟਾਚਾਰ (3) ਲਾਬੀਬਾਜੀ (4) ਜੈਰੀਮੈਡਰਿਗ ਜਾਂ ਚੋਣ ਹਲਕਿਆਂ ਦੀ ਢਾਹ-ਭੰਨ

(5) ਫਿਲੀਬਾਸਟਰਿੰਗ

### 1.1.10.3 ਅਮਰੀਕਾ ਦੀ ਰਾਜਨੀਤਿਕ ਪ੍ਰਣਾਲੀ ਤੇ ਇਕ ਨਜ਼ਰ :

ਉਪਰੋਕਤ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਵਿੱਚ ਸ਼ਕਤੀਆਂ ਦੀ ਅਲੈਹਿਦਗੀ ਦੇ ਸਿਧਾਂਤ ਨੂੰ ਠੀਕ ਰੂਪ ਵਿੱਚ ਕੰਮ ਕਰਨ ਲਈ ਇਸ ਦੇ ਨਾਲ ਰੋਕ ਅਤੇ ਸੰਤੁਲਨ ਦੇ ਸਿਧਾਂਤ ਨੂੰ ਵੀ ਅਪਣਾਇਆ ਗਿਆ। ਸੰਵਿਧਾਨ ਗਣਤੰਤਰ ਦੀ ਸਥਾਪਨਾ ਕਰਦਾ ਹੈ ਅਤੇ ਪ੍ਰਤੀਨਿਧ ਸਰਕਾਰ ਦੀ ਵਿਵਸਥਾ ਕਰਦਾ ਹੈ ਇਹ ਸੰਵਿਧਾਨ ਹੇਠਲੇ ਸਦਨ ਦੀ ਬਜਾਏ ਉਪਰਲੇ ਸਦਨ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਦਾ ਹੈ। ਸੰਵਿਧਾਨ ਦੇ ਲਿਖਤੀ ਤੇ ਕਠੋਰ ਹੋਣ ਦਾ ਵੱਡਾ ਕਾਰਨ ਇਹ ਸੀ ਕਿ ਸੰਵਿਧਾਨ ਵਿੱਚ ਸੰਘਾਤਮਕ ਪ੍ਰਣਾਲੀ ਨੂੰ ਅਪਣਾਇਆ ਸੀ ਅਤੇ ਇਸੇ ਕਰਕੇ ਹੀ ਨਿਆਂ-ਪਾਲਿਕਾ ਨੂੰ ਸ਼ਕਤੀਆਂ ਦੀ ਵੰਡ ਦੇ ਸਿਧਾਂਤ ਦੇ ਬਾਵਜੂਦ ਵੀ ਸਰਵ-ਉੱਚ ਸਥਾਨ ਦਿੱਤਾ ਗਿਆ। ਭਾਵੇ ਅਮਰੀਕਾ ਵਿੱਚ ਕਾਰਜ-ਪਾਲਿਕਾ, ਵਿਧਾਨ-ਪਾਲਿਕਾ ਤੇ ਨਿਆਂ-ਪਾਲਿਕਾ ਨੂੰ ਵੱਖ ਰੱਖਿਆ ਗਿਆ ਹੈ ਤਾਂ ਜੋ ਸਰਕਾਰ ਦਾ ਕੋਈ ਵੀ ਇਕ ਅੰਗ ਦੂਜੇ ਤੇ ਹਾਵੀ ਨਾ ਹੋ ਸਕੇ।

### 1.1.10.4 ਆਪਣੇ ਗਿਆਨ ਨੂੰ ਪਰਖੋ

- ਅਮਰੀਕਾ ਵਿੱਚ ਕਿਸ ਤਰ੍ਹਾਂ ਦੀ ਸ਼ਾਸਨ ਪ੍ਰਣਾਲੀ ਹੈ? .................
- ਅਮਰੀਕੀ ਸੰਵਿਧਾਨ ਨੂੰ ਗਣਤੰਤਰੀ ਸੰਵਿਧਾਨ ਕਿਉ ਕਿਹਾ ਜਾਂਦਾ ਹੈ? .........
- ਅਮਰੀਕੀ ਸੰਵਿਧਾਨ ਦਾ ਨਿਰਮਾਣ ਕਦੋ ਅਤੇ ਕਿੱਥੇ ਹੋਇਆ? .................
- ਸ਼ਕਤੀਆਂ ਦੀ ਅਲੈਹਿਦਗੀ ਦੇ ਸਿਧਾਂਤ ਦਾ ਕੀ ਅਰਥ ਹੈ? .......................
- ਅਮਰੀਕਾ ਨੂੰ ਅਪ੍ਰਵਾਸੀਆਂ ਦਾ ਦੇਸ਼ ਕਿਉ ਕਿਹਾ ਜਾਂਦਾ ਹੈ? .....................
- ਅਮਰੀਕਾ ਨੂੰ ਬਹੁਤਾਂਤ ਦਾ ਦੇਸ਼ (pond of plenty) ਕਿਉ ਕਿਹਾ ਜਾਂਦਾ ਹੈ? ................
- ਅਮਰੀਕਾ ਦੀ ਸੁਤੰਤਰਤਾ ਦੀ ਘੋਸ਼ਣਾ ਕਦੋ ਕੀਤੀ ਗਈ ਸੀ? ................
- ਅਮਰੀਕੀ ਰਰਾਜਨੀਤੀਕ ਪ੍ਰਣਾਲੀ ਦੀ ਈਜ਼ਾਦ ਕਦੋ ਹੋਈ? ..................
- ਨਿਊਜਰਸੀ ਯੋਜਨਾ ਕੀ ਸੀ? ..................
- ਸੰਵਿਧਾਨ ਉੱਤੇ ਨਵੇ ਸਿਰੇ ਤੋ ਵਿਚਾਰ ਦੇ ਕੀ ਕਾਰਨ ਸਨ? ............
- ਅਮਰੀਕਨ ਰਾਜਨੀਤਿਕ ਪ੍ਰਣਾਲੀ ਵਿੱਚ ਵਿਸ਼ੇਸ਼ ਸੰਸਥਾਵਾਂ ........................... ਹਨ?
- ਅਮਰੀਕਾ ਦੀ ਰਾਜਨੀਤਿਕ ਪ੍ਰਣਾਲੀ ਦਾ ਦੂਜੀਆਂ ਪ੍ਰਣਾਲੀਆਂ ਤੇ ਪ੍ਰਭਾਵ ........................?
- ਇਕ ਵਿਸ਼ਾਲ ਦੇਸ਼ ਵਿੱਚ ਇਕ ਸਫਲ ਉਦਾਰਵਾਦੀ ਪਰਜਾਤੰਤਰ ....................... ?
- ਪ੍ਰਧਾਨਗੀ
- ਗਣਤੰਤਰ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਸ ਦਾ ਮੁੱਖੀ ਪਿਤਰੀ ਰਾਜਾ ਜਾਂ ਰਾਣੀ ਨਹੀ ਹੁੰਦਾ ਸਗੋ ਜਨਤਾਂ ........ ਦੁਆਰਾ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਚੁਣਿਆ ਹੋਇਆ ਪ੍ਰਤੀਨਿਧ ਹੁੰਦਾ ਹੈ।
- ਦੇਸ਼ ਦੇ ਮੁੱਖੀ ਦੀਆਂ ਸ਼ਕਤੀਆਂ ਦਾ ਸੋਮਾ ਲੋਕ ਹੁੰਦੇ ਹਨ।

- 1781 ਵਿੱਚ ਇਕ ਮਹਾਂਸੰਘ ਦੁਆਰਾ
- ਸਰਕਾਰ ਦੀਆਂ ਵਿਧਾਨਕ ਕਾਰਜਕਾਰੀ ਜਾਂ ਨਿਆਕਾਰੀ ਸ਼ਕਤੀਆਂ ਨੂੰ ਇਕ ਹੱਥ ਵਿੱਚ ਕੇਂਦਰਿਤ ਨਾ ਕੀਤਾ .......... ਜਾਵੇ ਸਗੋਂ ਵਿਖੇਰਵਾਂ ਕੀਤਾ ਜਾਵੇ।
- ਇਸੇ ਕਰਕੇ ਕਿਉਂਕਿ ਜ਼ਿਆਦਾਤਰ ਅਪ੍ਰਵਾਸੀ ਹੀ ਇੱਥੇ ਆ ਕੇ ਵਸੇ ਹਨ।
- ਬਹੁਤਾਂਤ ਦੇ ਦੇਸ਼ ਦਾ ਵੀ ਇਹੋ ਹੀ ਅਰਥ ਹੈ।
- 1776 ਵਿੱਚ
- 4 ਜੁਲਾਈ 1776 ਨੂੰ
- ਛੋਟੇ ਰਾਜਾਂ ਵੱਲੋਂ ਪੇਸ਼ ਕੀਤੀ ਗਈ ਉਹ ਯੋਜਨਾ ਜਿਸ ਰਾਹੀ ਇਕ ਸਦਨੀ ਵਿਧਾਨ ਮੰਡਲ ਦੇ ਪ੍ਰਸਤਾਵ ਨੂੰ ........ ਪੇਸ਼ ਕੀਤਾ ਗਿਆ।
- ਨਵਾਂ ਸੰਵਿਧਾਨ 4 ਮਾਰਚ 1789 ਨੂੰ ਲਾਗੂ ਹੋਇਆ, ਪਹਿਲਾਂ ਇਕ ਕਮਜੋਰ ਸੰਘ ਸੀ ਪਰ ਫਿਰ ਸ਼ਕਤੀਸ਼ਾਲੀ ........ ਸੰਘ ਬਣਾਉਣ ਦੇ ਵਿਚਾਰ ਨੇ ਜੋਰ ਪਕੜਿਆ।
- ਅਤੁੱਟ ਪ੍ਰਭਾਵ, ਪ੍ਰਧਾਨਗੀ ਪ੍ਰਣਾਲੀ, ਸੈਨੇਟ ਦਾ ਸ਼ਕਤੀਸ਼ਾਲੀ ਹੋਣਾ, ਰੋਕ ਅਤੇ ਸੰਤੁਲਿਤ ਸਿਧਾਂਤ .............?
- ਇਕ ਵਿਸ਼ਾਲ ਦੇਸ਼ ਵਿੱਚ ਸਫਲ ਉਦਾਰਵਾਦੀ ਪਰਜਾਤੰਤਰ ਕਿਉਂਕਿ ਅਮਰੀਕਾ ਦੇ ਰਾਜਾਂ ਵਿੱਚ ਵੀ ਗਣਤੰਤਰੀ .......... ਸਰਕਾਰ ਦਾ ਹੋਣਾ ਜ਼ਰੂਰੀ ਹੈ।

### 1.1.1.1 ਅਧਿਐਨ ਲਈ ਪ੍ਰਸ਼ਨ

1. ਅਮਰੀਕੀ ਸੰਵਿਧਾਨ ਦਾ ਨਿਰਮਾਣ ਕਿਸ ਤਰ੍ਹਾਂ ਹੋਇਆ।
2. ਅਮਰੀਕੀ ਸੁਤੰਤਰਤਾ ਦੇ ਯੁਧ ਦੀਆਂ ਮੁਖ ਘਟਨਾਵਾਂ ਦੀ ਵਿਆਖਿਆ ਕਰੋ।

### 1.1.1.2 ਪੜ੍ਹਨਯੋਗ ਪੁਸਤਕਾਂ

1. Comparative Politics by J.C. Johari
2. Comparative Political System by S.S. Nanda (Punjabi)

**ਪਾਠ ਨੰ: 1.2 ਸੈਕਸ਼ਨ ਬੀ, 3(ਏ) ਯੂਨਿਟ ਨੰ : 3 ਡਾ. ਸੰਸਾਰ ਸਿੰਘ ਜੰਜੂਆਂ**

# ਸੰਯੁਕਤ ਰਾਜ ਅਮਰੀਕਾ ਦਾ ਸੰਵਿਧਾਨਕ ਢਾਂਚਾ

**ਰਚਨਾ**

1.2.0 ਉਦੇਸ਼
1.2.1 ਅਮਰੀਕਾ ਵਿੱਚ ਰਾਜਨੀਤਿਕ ਪਰੰਪਰਾਵਾਂ
1.2.2 ਇਤਿਹਾਸਕ ਪਿਛੋਕੜ
1.2.3 ਕਮਜ਼ੋਰ ਮਹਾਂ ਸੰਘ (A Loose Confederation)
1.2.4 ਫਿਲਾਡੈਲਫੀਆ ਸੰਮੇਲਨ (Philadelphia Convention) : ਸੰਘਵਾਦ ਦੀ ਪ੍ਰੰਪਰਾ
1.2.5 ਨਿਊ ਜਰਸੀ ਯੋਜਨਾ : ਇੱਕ ਸਦਨੀ ਵਿਧਾਨ ਮੰਡਲ
1.2.6 ਕਨੈਕਟੀਕਟ ਸਮਝੌਤੇ ਜਾਂ ਦੋ ਸਦਨੀ ਵਿਧਾਨ ਮੰਡਲ ਦੀਆਂ ਸ਼ਕਤੀਆਂ
1.2.7 ਸੰਵਿਧਾਨ ਦਾ ਸੰਪੂਰਣ ਹੋਣਾ
1.2.8 ਸੰਵਿਧਾਨ ਦਾ ਲਾਗੂ ਹੋਣਾ
1.2.9 ਸੰਵਿਧਾਨ ਦੀ ਉਪਜ (Origin of the Constitution)
1.2.10 ਅਮਰੀਕਾ ਦੇ ਸੰਵਿਧਾਨ ਦੇ ਲੱਛਣ (Features of the U.S. Constitution)
  1.2.10.1 ਲਿਖਤੀ ਸੰਵਿਧਾਨ
  1.2.10.2. ਅਮਰੀਕੀ-ਸੰਵਿਧਾਨ ਦੇਸ਼ ਦਾ ਸਰਵ-ਉੱਚ ਕਾਨੂੰਨ ਹੈ (Constitution is the supreme Law of the Land)
  1.2.10.3 ਇਹ ਸੰਵਿਧਾਨ ਸੰਘਾਤਮਕ ਸ਼ਾਸਨ ਦੀ ਸਥਾਪਨਾ ਕਰਦਾ ਹੈ। (Constitution establishs a Federal System)
  1.2.10.4. ਜਨਤਕ ਪ੍ਰਭੁਤਾ ਉੱਤੇ ਆਧਾਰਿਤ (Based on Popular Sovereignty) -
  1.2.10.5. ਪ੍ਰਤੀਨਿਧ ਸਰਕਾਰ ਦੀ ਪ੍ਰਣਾਲੀ (Representative System fo Government)
  1.2.10.6. ਸੀਮਿਤ ਸਰਕਾਰ ਤੇ ਵਿਅਕਤੀਗਤ ਅਧਿਕਾਰ (Limited Government and Individual Rights)
  1.2.10.7. ਪ੍ਰਧਾਨਾਤਮਕ ਸਰਕਾਰ (Presidential Government)
  1.2.10.8 ਗਣਰਾਜੀ ਸਰਕਾਰ (Republican Government)
  1.2.10.9 ਦੋਹਰੀ ਨਾਗਰਿਕਤਾ (Double Citizenship)
  1.2.10.10. ਸ਼ਕਤੀਆਂ ਦਾ ਅਲੈਹਿਦਗੀਕਰਣ (Sepearation of Powers)
  1.2.10.11. ਰੋਕਾਂ ਤੇ ਸੰਤੁਲਨ (Checks and Balances)
1.2.11 ਸੰਵਿਧਾਨ ਦਾ ਸ਼ੋਧਨ ਬਹੁਤ ਕਠਿਨ ਹੈ (Constitution is difficult to be amended)
1.2.12 ਨਿਆਂਪਾਲਿਕਾ ਦੀ ਸਰਵ-ਉੱਚਤਾ (Supremacy of Judiciary)
1.2.13 ਸੈਨਾ ਨਾਲੋਂ ਸਿਵਲ ਸੱਤਾ ਦੀ ਪ੍ਰਮੁੱਖਤਾ (Supremacy of Civil over Military Authority)
1.2.14 ਮੁਲਾਂਕਣ

1.2.15 ਕੁਝ ਸੁਝਾਈਆਂ ਪੁਸਤਕਾਂ

1.2.16 ਅਧਿਐਨ ਲਈ ਪ੍ਰਸ਼ਨ

**1.2.0 ਉਦੇਸ਼**

ਹੁਣ ਤੱਕ ਅਸੀ ਬਰਤਾਨੀਆ ਸੰਵਿਧਾਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਹੈ, ਜੋ ਕਿ ਸੰਸਾਰ ਦਾ ਸਭ ਤੋ ਪੁਰਾਣਾ ਸੰਵਿਧਾਨ ਹੈ ਇਸ ਪਾਠ ਤੋਂ ਅਸੀ ਅਮਰੀਕਾ ਦੇ ਸੰਵਿਧਾਨ ਦਾ ਅਧਿਐਨ ਆਰੰਭ ਕਰਾਂਗੇ ਜੋ ਕਿ ਹਰ ਤਰ੍ਹਾਂ ਨਾਲ ਬ੍ਰਿਟਿਸ਼ ਸੰਵਿਧਾਨ ਤੋ ਭਿੰਨ ਹੈ, ਕਿਉਕਿ ਇਹ ਇਕ ਲਿਖਤੀ ਤੋਂ ਅਜਿਹੇ ਕਠੋਰ ਸੰਵਿਧਾਨ ਦਾ ਨਮੂਨਾ ਹੈ ਜਿਸ ਰਾਹੀਂ ਅਮਰੀਕਾ ਵਿੱਚ ਪ੍ਰਧਾਨਾਤਮਕ ਸ਼ਾਸਨ ਪ੍ਰਣਾਲੀ ਤੇ ਸੰਘੀ ਢਾਂਚੇ ਦੀ ਵਿਵਸਥਾ ਕੀਤੀ ਗਈ ਹੈ। ਇਹ ਸੰਵਿਧਾਨ ਲਗਭਗ ਦੋ ਸਦੀਆਂ ਪੁਰਾਣਾ ਹੈ। ਇਸ ਨੂੰ 1789 ਵਿਚ ਲਾਗੂ ਕੀਤਾ ਗਿਆ ਸੀ। ਅਸੀ ਸੰਵਿਧਾਨ ਦਾ ਅਧਿਐਨ ਸੁਰੂ ਕਰਨ ਤੋ ਪਹਿਲਾਂ ਏਥੋ ਦੀਆਂ ਰਾਜਨੀਤਿਕ ਪ੍ਰੰਪਰਾਵਾਂ ਨੇ ਕੀ ਰੋਲ ਅਦਾ ਕੀਤਾ ਹੈ, ਇਸ ਬਾਰੇ ਵਿਚਾਰ ਕਰਾਂਗੇ।

**1.2.1 ਅਮਰੀਕਾ ਵਿੱਚ ਰਾਜਨੀਤਿਕ ਪਰੰਪਰਾਵਾਂ**

ਰਾਜਨੀਤਿਕ ਪਰੰਪਰਾ ਅਸਲ ਵਿੱਚ **ਰਾਜਨੀਤਿਕ ਦਰਸ਼ਨ (Political Philosophy), ਰਾਜਨੀਤਿਕ ਕਦਰਾਂ ਕੀਮਤਾਂ (Political Values), ਰਾਜਨੀਤਿਕ ਵਿਸ਼ਵਾਸ (Political Beliefs),** ਰਾਜਨੀਤਿਕ ਸਰੂਪ ਦੀਆਂ ਮਨੁੱਖੀ ਮਨੋ-ਵਿਗਿਆਨਕ ਪ੍ਰਵਿਰਤੀਆਂ ਆਦਿ ਦਾ ਸਮੂਹਿਕ ਨਾਮ ਹੈ। ਇਹ ਸਾਰੇ ਦੇ ਸਾਰੇ ਤੱਤ ਕਿਸੇ ਰਾਜ ਦੇ ਸੰਵਿਧਾਨ ਦੇ ਨਿਰਮਾਣ, ਰਾਜਨੀਤਿਕ ਪਰੰਪਰਾ ਹੀ ਰਾਜਨੀਤਿਕ ਸੰਸਥਾਵਾਂ ਉਭਾਰਨ ਵਿਚ ਸਹਾਇਕ ਹੁੰਦੀ ਹੈ। ਚੰਗੀਆਂ ਰਾਜਨੀਤਿਕ ਪਰੰਪਰਾਵਾਂ, ਚੰਗੇ ਸਿਧਾਂਤ ਅਤੇ ਉਸਾਰੂ ਰਾਜਨੀਤੀ ਨੂੰ ਜਨਮ ਦਿੰਦੀਆਂ ਹਨ, ਪਰੰਤੂ ਨਿਰਅਧਾਰ ਰਾਜਨੀਤਿਕ ਪਰੰਪਰਾ ਸਿਧਾਂਤ ਹੀਣ ਰਾਜਨੀਤੀ ਅਤੇ ਰੌਲੇ ਘਚੋਲੇ ਨੂੰ ਜਨਮ ਦਿੰਦੀ ਹੈ। ਹਰ ਰਾਜ ਦੀਆਂ ਰਾਜਨੀਤਿਕ ਪਰੰਪਰਾਵਾਂ ਆਪਣੀ ਹੀ ਕਿਸਮ ਦੀਆਂ ਹੁੰਦੀਆਂ ਹਨ। ਭਾਵੇ ਕਿਸੇ ਇਕ ਰਾਜ ਦੀ ਸਰਕਾਰ ਦਾ ਰੂਪ ਕਿਸੇ ਦੂਜੇ ਨਾਲ ਮੇਲ ਖਾਂਦਾ ਹੀ ਹੋਵੇ ਪਰ ਫਿਰ ਵੀ ਰਾਜਨੀਤਿਕ ਪਰੰਪਰਾਵਾਂ ਆਪਣੀ ਹੀ ਕਿਸਮ ਦੀਆਂ ਹੁੰਦੀਆਂ ਹਨ। ਵੇਖਣ ਵਿੱਚ ਭਾਵੇ ਭਾਰਤ ਅਤੇ ਬਰਤਾਨੀਆਂ ਦੀਆਂ ਸਰਕਾਰਾਂ ਦੇ ਰੂਪ ਮਿਲਦੇ ਜੁਲਦੇ ਹਨ, ਪਰ ਦੋਹਾਂ ਰਾਜਾਂ ਦੀਆਂ ਰਾਜਨੀਤਿਕ ਪਰੰਪਰਾਵਾਂ ਬਿਲਕੁਲ ਵੱਖਰੀਆਂ ਹਨ। ਦੋਹਾਂ ਦਾ ਰਾਜਨੀਤਿਕ, ਸਮਾਜਿਕ, ਆਰਥਿਕ ਪਿਛੋਕੜ ਵੱਖਰਾ ਹੋਣ ਕਾਰਣ ਉਨ੍ਹਾਂ ਦੀਆਂ ਰਾਜਨੀਤਿਕ ਪਰੰਪਰਾਵਾਂ ਵੀ ਵੱਖਰੀਆਂ-ਵੱਖਰੀਆਂ ਹਨ। ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਹਰ ਰਾਜ ਦੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਉਸ ਦੇ ਇਤਿਹਾਸ ਤੇ ਬਹੁਤ ਪ੍ਰਭਾਵ ਪਾਉਦੀਆਂ ਹਨ ਅਤੇ ਇਸ ਨਾਲ ਕਈ ਪ੍ਰਕਾਰ ਦੇ ਰਾਜਨੀਤਿਕ ਪਰਿਵਰਤਨ ਵੀ ਆ ਸਕਦੇ ਹਨ। ਸੰਯੁਕਤ ਰਾਜ ਅਮਰੀਕਾ ਸੰਸਾਰ ਦਾ ਇਕ ਮਹੱਤਵਪੂਰਨ ਦੇਸ਼ ਹੈ। ਇਸ ਦਾ ਆਪਣਾ ਇਤਿਹਾਸਕ ਪਿਛੋਕੜ ਅਤੇ ਇਤਿਹਾਸ ਹੈ।

**1.2.2 ਇਤਿਹਾਸਕ ਪਿਛੋਕੜ**

1776 ਤੋ ਪਹਿਲਾਂ ਸੰਯੁਕਤ ਰਾਜ ਅਮਰੀਕਾ ਦੀਆਂ 13 ਬਸਤੀਆਂ ਸਨ, ਜੋ ਕਿ ਬਰਤਾਨੀਆਂ ਰਾਜ ਦੇ ਹਿੱਸੇ ਸਨ। ਇਹ ਬਸਤੀਆਂ ਆਪਣੇ ਅੰਦਰੂਨੀ ਮਾਮਲਿਆਂ ਵਿਚ ਤਾਂ ਕੁਝ ਹੱਦ ਤੱਕ ਸੁਤੰਤਰ ਸਨ, ਪਰੰਤੂ ਬਾਹਰੀ ਮਾਮਲਆਂ ਵਿੱਚ ਬਰਤਾਨੀਆਂ ਦੇ ਅਧੀਨ ਸਨ। ਇਨ੍ਹਾਂ ਬਸਤੀਆਂ ਵਿਚ ਸਮੇ ਸਮੇ ਰਾਜਪਾਲ ਅਤੇ ਪ੍ਰੀਸ਼ਦ ਵਿੱਚ ਝਗੜਾ ਹੁੰਦਾ ਰਹਿੰਦਾ ਸੀ, ਕਿਉਕਿ ਰਾਜਪਾਲ ਆਪਣੇ ਆਪ ਨੂੰ ਬਰਤਾਨੀਆ ਦੇ ਤਾਜ ਦਾ ਪ੍ਰਤੀਨਿਧੀ ਸਮਝਦਾ ਸੀ ਅਤੇ ਲੋਕਾਂ ਦੀਆਂ ਆਸ਼ਾਵਾਂ ਵੱਲ ਧਿਆਨ ਨਹੀ ਦਿੰਦਾ ਸੀ। 18ਵੀ ਸਦੀ ਦੇ ਅਠਵੇ ਦਹਾਕੇ ਵਿੱਚ ਇਨ੍ਹਾਂ ਬਸਤੀਆਂ ਦੇ ਵਸਨੀਕਾਂ ਅਤੇ ਬਰਤਾਨੀਆਂ ਵਿੱਚ ਝਗੜਾ ਪੈਦਾ ਹੋ ਗਿਆ, ਕਿਉਕਿ ਬਸਤੀਵਾਸੀਆਂ ਤੇ ਬਰਤਾਨੀਆਂ ਨੇ ਉਨ੍ਹਾਂ ਦੀ ਮਰਜ਼ੀ ਵਿਰੁੱਧ ਉਨ੍ਹਾਂ ਦੇ ਕਰ ਲਗਾ ਦਿੱਤਾ ਅਤੇ ਬਸਤੀਆਂ ਦੇ ਵਾਸੀਆਂ ਨੇ ਇਸ ਲਗਾਏ ਕਰ ਦਾ ਵਿਰੋਧ ਕੀਤਾ। ਉਨ੍ਹਾਂ ਦਾ ਮੁੱਖ ਵਿਰੋਧ ਇਸ ਕਰਕੇ ਸੀ, ਉਨ੍ਹਾਂ ਦਾ ਕਹਿਣਾ ਸੀ ਕਿ ਬਰਤਾਨਵੀ ਸੰਸਦ ਵਿਚ ਬਸਤੀਵਾਸੀਆਂ ਦੀ ਕੋਈ ਪ੍ਰਤੀਨਿਧਤਾ ਨਹੀ ਸੀ। ਇਸ ਲਈ ਬਰਤਾਨਵੀ ਸੰਸਦ ਨੂੰ ਕੋਈ ਅਧਿਕਾਰ ਨਹੀ ਕਿ ਉਹ ਉਨ੍ਹਾਂ ਉੱਤੇ ਟੈਕਸ ਲਗਾ ਸਕੇ। ਉਨ੍ਹਾਂ ਨੇ ਇਹ ਨਾਹਰਾ ਲਾਇਆ ਕਿ ਪ੍ਰਤੀਨਿਧਤਾ ਤੋ ਬਿਨਾਂ ਕੋਈ ਟੈਕਸ ਨਹੀ ਲਗਾਇਆ ਜਾ ਸਕਦਾ। ਇਸ ਦੇ ਫਲਸਰੂਪ 4 ਜੁਲਾਈ 1776 ਨੂੰ ਇਨ੍ਹਾਂ ਬਸਤੀਆਂ ਨੇ ਇੰਗਲੈਂਡ ਦੇ ਵਿਰੁੱਧ ਯੁੱਧ ਦਾ ਐਲਾਨ ਕਰ ਦਿਤਾ ਅਤੇ ਇਸ ਯੁੱਧ ਵਿਚ ਇਨ੍ਹਾਂ ਬਸਤੀਆਂ ਦੀਆਂ ਸੈਨਾਵਾਂ ਨੇ ਜਾਰਜ ਵਾਸ਼ਿੰਗਟਨ ਦੀ ਕਮਾਨ ਅਧੀਨ ਸਾਮਰਾਜੀ ਫੌਜਾਂ ਵਿਰੁੱਧ ਸਫਲਤਾ ਪ੍ਰਾਪਤ ਕੀਤੀ ਅਤੇ ਆਪਣੀ ਸੁਤੰਤਰਤਾ ਦਾ ਐਲਾਨ ਕਰ ਦਿੱਤਾ।

**Origin of the Constitution :** 1776 ਵਿੱਚ ਇਨ੍ਹਾਂ ਬਸਤੀਆਂ ਦੇ ਪ੍ਰਤੀਨਿਧਾਂ ਨੇ ਇਕ ਮਹਾਂ ਸੰਘ (Confederation) ਦੀ ਸਥਾਪਨਾ ਕੀਤੀ। ਸੰਘ ਦੀ ਸਥਾਪਨਾ ਦੇ ਫੈਸਲੇ ਨੂੰ ਸਾਰੀਆਂ ਬਸਤੀਆਂ ਨੇ 1781 ਵਿੱਚ ਪ੍ਰਵਾਨ ਕਰ ਲਿਆ। ਇਹ ਮਹਾਂ ਸੰਘ ਦਾ ਨਾਮ ਸੰਯੁਕਤ ਰਾਜ ਅਮਰੀਕਾ ਰੱਖਿਆ ਗਿਆ। ਇਸ ਤਰ੍ਹਾਂ ਇਹ ਬਸਤੀਆਂ ਸੁਤੰਤਰ ਰਾਜ ਦਾ ਰੂਪ

ਧਾਰਨ ਕਰ ਗਈਆਂ। ਇਸ ਵਿਚ ਹਰ ਰਾਜ ਦੀ ਖੁਦਮੁਖਤਾਰੀ ਦੀ ਸੁਰੱਖਿਆ ਕੀਤੀ ਗਈ। ਉਨ੍ਹਾਂ ਰਾਜਾਂ ਨੇ ਮਹਾਂ ਸੰਘ ਦੀ ਸਰਕਾਰ ਨੂੰ ਕੁਝ ਸਾਂਝੇ ਮਹੱਤਵਪੂਰਨ ਵਿਸ਼ੇ ਸੌਂਪੇ। ਉਹ ਸਾਂਝੇ ਵਿਸ਼ੇ ਹਨ : ਸਾਂਝੀ ਸੁਰੱਖਿਆ, ਉਨ੍ਹਾਂ ਦੀ ਸੁਤੰਤਰਤਾ ਦੀ ਰਾਖੀ, ਉਨ੍ਹਾਂ ਦੇ ਆਪਸੀ ਸੰਬੰਧ ਅਤੇ ਆਮ ਕਲਿਆਣ। ਇਸ ਤਰ੍ਹਾਂ ਇਕ ਸੰਵਿਧਾਨ ਦਾ ਨਿਰਮਾਣ ਹੋ ਗਿਆ, ਜਿਸ ਦੇ ਅਨੁਛੇਦ 2 ਵਿਚ ਸਪੱਸ਼ਟ ਤੌਰ ਤੇ ਲਿਖਿਆ ਗਿਆ ਕਿ ਹਰ ਰਾਜ ਦੀ ਆਪਣੀ ਪ੍ਰਭੁਸੱਤਾ ਦਾ ਆਪ ਮਾਲਕ ਹੈ ਅਤੇ ਇਹ ਸ਼ਕਤੀ ਮਹਾ ਰਾਜ ਨੂੰ ਨਹੀ ਸੌਂਪੀ ਗਈ। ਹਰ ਰਾਜ ਦੇ ਨਾਗਰਿਕਾਂ ਨਾਲ ਕਿਸੇ ਪ੍ਰਕਾਰ ਦਾ ਵਿਤਕਰਾ ਨਹੀ ਹੋਵੇਗਾ। ਇਸ ਸੰਘ ਵਿੱਚ ਕੇਂਦਰੀ ਸਰਕਾਰ ਦਾ ਸੰਗਠਨ ਬੜਾ ਸਾਧਾਰਣ ਸੀ। ਕਾਂਗਰਸ ਹੀ ਮਹਾਂ ਸੰਘ ਦੀ ਮੁੱਖ ਸੰਸਥਾ ਸੀ। ਕਾਂਗਰਸ ਦਾ ਉਸ ਸਮੇਂ ਇਕ ਸਦਨ ਸੀ ਅਤੇ ਰਾਜਾਂ ਦੇ ਪ੍ਰਤੀਨਿਧੀ ਭੇਜੇ ਜਾਂਦੇ ਸਨ। ਰਾਜਾਂ ਦੇ ਪ੍ਰਤੀਨਿਧਾਂ ਦੀ ਚੋਣ ਰਾਜਾਂ ਦੇ ਵਿਧਾਨ ਮੰਡਲਾਂ ਦੁਆਰਾ ਕੀਤੀ ਜਾਂਦੀ ਸੀ। ਹਰ ਰਾਜ ਨੂੰ ਘੱਟ ਤੋ ਘੱਟ ਅਤੇ ਵੱਧ ਤੋ ਵੱਧ ਸੱਤ ਮੈਬਰ ਕਾਂਗਰਸ ਵਿੱਚ ਭੇਜਣ ਦਾ ਅਧਿਕਾਰ ਸੀ, ਪਰੰਤੂ ਹਰ ਰਾਜ ਨੂੰ ਕੇਵਲ ਇਕ ਹੀ ਵੋਟ ਦੇਣ ਦਾ ਅਧਿਕਾਰ ਹੁੰਦਾ ਸੀ। ਉਨ੍ਹਾਂ ਪ੍ਰਤੀਨਿਧਾਂ ਨੂੰ ਤਨਖਾਹ ਵੀ ਆਪਣੇ ਆਪਣੇ ਰਾਜਾਂ ਵਿੱਚੋ ਮਿਲਦੀ ਸੀ। ਸੰਬੰਧਿਤ ਰਾਜ ਉਨ੍ਹਾਂ ਨੂੰ ਵਾਪਸ ਵੀ ਬੁਲਾ ਸਕਦੇ ਸਨ।

ਮਹਾਂ ਸੰਘ ਦੇ ਸੰਵਿਧਾਨ ਨੇ ਕਿਸੇ ਕਾਰਜ ਪਾਲਿਕਾ (Executive Authority) ਦੀ ਵਿਵਸਥਾ ਨਹੀ ਕੀਤੀ ਸੀ। ਜਦੋ ਕਾਂਗਰਸ ਦਾ ਸਮਾਗਮ ਨਹੀ ਹੋ ਰਿਹਾ ਹੁੰਦਾ ਸੀ ਤਾਂ ਮਹਾਂ ਸੰਘ ਦੇ ਕੰਮਾਂ ਦਾ ਪ੍ਰਬੰਧ ਇਕ ਅਜਿਹੀ ਸੰਮਤੀ ਦੁਆਰਾ ਚਲਾਇਆ ਜਾਂਦਾ ਸੀ ਜਿਸ ਵਿੱਚ ਹਰੇਕ ਰਾਜ ਦਾ ਇਕ ਪ੍ਰਤੀਨਿਧ ਹੁੰਦਾ ਸੀ। ਕਾਂਗਰਸ ਰਾਜਾਂ ਦੇ ਝਗੜਿਆਂ ਨੂੰ ਹਲ ਕਰਨ ਲਈ ਇਕ ਆਦਲਤ ਦੇ ਰੂਪ ਵਿੱਚ ਕੰਮ ਕਰਦੀ ਸੀ।

### 1.2.3 ਕਮਜ਼ੋਰ ਮਹਾਂ ਸੰਘ (A Loose Confederation)

ਇਹ ਮਹਾਂ ਸੰਘ ਕਾਫੀ ਕਮਜ਼ੋਰ ਸੀ, ਕਿਉਕਿ ਇਸ ਦੀ ਕੇਵਲ ਇਕ ਹੀ ਸੰਸਥਾ-ਕਾਂਗਰਸ ਸੀ, ਜਿਸ ਕੋਲ ਬਹੁਤ ਸੀਮਿਤ ਸ਼ਕਤੀਆਂ ਸਨ। ਉਹ ਕੇਵਲ ਉਨ੍ਹਾਂ ਸ਼ਕਤੀਆਂ ਦਾ ਹੀ ਪ੍ਰਯੋਗ ਕਰ ਸਕਦੀ ਸੀ ਜਿਹੜੀਆਂ ਕਿ ਉਸ ਨੂੰ ਮਹਾਂ ਸੰਘ ਦੀ ਸਥਾਪਨਾ ਸਮੇਂ ਮਿਲੀਆਂ ਸਨ। ਵੇਖਣ ਵਿੱਚ ਤਾਂ ਭਾਵੇ ਕਾਂਗਰਸ ਦੀਆਂ ਸ਼ਕਤੀਆਂ ਵਿਸ਼ਾਲ ਸਨ ਜਿਵੇ ਵਿਦੇਸ਼ਾਂ ਨਾਲ ਸੰਧੀ ਕਰਨਾ, ਸਿੱਕੇ ਦੀ ਕੀਮਤ ਨਿਸ਼ਚਿਤ ਕਰਨਾ, ਡਾਕ ਪ੍ਰਣਾਲੀ ਦੀ ਸਥਾਪਨਾ, ਸੈਨਿਕ ਅਧਿਕਾਰੀਆਂ ਦੀਆਂ ਨਿਯੁਕਤੀਆਂ ਆਦਿ ਪਰੰਤੂ ਇਨ੍ਹਾਂ ਸਾਰੇ ਨਿਰਣਿਆਂ ਲਈ ਘੱਟੋ ਘੱਟ ਨੌ ਰਾਜਾਂ ਦੀ ਸਹਿਮਤੀ ਜ਼ਰੂਰੀ ਸੀ। ਕਾਂਗਰਸ ਕੋਲ ਕੋਈ ਅਜਿਹੀ ਸ਼ਕਤੀ ਨਹੀਂ ਸੀ ਕਿ ਜਿਸ ਨਾਲ ਉਹ ਆਪਣੇ ਨਿਯਮਾਂ ਦੀ ਪਾਲਣਾ ਵੀ ਕਰਵਾ ਸਕਦੀ, ਸਗੋਂ ਇਸ ਨੂੰ ਰਾਜਾਂ ਦੀਆਂ ਸਰਕਾਰਾਂ ਤੇ ਨਿਰਭਰ ਕਰਨਾ ਪੈਂਦਾ ਸੀ। ਉਦਾਹਰਣ ਵਜੋਂ ਜੇ ਕੋਈ ਰਾਜ ਕਾਂਗਰਸ ਦੀਆਂ ਸੰਧੀਆਂ ਦੀ ਪਾਲਣਾ ਨਾ ਕਰਦਾ ਤਾਂ ਕਾਂਗਰਸ ਕੋਲ ਕੋਈ ਅਜਿਹੀ ਸ਼ਕਤੀ ਨਹੀਂ ਸੀ ਜਿਸ ਨਾਲ ਆਪਣੇ ਕਾਰਨ ਦੀ ਪਾਲਣਾ ਕਰਵਾ ਸਕਦੀ।

ਭਾਵੇ ਇਹ ਮਹਾਂ ਸੰਘ (Confederation) ਵਿਚ ਬਹੁਤ ਤਰੁੱਟੀਆਂ ਸਨ, ਫਿਰ ਵੀ ਇਸ ਦੀ ਕਾਂਗਰਸ ਨੇ ਇਸ ਸੁਤੰਤਰਤਾ ਯੁੱਧ ਵਿਚ ਸਫਲਤਾ ਪ੍ਰਪਾਤ ਕੀਤੀ, ਪਰ ਯੁੱਧ ਤੋ ਉਪਰੰਤ ਹੋਈਆਂ ਸਮੱਸਿਆਵਾਂ ਨੂੰ ਇਹ ਕਾਂਗਰਸ ਸੁਲਝਾ ਨਾ ਸਕੀ ਅਤੇ ਰਾਜ ਦੀ ਆਰਥਿਕ ਵਿਵਸਥਾ ਬਹੁਤ ਕਮਜ਼ੋਰ ਹੋ ਗਈ ਤੇ ਕੀਮਤਾਂ ਵਿੱਚ ਬਹੁਤ ਵਾਧਾ ਹੋਇਆ। ਆਰਥਿਕ ਵਿਵਸਥਾ ਦੇ ਵਿਗੜਨ ਨਾਲ ਵੱਖਵਾਦੀ ਤੇ ਅਲਗਾਓਵਾਦੀ ਪ੍ਰਵਿਰਤੀਆਂ ਪੈਦਾ ਹੋ ਗਈਆਂ ਤੇ ਸਪੱਸ਼ਟ ਹੋ ਗਿਆ ਕਿ ਮਹਾਂ ਸੰਘ ਪ੍ਰਣਾਲੀ ਵਿਚ ਕੁਝ ਤਰੁੱਟੀਆਂ ਹਨ ਜੋ ਛੇਤੀ ਹੀ ਠੀਕ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਸੇ ਕਾਰਨ ਜਾਰਜ ਵਾਸ਼ਿੰਗਟਨ ਨੇ ਕਿਹਾ ਸੀ ਕਿ ਅਸੀ ਉਦੋ ਤਕ ਰਾਸ਼ਟਰ ਦਾ ਨਿਰਮਾਣ ਨਹੀ ਕਰ ਸਕਦੇ ਜਦੋ ਤੱਕ ਅਸੀ ਸਮੁੱਚੇ ਮਹਾਂ ਸੰਘ ਦੀ ਸ਼ਕਤੀ ਇਕ ਸੰਸਥਾ ਨੂੰ ਨਹੀ ਸੌਂਪਦੇ ਜੋ ਕਿ ਸਾਰੇ ਸੰਘ ਉੱਤੇ ਕੇਂਦਰ ਅਤੇ ਰਾਜਾਂ ਦੇ ਇਕੋ ਰੂਪ ਵਿੱਚ ਲਾਗੂ ਹੋ ਸਕੇ।

### 1.2.4 ਫਿਲਾਡੈਲਫੀਆ ਸੰਮੇਲਨ (Philadelphia Convention) : ਸੰਘਵਾਦ ਦੀ ਪ੍ਰੰਪਰਾ

ਮਹਾਂ ਸੰਘ ਦੇ ਸੰਵਿਧਾਨ ਦੀਆਂ ਤਰੁੱਟੀਆਂ ਦੂਰ ਕਰਨ ਲਈ ਫਿਲਾਡੈਲਫੀਆ ਵਿਖੇ 25 ਮਈ 1787 ਨੂੰ ਇਕ ਸੰਮੇਲਨ ਬੁਲਾਇਆ ਗਿਆ ਜਿਸ ਵਿਚ ਰਾਜਾਂ ਦੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਆਮ ਲੋਕਾਂ ਨੂੰ ਇਸ ਸੰਮੇਲਨ ਵਿਚ ਭਾਗ ਲੈਣ ਦਾ ਮੌਕਾ ਨਹੀ ਮਿਲਿਆ। ਹੁਣ ਸੰਮੇਲਨ ਕੋਲ ਪ੍ਰਸ਼ਨ ਸੀ ਕਿ ਇਸ ਵਰਤਮਾਨ ਸੰਵਿਧਾਨ ਵਿਚ ਸੰਸ਼ੋਧਨ ਕਰਨਾ ਹੈ ਜਾਂ ਕਿ ਨਵੇ ਸੰਵਿਧਾਨ ਦਾ ਨਿਰਮਾਣ ਕਰਨਾ ਹੈ? ਅਸਲ ਵਿੱਚ ਕਾਂਗਰਸ ਨੇ ਇਹ ਸੰਮੇਲਨ ਸੰਸ਼ੋਧਨ ਕਰਨ ਲਈ ਸੱਦਿਆ ਸੀ, ਪਰ ਰਾਜ ਨੇ ਆਪਣੇ ਪ੍ਰਤੀਨਿਧੀਆਂ ਨੂੰ ਸੁਧਾਰ ਕਰਨ ਲਈ ਪੱਕਾ ਕਰਕੇ ਭੇਜਿਆ ਸੀ, ਪਰ ਜਾਰਜ ਵਾਸ਼ਿੰਗਟਨ ਦਾ ਵਿਚਾਰ ਸੀ ਕਿ ਸੁਧਾਰ ਕੇਵਲ ਆਰਜ਼ੀ ਤੌਰ ਤੇ ਨਾ ਕੀਤੇ ਜਾਣ ਸਗੋ ਪੱਕੀਆਂ ਅਤੇ ਵਿਸ਼ਾਲ ਤਬਦੀਲੀਆਂ ਕੀਤੀਆਂ ਜਾਣ : ਅਸਲ ਵਿਚ ਬਹੁਤ ਸਾਰੇ ਪ੍ਰਤੀਨਿਧੀ ਵੀ ਇਹ ਚਾਹੁੰਦੇ ਸਨ ਅਤੇ ਹੋਇਆ ਵੀ ਇਵੇ ਹੀ। ਸੰਮੇਲਨ ਵਿਚ ਇਕ ਨਵੇ ਸੰਵਿਧਾਨ ਦਾ ਨਿਰਮਾਣ ਕਰਨ ਦਾ ਯਤਨ ਕੀਤਾ ਗਿਆ।

Virginia Plan : ਅਮਰੀਕਾ ਦੇ ਨਵੇ ਸੰਵਿਧਾਨ ਬਣਾਉਣ ਸੰਬੰਧੀ ਸੰਮੇਲਨ ਵਿਚ ਕਈ ਪ੍ਰਕਾਰ ਦੀਆਂ ਯੋਜਨਾਵਾਂ ਪੇਸ਼ ਕੀਤੀਆਂ ਗਈਆਂ। ਇਨ੍ਹਾਂ ਵਿਚ ਵਰਜੀਨੀਆਂ ਯੋਜਨਾ ਇਕ ਮਹੱਤਵਪੂਰਨ ਯੋਜਨਾ ਸੀ ਜਿਸ ਵਿਚ ਇਕ ਸ਼ਕਤੀਸ਼ਾਲੀ ਕੇਂਦਰੀ ਸਰਕਾਰ ਦੀ ਵਿਵਸਥਾ ਦਾ ਪ੍ਰਸਤਾਵ ਸੀ। ਇਸ ਯੋਜਨਾ ਅਧੀਨ ਮੰਡਲ ਦੇ ਦੋ ਸਦਨੀ ਹੋਣ ਦੀ ਸਿਫਾਰਿਸ਼ ਕੀਤੀ ਗਈ ਸੀ। ਹੇਠਲਾ ਸਦਨ ਪ੍ਰਤੱਖ ਰੂਪ ਵਿੱਚ ਲੋਕਾਂ ਦੁਆਰਾ ਚੁਣਿਆ ਜਾਵੇਗਾ ਅਤੇ ਉਪਰਲਾ ਸਦਨ ਹੇਠਲੇ ਸਦਨ ਦੁਆਰਾ ਚੁਣਿਆ ਜਾਵੇਗਾ। ਰਾਜਾਂ ਨੂੰ ਜਨ ਸੰਖਿਆ ਦੇ ਆਧਾਰ ਤੇ ਪ੍ਰਤੀਨਿਧਤਾ ਦਿੱਤੀ ਜਾਣੀ ਸੀ ਤੇ ਇਸ ਨੂੰ ਸਾਰੇ ਰਾਸ਼ਟਰੀ ਮਹੱਤਤਾ ਵਾਲੇ ਵਿਸ਼ਿਆਂ ਤੇ ਕਾਨੂੰਨ ਬਣਾਉਣ ਦਾ ਅਧਿਕਾਰ ਸੀ। ਇਸ ਯੋਜਨਾ ਅਧੀਨ ਕੇਂਦਰੀ ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਦੀ ਵੀ ਵਿਵਸਥਾ ਕੀਤੀ ਗਈ ਸੀ। ਸਰਕਾਰ ਨੂੰ ਟੈਕਸ ਲਾਉਣ ਦਾ ਅਧਿਕਾਰ ਵੀ ਸੌਂਪਿਆ ਗਿਆ ਸੀ, ਪਰੰਤੂ ਛੋਟੇ ਰਾਜਾਂ ਨੂੰ ਇਹ ਯੋਜਨਾ ਪਸੰਦ ਨਾ ਆਈ। ਉਨ੍ਹਾਂ ਦੇ ਵਿਚਾਰ ਸੀ ਕਿ ਬਹੁਤ ਵਸੋਂ ਵਾਲੇ ਰਾਜਾਂ ਦੀ ਪ੍ਰਤੀਨਿਧਤਾ ਵਸੋਂ ਦੇ ਆਧਾਰ ਤੇ ਬਹੁਤੀ ਹੋਵੇਗੀ ਤੇ ਉਨ੍ਹਾਂ ਦਾ ਬੋਲਬਾਲਾ ਹੋਵੇਗਾ ਅਤੇ ਛੋਟੇ ਰਾਜਾਂ ਦੇ ਹਿੱਤਾਂ ਦੀ ਸੁਰੱਖਿਆ ਖਤਰੇ ਵਿੱਚ ਹੋਵੇਗੀ। ਇਸੇ ਤਰ੍ਹਾਂ ਰਾਜਾਂ ਨੇ ਇਸ ਯੋਜਨਾ ਦਾ ਇਸ ਲਈ ਵਿਰੋਧ ਕੀਤਾ ਕਿ ਉਨ੍ਹਾਂ ਨੂੰ ਕੇਂਦਰ ਦੇ ਸ਼ਕਤੀਸ਼ਾਲੀ ਹੋਣ ਤੇ ਇਤਰਾਜ ਸੀ।

### 1.2.5 ਨਿਊ ਜਰਸੀ ਯੋਜਨਾ : ਇੱਕ ਸਦਨੀ ਵਿਧਾਨ ਮੰਡਲ

ਵਰਜੀਨੀਆ ਯੋਜਨਾ ਦੇ ਨਾਲ ਹੀ ਇਕ ਹੋਰ ਯੋਜਨਾ ਪੇਸ਼ ਕੀਤੀ ਗਈ ਜਿਹੜੀ ਕਿ ਨਿਊ ਜਰਸੀ ਯੋਜਨਾ ਦੇ ਨਾਮ ਨਾਲ ਪ੍ਰਸਿੱਧ ਹੈ। ਇਹ ਯੋਜਨਾ ਛੋਟੇ ਰਾਜਾਂ ਵੱਲੋਂ ਪੇਸ਼ ਹੋਈ। ਇਸ ਵਿਚ ਕੇਂਦਰ ਲਈ ਇਕ ਸਦਨੀ ਵਿਧਾਨ ਮੰਡਲ ਦਾ ਪ੍ਰਸਤਾਵ ਪੇਸ਼ ਕੀਤਾ ਗਿਆ। ਜਿਸ ਵਿਚ ਹਰ ਰਾਜ ਸਮਾਨ ਪ੍ਰਤੀਨਿਧਤਾ ਦੇਣ ਦੀ ਵਿਵਸਥਾ ਸੀ। ਇਸ ਵਿਚ ਕਿਸੇ ਨਵੇ ਸੰਵਿਧਾਨ ਦਾ ਪ੍ਰਸਤਾਵ ਤਾਂ ਪੇਸ਼ ਨਾ ਕੀਤਾ ਸਗੋਂ ਮਹਾਂ ਸੰਘ ਦੇ ਸੰਵਿਧਾਨ ਲਈ ਕੁਝ ਸੰਸ਼ੋਧਨ ਪੇਸ਼ ਕੀਤੇ ਗਏ। ਜਿਸ ਨਾਲ ਸਾਰੇ ਰਾਜ ਦੋ ਧੜਿਆਂ ਵਿੱਚ ਵੰਡੇ ਗਏ, ਇਕ ਉਹ ਜੋ ਰਾਜਾਂ ਨੂੰ ਵਧੇਰੇ ਸ਼ਕਤੀ ਦੇਣ ਦੇ ਹੱਕ ਵਿਚ ਸਨ ਅਤੇ ਦੂਜੇ ਜੋ ਸ਼ਕਤੀਸ਼ਾਲੀ ਕੇਂਦਰ ਦੇ ਹੱਕ ਵਿਚ ਸਨ।

### 1.2.6 ਕਨੈਕਟੀਕਟ ਸਮਝੌਤੇ ਜਾਂ ਦੋ ਸਦਨੀ ਵਿਧਾਨ ਮੰਡਲ ਦੀਆਂ ਸ਼ਕਤੀਆਂ :

ਜਦੋ ਰਾਜਾਂ ਵਿਚ ਮਤਭੇਦ ਜ਼ਿਆਦਾ ਹੋ ਗਿਆ ਤਾਂ ਕਨੈਕਟੀਕਟ ਰਾਜ ਦੇ ਪ੍ਰਤੀਨਿਧੀਆਂ ਨੇ ਇਕ ਸਮਝੌਤੇ ਦੀ ਪੇਸ਼ਕਸ਼ ਕੀਤੀ ਜਿਸ ਵਿਚ ਇਹ ਵਿਵਸਥਾ ਪੇਸ਼ ਕੀਤੀ ਗਈ ਕਿ ਵਿਧਾਨ ਮੰਡਲ ਦੇ ਉਪਰਲੇ ਸਦਨ ਵਿਚ ਸਾਰੇ ਰਾਜਾਂ ਨੂੰ ਬਰਾਬਰ ਦੀ ਪ੍ਰਤੀਨਿਧਤਾ ਦਿੱਤੀ ਜਾਵੇ ਅਤੇ ਹੇਠਲੇ ਸਦਨ ਵਿਚ ਵਸੋਂ ਦੇ ਆਧਾਰ ਤੇ ਪ੍ਰਤੀਨਿਧਤਾ ਦਿੱਤੀ ਜਾਵੇ, ਪਰੰਤੂ ਇਸ ਸਮੇ ਇਕ ਹੋਰ ਮਤਭੇਦ ਪੈਦਾ ਹੋ ਗਿਆ। ਉੱਤਰੀ ਰਾਜਾਂ ਦੇ ਪ੍ਰਤੀਨਿਧ ਕਾਂਗਰਸ ਨੂੰ ਵਪਾਰ ਅਤੇ ਜਹਾਜ਼ਰਾਨੀ ਨੂੰ ਨਿਰਮਤ ਕਰਨ ਦੀ ਸ਼ਕਤੀ ਪ੍ਰਦਾਨ ਕਰਨਾ ਚਾਹੁੰਦੇ ਸਨ ਅਤੇ ਦੱਖਣੀ ਰਾਜ ਵਿਚ ਸੁੰਝਾ ਨੂੰ ਆਪਣੇ ਹਿੱਤਾਂ ਦੇ ਵਿਰੁੱਧ ਸਮਝਦੇ ਸਨ। ਅੰਤ ਵਿੱਚ ਸਮਝੋਤਾ ਹੋਇਆ ਕਿ ਕਾਂਗਰਸ ਨੂੰ ਵਿਦੇਸ਼ੀ ਰਾਸ਼ਟਰਾਂ ਅਤੇ ਰਾਜ ਵਿਚ ਵਣਜ ਕਰਨ ਅਤੇ ਵਪਾਰ ਦੇ ਨਿਯਮ ਬਣਾਉਣ ਦੀ ਸ਼ਕਤੀ ਦਿੱਤੀ ਗਈ ਅਤੇ ਆਉਣ ਵਾਲੇ ਵੀਹ ਸਾਲਾਂ ਤੱਕ ਗੁਲਾਮਾਂ ਦੇ ਵਪਾਰ ਕਰਨ ਦੀ ਮਨਾਹੀ ਕੀਤੀ ਗਈ। ਰਾਜਾਂ ਨੂੰ ਖੁਸ਼ ਕਰਨ ਲਈ ਇਹ ਵਿਵਸਥਾ ਦਾ ਸੁਝਾਅ ਦਿਤਾ ਗਿਆ ਕਿ ਰਾਸ਼ਟਰਪਤੀ ਦੁਆਰਾ ਕੀਤੀਆਂ ਸੰਧੀਆਂ ਸੈਨੇਟ ਦੇ ਦੋ-ਤਿਹਾਈ ਮੈਬਰਾਂ ਦੇ ਬਹੁਮਤ ਦੁਆਰਾ ਪ੍ਰਵਾਨ ਹੋਣੀਆਂ ਲਾਜ਼ਮੀ ਹਨ। ਇਸ ਪ੍ਰਕਾਰ ਅਮਰੀਕਾ ਵਿਚ ਦੋ ਸਦਨੀ ਵਿਧਾਨ ਮੰਡਲ ਦੀ ਪ੍ਰੰਪਰਾ ਬਣ ਗਈ।

### 1.2.7 ਸੰਵਿਧਾਨ ਦਾ ਸੰਪੂਰਣ ਹੋਣਾ

ਕਈ ਪ੍ਰਕਾਰ ਦੇ ਮਤਭੇਦ ਹੋਣ ਦੇ ਬਾਵਜੂਦ 26 ਜੁਲਾਈ 1787 ਨੂੰ ਨਵੇ ਸੰਵਿਧਾਨ ਦੀਆਂ ਮੁੱਖ ਧਾਰਾਵਾਂ ਸੰਬੰਧੀ ਅੰਤਿਮ ਨਿਰਣਾ ਕਰ ਲਿਆ ਗਿਆ। ਸਾਰੇ ਰਾਜ ਇਸ ਗੱਲ ਨਾਲ ਸਹਿਮਤ ਸਨ ਕਿ ਅਮਰੀਕਾ ਵਿਚ ਗਣਤੰਤਰੀ ਲੋਕਤੰਤਰ ਦੀ ਵਿਵਸਥਾ ਹੋਵੇ ਅਤੇ ਰਾਸ਼ਟਰਪਤੀ ਸ਼ਕਤੀਆਂ ਸਰਕਾਰ ਦੇ ਵਿਧਾਨਕ, ਕਾਰਜਕਾਰੀ ਅਤੇ ਨਿਆਂਇਕ ਮੱਦਾਂ ਵਿਚ ਵੰਡੀਆ ਜਾਣ। 17 ਸਤੰਬਰ 1787 ਤਕ ਰਾਜਾਂ ਦੇ 39 ਪ੍ਰਤੀਨਿਧੀਆਂ ਨੇ ਖਰੜੇ ਤੇ ਦਸਤਖਤ ਕਰ ਦਿੱਤੇ ਅਤੇ ਇਸ ਨਾਲ ਫਿਲਾਡੈਲਫੀਆ ਕਨਵੈਸ਼ਨ ਦੇ ਕਾਰਜ ਦੀ ਪੂਰਤੀ ਹੋ ਗਈ। ਇਸ ਖਰੜੇ ਤੇ ਹਾਲੀ ਬਾਕੀ ਰਾਜਾਂ ਦੀ ਪ੍ਰਵਾਨਗੀ ਦੀ ਲੋੜ ਸੀ। ਇਸ ਲਈ ਸੰਮੇਲਨ ਵਿਚ ਇਹ ਨਿਰਣਾ ਲਿਆ ਗਿਆ ਕਿ ਨਵਾਂ ਸੰਵਿਧਾਨ ਉਸ ਸਮੇ ਲਾਗੂ ਹੋਵੇਗਾ ਜਦੋ ਘੱਟ ਤੋ ਘੱਟ ਤਿੰਨ ਚੌਥਾਈ ਰਾਜ ਇਸ ਸੰਵਿਧਾਨ ਦੀ ਪੁਸ਼ਟੀ ਕਰ ਦੇਣਗੇ। ਇਹ ਪੁਸ਼ਟੀ ਵਿਸ਼ੇਸ਼ ਤੌਰ ਤੇ ਬਣਾਏ ਸੰਵਿਧਾਨ ਸੰਮੇਲਨ ਵਿਚ ਹੋਣੀ ਸੀ।

### 1.2.8 ਸੰਵਿਧਾਨ ਦਾ ਲਾਗੂ ਹੋਣਾ

ਭਾਵੇ ਨਵੇ ਸੰਵਿਧਾਨ ਦਾ ਕਈ ਪਾਸਿਆਂ ਤੋ ਵਿਰੋਧ ਹੋਇਆ, ਕਈ ਪ੍ਰਕਾਰ ਦੇ ਵਿਚਾਰਾਂ ਦਾ ਟਾਕਰਾ ਹੋਇਆ, ਸਾਰੇ ਰਾਜਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਨਵੇ ਸੰਵਿਧਾਨ ਵਿੱਚ ਅਧਿਕਾਰਾਂ ਦਾ ਕੋਈ ਜ਼ਿਕਰ ਨਹੀ ਹੈ, ਪਰ ਫਿਰ ਵੀ ਰਾਜਾਂ ਨੇ ਇਸ ਦੀ ਪੁਸ਼ਟੀ ਤੁਰੰਤ ਹੀ ਕਰ ਦਿੱਤੀ ਅਤੇ ਬਾਕੀ ਰਾਜਾਂ ਦੀ ਪੁਸ਼ਟੀ ਬਾਕੀ ਸੀ।ਹੌਲੀ ਹੌਲੀ ਦੂਜੇ ਰਾਜਾਂ ਦੁਆਰਾ ਵੀ ਪੁਸ਼ਟੀ ਕੀਤੀ ਜਾਣ ਲੱਗੀ। ਅੰਤ ਮਾਰਚ

1789 ਤਕ 10 ਰਾਜਾਂ ਨੇ ਇਸ ਦੀ ਪੁਸ਼ਟੀ ਕੀਤੀ ਸੀ। ਇਸ ਧੀਮੀ ਰਫਤਾਰ ਨੂੰ ਦੇਖਦੇ ਹੋਏ, ਅਮਰੀਕੀ ਨੇਤਾਵਾਂ ਨੇ ਪੁਸ਼ਟੀ ਕਰਵਾਉਣ ਦੀ ਇਕ ਜ਼ੋਰਦਾਰ ਮੁਹਿੰਮ ਸੁਰੂ ਕੀਤੀ। ਮਿਲਟੌਨ ਤੇ ਮੈਡੀਸਨ ਨੇ ਫੈਡਰਲਿਸਟ ਨਾਂ ਦੀ ਇਕ ਕਿਤਾਬ ਛਾਪੀ ਜਿਸ 'ਚ ਨਵੇ ਸੰਵਿਧਾਨ ਦੇ ਸਿਧਾਂਤ ਤੇ ਵਿਵਾਹਾਰਕ ਪੱਖ ਅਤੇ ਟਿੱਪਣੀਆਂ ਕੀਤੀਆਂ ਗਈਆਂ। ਜਾਰਜ ਵਾਸ਼ਿੰਗਟਨ ਇਸ ਨਵੇਂ ਰਾਜ ਦੇ ਸਰਬਸੰਮਤੀ ਨਾਲ ਰਾਸ਼ਟਰਪਤੀ ਨਿਯੁਕਤ ਕੀਤੇ ਗਏ। ਇਹੀ ਸੰਵਿਧਾਨ ਵਰਤਮਾਨ ਸਮੇ ਵੀ ਲਾਗੂ ਹੈ। ਭਾਵ ਸਮੇ ਸਮੇਂ ਵਿਚ ਇਸ ਵਿਚ ਸੰਸ਼ੋਧਨ ਵੀ ਹੁੰਦੇ ਆਏ ਹਨ, ਪਰ ਫਿਰ ਵੀ ਇਹ ਸੰਵਿਧਾਨ ਸੰਸਾਰ ਦੇ ਸੰਵਿਧਾਨਾਂ ਵਿਚ ਛੋਟਾ ਸੰਵਿਧਾਨ ਅਖਵਾਉਦਾ ਹੈ। ਇਸ ਵਿਚ 7 ਅਨੁਛੇ ਦ ਹਨ। ਬੜੀ ਅਚੰਭੇ ਵਾਲੀ ਗੱਲ ਹੈ ਕਿ ਲਗਭਗ ਦੋ ਸੌ ਸਾਲਾਂ ਵਿਚ ਕੇਵਲ ਛੱਬੀ ਸੋਧਾਂ ਹੀ ਹੋਈਆਂ ਸਨ।

ਇਸ ਚਰਚਾ ਉਪਰੰਤ ਅਸੀ ਕਹਿ ਸਕਦੇ ਹਾਂ ਕਿ ਅਮਰੀਕਾ ਦੇ ਸੰਵਿਧਾਨ ਦੇ ਲਾਗੂ ਹੋਣ ਤਕ ਕਈ ਪ੍ਰਕਾਰ ਦੀਆਂ ਨਵੀਆਂ ਪ੍ਰੰਪਰਾਵਾਂ ਵੀ ਉਪਜੀਆਂ ਹਨ ਜਿਨ੍ਹਾਂ ਦੀ ਵਿਸਥਾਰ ਅਸੀ ਅੱਗੇ ਕੀਤੀ ਹੈ, ਪਰੰਤੂ ਇਥੇ ਇਹ ਦੱਸਣਾ ਉੱਚਿਤ ਹੋਵੇਗਾ ਕਿ ਪ੍ਰਮੁੱਖ ਰੂਪ ਵਿਚ ਕਿਹੜੀਆਂ ਰਾਜਨੀਤਿਕ ਪ੍ਰੰਪਰਾਵਾਂ ਉਪਜੀਆਂ।

ਸਭ ਤੋ ਪਹਿਲੀ ਪਰੰਪਰਾ ਇਹ ਹੈ ਕਿ ਸੰਵਿਧਾਨ ਦਾ ਅਸਲੀ ਸਰੋਤ ਲੋਕ ਸ਼ਕਤੀ ਹੈ ਜਿਸ ਨਾਲ ਲੋਕ ਪ੍ਰਭੂਸਤਾ ਦਾ ਸਿਧਾਂਤ ਜੁੜਿਆ ਹੈ। ਜਿਸ ਦਾ ਜ਼ਿਕਰ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਸਪੱਸ਼ਟ ਹੈ। ਸੀਮਿਤ ਸਰਕਾਰ ਦੀ ਧਾਰਨਾ ਵੀ ਇਸ ਰਾਜਨੀਤਿਕ ਇਤਿਹਾਸ ਦੀ ਉਪਜ ਹੈ। ਸਰਕਾਰ ਦੇ ਕਾਰਜ ਅਤੇ ਉਸ ਦੀਆਂ ਸ਼ਕਤੀਆਂ ਸੀਮਿਤ ਹਨ। ਇਨ੍ਹਾਂ ਨੂੰ ਸੀਮਿਤ ਕਰਨ ਲਈ ਰੋਕ ਅਤੇ ਸਪਤੋਲ ਦਾ ਸਿਧਾਂਤ ਲਾਗੂ ਕੀਤਾ ਗਿਆ ਹੈ ਅਤੇ ਸੰਵਿਧਾਨ ਨੂੰ ਸਰਵਉੱਚਤਾ ਪ੍ਰਦਾਨ ਕੀਤੀ ਗਈ ਹੈ। ਇੱਥੇ ਹੀ ਬਸ ਨਹੀ, ਕਠੋਰ ਸੰਵਿਧਾਨ ਦੀ ਸਥਾਪਨਾ ਵੀ ਰਾਜਨੀਤਿਕ ਪ੍ਰੰਰਪਰਾ ਤੇ ਆਧਾਰਿਤ ਹੈ। ਸੰਘ ਪ੍ਰਣਾਲੀ, ਪ੍ਰਧਾਨਾਮਤਕ ਸਰਕਾਰ ਦੀ ਵਿਵਸਥਾ, ਨਾਗਰਿਕਾਂ ਦੇ ਅਧਿਕਾਰ, ਬਾਕੀ ਬਚੀਆਂ ਸ਼ਕਤੀਆਂ ਦੀ ਧਾਰਨਾ, ਸ਼ਕਤੀਆਂ ਦੀ ਅਲਿਹਦਗੀ, ਦੋ ਸਦਨੀ ਵਿਧਾਨ ਮੰਡਲ, ਸ਼ਕਤੀਸ਼ਾਲੀ ਸੈਨੇਟ, ਨਿਆਇਕ ਨਿਰੀਖਣ, ਦੋ ਦਲ ਪ੍ਰਣਾਲੀ, ਉਦਾਰਵਾਦੀ, ਲੋਕਤੰਤਰ ਆਦਿ ਇਹ ਸਾਰੀਆਂ ਰਾਜਨੀਤਿਕ ਪ੍ਰੰਪਰਾਵਾਂ ਇਸ ਲੰਮੇ ਇਤਿਹਾਸ ਦੀ ਉਪਜ ਹਨ। ਇਹ ਪ੍ਰੰਪਰਾਵਾਂ ਅੱਜ ਵੀ ਇਨ੍ਹਾਂ ਉਪਰੋਕਤ ਸਿਧਾਂਤਾਂ ਨਾਲ ਜੁੜੀਆਂ ਹਨ, ਕਿਉਕਿ ਹਰ ਪ੍ਰੰਪਰਾ ਦਾ ਇਹ ਇਤਿਹਾਸ ਹੈ ਅਤੇ ਉਹ ਕਿਸੇ ਨਾ ਕਿਸੇ ਸਿਧਾਂਤ ਤੇ ਆਧਾਰਿਤ ਹੈ। ਅੰਤ ਵਿਚ ਅਸੀ ਇਹ ਕਹਿ ਸਕਦੇ ਹਾਂ ਕਿ ਇੰਗਲੈਂਡ ਦੇ ਸੰਵਿਧਾਨ ਵਾਂਗ ਅਮਰੀਕਾ ਦਾ ਸੰਵਿਧਾਨ ਵੀ ਕਈ ਪ੍ਰਕਾਰ ਦੀਆਂ ਰਾਜਨੀਤਿਕ ਪ੍ਰੰਪਰਾਵਾਂ ਤੇ ਆਧਾਰਿਤ ਹੈ। ਉਨ੍ਹਾਂ ਪਰੰਪਰਾਵਾਂ ਦਾ ਇਕ ਲੰਮਾ ਇਤਿਹਾਸ ਹੈ ਕਿ ਜਿਸ ਨੂੰ ਵਿਚਾਰਨ ਉਪਰੰਤ ਅਸੀ ਇਹ ਨਿਰਣੇ ਤੇ ਪੁੱਜਦੇ ਹਾਂ ਕਿ ਅਮਰੀਕਾ ਦੀਆਂ ਰਾਜਨੀਤਿਕ ਪਰੰਪਰਾਵਾਂ ਦੇ ਹੇਠ ਲਿਖੇ ਤੱਤ ਹਨ:

1. ਅਮਰੀਕੀ ਲੋਕ ਆਪਣੇ ਅਧਿਕਾਰਾਂ ਬਾਰੇ ਬੜੇ ਜਾਗਰੂਕ ਹਨ। ਉਹ ਆਪਣੀਆਂ ਰਾਜਨੀਤਿਕ ਸੰਸਥਾਵਾਂ ਨੂੰ ਭਲੀ-ਭਾਂਤ ਜਾਣਦੇ ਹਨ ਅਤੇ ਉਨ੍ਹਾਂ ਨੂੰ ਸਵੀਕਾਰ ਕਰਦੇ ਹਨ ਅਤੇ ਆਪਣੇ ਅਧਿਕਾਰਾਂ ਅਤੇ ਮਾਨਵੀ ਅਧਿਕਾਰਾਂ ਦਾ ਸਨਮਾਨ ਕਰਦੇ ਹਨ।
2. ਵਧੇਰੇ ਅਮਰੀਕੀ ਲੋਕ ਆਪਣੀਆਂ ਰਾਜਨੀਤਿਕ ਸੰਸਥਾਵਾਂ ਪ੍ਰਤੀ ਸਾਕਾਰ ਰੂਪ ਵਿੱਚ ਗੌਰਵ ਪ੍ਰਾਪਤ ਕਰਦੇ ਹਨ, ਕਿਉਕਿ ਇਹ ਲਗਭਗ ਦੋ ਸੌ ਸਾਲਾਂ ਦੀ ਇਤਿਹਾਸਕ ਉਪਜ ਹਨ। ਉਹ ਇਨ੍ਹਾਂ ਤੋ ਵੱਖ ਨਹੀ ਹੋਣਾ ਚਾਹੁੰਦੇ।
3. ਵੱਖ-ਵੱਖ ਆਰਥਿਕ, ਸਮਾਜਕ ਅਤੇ ਰਾਜਨੀਤਿਕ ਵਿਵਸਥਾਵਾਂ ਦੇ ਬਾਵਜੂਦ ਇਨ੍ਹਾਂ ਵਿਚ ਨਿਰੰਤਰਤਾ ਰਹੀ ਹੈ। ਜਾਂ ਇਉ ਕਹਿ ਸਕਦੇ ਹਾਂ ਕਿ ਹਰ ਪ੍ਰਕਾਰ ਦੀਆਂ ਸਮਾਜਕ, ਰਾਜਨੀਤਿਕ ਆਰਥਿਕ ਵਿਭਿੰਨਤਾ ਦੇ ਬਾਵਜੂਦ ਰਾਜਨੀਤਿਕ ਪ੍ਰੰਪਰਾਵਾਂ ਹੋਂਦ ਵਿੱਚ ਆਈਆਂ ਜੋ ਸਾਰਿਆਂ ਨੇ ਸਵੀਕਾਰ ਕੀਤੀਆਂ ਹਨ।
4. ਵਿਅਕਤੀਤਵ ਅਤੇ ਸਮਾਜਿਕ ਵਿਕਾਸ ਦੇ ਮਹੱਤਵਪੂਰਨ ਲੱਛਣ ਹਨ ਜਿਨ੍ਹਾਂ ਨੇ ਇਨ੍ਹਾਂ ਪ੍ਰੰਪਰਾਵਾਂ ਦੀ ਉਪਜ ਵਿਚ ਸਹਿਯੋਗ ਦਿੱਤਾ ਹੈ। ਇਸ ਦੇ ਨਾਲ ਹੀ ਅਸੀ ਕਹਿ ਸਕਦੇ ਹਾਂ ਕਿ ਸਮਾਜਿਕ ਵਿਕਾਸ ਵਿਚ ਸਰਕਾਰ ਨੇ ਦਖਲ ਅੰਦਾਜ਼ੀ ਨਹੀ ਕੀਤੀ। ਇਸ ਨਾਲ ਅਮਰੀਕਨ ਲੋਕਾਂ ਦੇ ਵਿਅਕਤਿਤਵ ਦਾ ਵਿਕਾਸ ਲਗਾਤਾਰ ਹੁੰਦਾ ਆਇਆ ਹੈ ਅਤੇ ਹੋ ਰਿਹਾ ਹੈ ਅਤੇ ਇਹੀ ਵੱਡਾ ਕਾਰਨ ਹੈ ਕਿ ਅਮਰੀਕਨ ਰਾਜਨੀਤਿਕ ਪਰੰਪਰਾਵਾਂ ਵਿਕਸਿਤ ਹੋਈਆਂ ਤੇ ਹਾਲਾਂ ਤੱਕ ਪ੍ਰਵਾਣਿਤ ਹਨ।
5. ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਅਮਰੀਕੀ ਲੋਕ ਆਪਣੀਆਂ ਰਾਜਨੀਤਿਕ ਸੰਸਥਾਵਾਂ, ਪਰੰਪਰਾਵਾਂ ਬਾਰੇ ਪੂਰੀ ਤਰ੍ਹਾਂ ਸੁਚੇਤ ਹਨ ਕਿ ਇਨ੍ਹਾਂ ਤੋ ਕੀ ਲਾਭ ਹੈ ਤੇ ਕੀ ਹਾਨੀ, ਸਰਕਾਰ ਦੀਆਂ ਕੀ ਨੀਤੀਆਂ ਹਨ ਤੇ ਇਹ ਇਨ੍ਹਾਂ ਰਾਜਨੀਤਿਕ ਪਰੰਪਰਾਵਾਂ ਤੇ ਆਧਾਰਿਤ ਹਨ ਕਿ ਨਹੀ। ਕੀ ਇਹ ਰਾਜਨੀਤਿਕ ਉਦੇਸ਼ ਦੀ ਪੂਰਤੀ ਕਰਦੀਆਂ ਹਨ ਕਿ ਨਹੀ।
6. ਅਮਰੀਕਾ ਦੇ ਰਾਜਨੀਤਿਕ ਵਿਵਹਾਰ ਵਿੱਚ ਵਿਅਕਤੀ ਦੇ ਨਿੱਜੀ ਲਾਭਾਂ ਦਾ ਪ੍ਰਮੁੱਖ ਧਿਆਨ ਰੱਖਿਆ ਜਾਂਦਾ ਹੈ। ਇਸੇ ਲਈ ਉੱਥੇ free trade ਵਿਅਕਤੀਗਤ ਲਾਭ ਦੀਆਂ ਧਾਰਨਾਵਾਂ ਉਪਲਬਧ ਹਨ।
7. ਹਰ ਰਾਜਨੀਤਿਕ ਸੰਸਥਾ ਦੀ ਸਫਲਤਾ ਪਦਾਰਥਕ ਉੱਨਤੀ ਤੇ ਨਿਰਭਰ ਕਰਦੀ ਹੈ। ਇਸ ਲਈ ਅਮਰੀਕਾ ਵਿੱਚ ਸਾਇੰਸ,

ਉਦਯੋਗ ਤਕਨੀਕੀ ਉੱਨਤੀ ਉੱਥੇ ਦੀ ਰਾਜਨੀਤੀ ਦੀ ਆਧਾਰਸ਼ਿਲਾ ਹੈ।

8. ਅਮਰੀਕੀ ਲੋਕਾਂ ਨੂੰ ਆਤਮ ਵਿਸ਼ਵਾਸ ਹੈ, ਉਹ ਆਪਣੇ ਆਪ ਨੂੰ ਹਰ ਕੰਮ ਦੇ ਯੋਗ ਸਮਝਦੇ ਹਨ। ਉਹ ਰਾਜਨੀਤਿਕ ਇਕਰੂਪਤਾ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਇਹ ਦੋਨੋ ਗੱਲਾਂ ਹੀ ਉੱਥੇ ਦੇ ਰਾਜਨੀਤਿਕ ਸੰਸਥਾ ਦੀਆਂ ਆਧਾਰਸ਼ਿਲਾ ਹਨ।
9. ਭਾਵੇ ਅੱਜ ਉਥੇ ਕਈ ਪ੍ਰਕਾਰ ਦੀਆਂ ਤਰੁੱਟੀਆਂ ਆ ਗਈਆਂ ਹਨ ਜਿਹੜੀਆਂ ਕਿ ਰਾਜਨੀਤਿਕ ਪ੍ਰੰਪਰਾਵਾਂ ਲਈ ਘਾਤਕ ਹਨ ਜਿਵੇ ਕਿ ਰਾਜਨੀਤੀ ਵਿਚ ਅਵਿਸ਼ਵਾਸ ਤੇ ਰਾਜਨੀਤੀ ਵਿਚ ਘੱਟ ਦਿਲਚਸਪੀ ਲੈਣਾ ਆਦਿ ਅਤੇ ਸਮਾਜ ਵਿਗਿਆਨੀ ਇਸ ਵੱਲ ਵਧੇਰੇ ਧਿਆਨ ਦੇ ਰਹੇ ਹਨ, ਪਰ ਫਿਰ ਵੀ ਸਮੁੱਚਾ ਅਮਰੀਕੀ ਸਮਾਜ ਇਨ੍ਹਾਂ ਪਰੰਪਰਾਵਾਂ ਪ੍ਰਤੀ ਵਚਨਬਧ ਹੈ ਇਨ੍ਹਾਂ ਨੂੰ ਪੂਰੀ ਮਾਨਤਾ ਦਿੰਦਾ ਹੈ ਅਤੇ ਇਹੀ ਕਾਰਨ ਹੈ ਕਿ ਇਹ ਅੱਜ ਵੀ ਇੰਨ ਬਿੰਨ ਪ੍ਰਚਲਤ ਹਨ।

### 1.2.9 ਸੰਵਿਧਾਨ ਦੀ ਉਪਜ (Origin of the Constitution)

ਸੰਨ 1776 ਤਕ ਸੰਯੁਕਤ ਰਾਜ ਅਮਰੀਕਾ ਹੋਦ ਵਿੱਚ ਨਹੀ ਆਇਆ ਸੀ, ਸਗੋ ਇਹ ਵੱਖ-ਵੱਖ ਤੇਰ੍ਹਾਂ ਬਸਤੀਆਂ ਵਿਚ ਵੰਡਿਆ ਹੋਇਆ ਸੀ, ਜਿਨ੍ਹਾਂ ਉੱਤੇ ਬਰਤਾਨੀਆਂ ਦਾ ਰਾਜ ਸੀ। ਸਾਰੀਆਂ ਨੌ ਬਸਤੀਆਂ ਨੂੰ ਅੰਦਰੂਨੀ ਮਾਮਲਿਆਂ ਵਿਚ ਕਾਫੀ ਖੁਦਮੁਖਤਿਆਰੀ ਪ੍ਰਾਪਤ ਸੀ, ਪਰ ਜਰੂਰੀ ਤੇ ਪ੍ਰਮੁੱਖ ਮਾਮਲਿਆਂ ਵਿੱਚ ਅਸਲ ਅਖਤਿਆਰ ਬਰਤਾਨੀਆ ਸਰਕਾਰ ਪਾਸ ਸਨ। ਇਹੀ ਉਹ ਗੱਲ ਸੀ ਜਿਸ ਦਾ ਵਿਰੋਧ ਨੌ ਬਸਤੀਆਂ ਕਰਦੀਆਂ ਸਨ ਜਿਸ ਦਾ ਅੰਤਿਮ ਸਿੱਟਾ 'ਆਜ਼ਾਦੀ ਦਾ ਐਲਾਨ (Declaration of Independence) ਵਿਚ ਨਿਕਲਿਆ ਸੀ। ਬਰਤਾਨਵੀ ਸਰਕਾਰ ਵਿਰੁੱਧ ਸਾਂਝੀ ਨੀਤੀ ਅਪਨਾਉਣ ਲਈ ਸਾਰੀਆਂ ਤੇਰ੍ਹਾਂ ਬਸਤੀਆਂ ਨੂੰ ਇਕੱਠਿਆ ਕਰਨ ਦੇ ਯਤਨ ਹੋਣ ਲੱਗੇ।

ਇਹਨਾਂ ਬਸਤੀਆਂ ਨੇ ਜਾਰਜ ਵਾਸ਼ਿੰਗਟਨ ਦੀ ਅਗਵਾਈ ਅਧੀਨ ਆਜ਼ਾਦੀ ਦਾ ਡੰਕਾ ਵਜਾ ਦਿੱਤਾ ਅਤੇ 1776 ਵਿਚ Article of Confederation ਦੁਆਰਾ ਆਜ਼ਾਦੀ ਦਾ ਐਲਾਨ ਕਰ ਦਿੱਤਾ ਅਤੇ ਇਸ ਤਰ੍ਹਾਂ ਅਮਰੀਕਨ ਮਹਾਂ ਸੰਘ (confederation) ਦਾ ਜਨਮ ਹੋਇਆ। ਪਰੰਤੂ ਇਹ ਇਕ ਕਮਜ਼ੋਰ ਸੰਘੀ ਵਿਸ਼ਵਾਸ ਸੀ। ਕੁਝ ਸਮੇਂ ਬਾਅਦ ਇਕ ਸ਼ਕਤੀਸ਼ਾਲੀ ਸੰਘ ਬਣਾਉਣ ਦੇ ਵਿਚਾਰ ਨੇ ਜ਼ੋਰ ਪਕੜਿਆ। 25 ਮਈ 1787 ਨੂੰ ਫਿਲਾਡੈਲਫੀਆ ਸੰਮੇਲਨ ਸ਼ੁਰੂ ਹੋਇਆ ਜਿਸ ਵਿਚ ਸੰਵਿਧਾਨ ਉੱਤੇ ਨਵੇ ਸਿਰੇ ਤੋ ਵਿਚਾਰ ਕੀਤਾ ਜਾਵੇ।

ਇਸ ਗੱਲ ਦਾ ਆਰੰਭ ਵਿਚ ਇਹ ਫੈਸਲਾ ਕਰ ਲਿਆ ਗਿਆ ਕਿ ਸੰਵਿਧਾਨ ਕੇਵਲ ਉਦੋ ਲਾਗੂ ਹੋਵੇਗਾ ਜਦੋ ਕਿ 13 ਰਾਜਾਂ ਵਿਚ ਘੱਟੋ ਘੱਟ 9 ਰਾਜ ਇਸ ਦੀ ਪੁਸ਼ਟੀ ਕਰਨਗੇ। ਨਵੇਂ ਸੰਵਿਧਾਨ ਦੀ ਪੁਸ਼ਟੀ ਕੋਈ ਸੌਖੀ ਪ੍ਰਤੀਤ ਨਹੀ ਹੁੰਦੀ ਸੀ, ਕਿਉਂਕਿ ਇਹ ਸੰਵਿਧਾਨ ਫਿਲਾਡੈਲਫੀਆ ਸੰਮੇਲਨ ਵਿੱਚ ਭਾਗ ਲੈਣ ਵਾਲੇ ਰਾਜਾਂ ਦੀਆਂ ਮੁੱਢਲੀਆਂ ਹਦਾਇਤਾਂ ਤੋ਼ ਬਹੁਤ ਦੂਰ ਚਲਾ ਗਿਆ ਸੀ ਤੇ ਕਨਫੈਡਰੇਸ਼ਨ ਤੋ ਅੰਤਰ-ਨਿਯਮਾਂ ਦੀ ਥਾਂ ਇਕ ਅਸਲੋ ਨਵਾਂ ਸੰਵਿਧਾਨ ਤਿਆਰ ਕਰ ਲਿਆ ਗਿਆ ਸੀ, ਪਰ ਫਿਰ ਵੀ 21 ਜੂਨ, 1787 ਤਕ 9 ਰਾਜਾਂ ਨੇ ਨਵੇ ਸੰਵਿਧਾਨ ਦੀ ਪੁਸ਼ਟੀ ਕਰ ਦਿੱਤੀ। ਇਸ ਲਈ ਇਸ ਨੂੰ ਲਾਗੂ ਕਰਨ ਦਾ ਫੈਸਲਾ ਹੋ ਗਿਆ। ਇਉ ਨਵਾਂ ਸੰਵਿਧਾਨ 4 ਮਾਰਚ, 1789 ਨੂੰ ਲਾਗੂ ਕੀਤਾ ਗਿਆ।

### 1.2.10 ਅਮਰੀਕਾ ਦੇ ਸੰਵਿਧਾਨ ਦੇ ਲੱਛਣ (Features of the U.S. Constitution)

#### 1.2.10.1 ਲਿਖਤੀ ਸੰਵਿਧਾਨ

ਅਮਰੀਕਾ ਦੇ ਸੰਵਿਧਾਨ ਤੇ ਗਤੀਹੀਣ ਹੋਣ ਦਾ ਦੋਸ਼ ਲਗਾਇਆ ਜਾਂਦਾ ਹੈ, ਕਿਉਕਿ ਸੰਸ਼ੋਧਨ ਢੰਗ ਕਠੋਰ ਹੋਣ ਇਸ ਵਿਚ ਬਹੁਤ ਘੱਟ ਸੰਸ਼ੋਧਨ ਹੋਏ ਹਨ, ਪਰ ਧਿਆਨ ਨਾਲ ਪਰਖਿਆ ਸਪਸ਼ਟ ਹੋ ਜਾਂਦਾ ਹੈ ਕਿ ਇਹ ਇਕ ਜਿਉਦਾ ਜਾਗਦਾ ਸੰਵਿਧਾਨ ਹੈ। ਭਾਵੇ ਇਹ ਅੱਜ ਤੋ ਦੋ ਸਦੀਆਂ ਪਹਿਲਾਂ ਇਕ ਬਹੁਤ ਘੱਟ ਆਬਾਦੀ ਵਾਲੇ ਤੇ ਖੇਤੀਬਾੜੀ ਆਰਥਿਕਤਾ ਵਾਲੇ ਦੇਸ਼ ਲਈ ਬਣਿਆ ਸੀ, ਫਿਰ ਵੀ ਇਸ ਨੇ ਸਮੇ ਦੀ ਲੋੜ ਤੇ ਲੋਕਾਂ ਦੀਆਂ ਆਸ਼ਾਵਾਂ ਅਨੁਸਾਰ ਆਪਣੇ ਆਪ ਨੂੰ ਢਾਲ ਲਿਆ ਹੈ ਅਤੇ ਅੱਜ ਦੇ ਸਭ ਤੋ ਵੱਧ ਵਿਕਸਿਤ ਤੇ ਸ਼ਕਤੀਸ਼ਾਲੀ ਦੇਸ਼ ਦੇ ਸੰਵਿਧਾਨ ਵਜੋ ਵੀ ਸਫਲਤਾ ਪੂਰਵਕ ਕਾਰਜ ਕਰ ਰਿਹਾ ਹੈ।

ਅਮਰੀਕਾ ਦਾ ਸੰਵਿਧਾਨ ਸੰਸਾਰ ਵਿਚ ਲਿਖਤੀ ਸੰਵਿਧਾਨ ਦੀ ਇਕ ਪ੍ਰਮਾਣਿਤ ਉਦਾਹਰਣ ਹੈ ਭਾਵੇਂ ਕਿ ਇਸ ਵਿਚ ਕੁਝ ਅਲਿਖਤੀ ਲੱਛਣ ਵੀ ਮੌਜੂਦ ਹਨ। ਅਮਰੀਕਨ ਸ਼ਾਸਨ ਪ੍ਰਣਾਲੀ ਦੇ ਕੁਝ ਅਜਿਹੇ ਲੱਛਣ ਵੀ ਹਨ ਜਿਨ੍ਹਾਂ ਦਾ ਬੁਨਿਆਦੀ ਜ਼ਾਹਿਰਾ ਤੌਰ ਤੇ ਸੰਵਿਧਾਨ ਨਹੀ ਸਗੋ ਉਹਨਾ ਅਦਾਲਤੀ ਵਿਆਖਿਆਵਾਂ, ਰਿਵਾਜ਼ਾਂ ਅਤੇ ਰਸਮਾਂ ਤੋ਼ ਹੈ ਜੋ ਲੰਬੇ ਸਮੇਂ ਤੋਂ ਚਲਦੀਆਂ ਆ ਰਹੀਆਂ ਹੋਣ ਕਾਰਨ ਸੰਵਿਧਾਨ ਦਾ ਹਿੱਸਾ ਬਣ ਗਈਆਂ ਹਨ। ਸੰਵਿਧਾਨ ਦੇ ਵਿਕਾਸ ਵਿਚ ਹੇਠ ਲਿਖੇ ਤੱਤਾਂ ਨੇ ਆਪਣਾ ਹਿੱਸਾ ਪਾਇਆ ਹੈ।

**(ੳ) ਅਦਾਲਤੀ ਵਿਆਖਿਆਵਾਂ –**

ਸੰਵਿਧਾਨ ਦੇ ਅਨੁਛੇਦਾਂ ਅਤੇ ਸੈਕਸ਼ਨਾਂ ਨੂੰ ਸਾਧਾਰਣ ਸ਼ਬਦਾਂ ਵਿਚ ਲਿਖਿਆ ਗਿਆ ਹੈ, ਇਸ ਲਈ ਇਹਨਾਂ ਦੀਆਂ ਕਈ ਪ੍ਰਕਾਰ ਦੀਆਂ ਵਿਆਖਿਆਵਾਂ ਹੋ ਸਕਦੀਆਂ ਹਨ। ਅਮਰੀਕਾ ਦੀ ਸੁਪਰੀਮ ਕੋਰਟ ਅੰਤਮ ਵਿਆਖਿਆਕਾਰ ਹੋਣ ਦੇ ਨਾਤੇ ਇਸ ਪੱਖੋ ਵਿਸ਼ੇਸ਼ ਰੋਲ ਅਦਾ ਕਰਦੀ ਹੈ। ਇਨ੍ਹਾਂ ਵਿਆਖਿਆਵਾਂ ਦੇ ਸਦਕੇ ਹੀ ਅਮਰੀਕਾ ਦਾ ਸੰਵਿਧਾਨ ਸਮੇਂ ਦੇ ਅਨੁਸਾਰ ਉੱਨਤੀ ਤੇ ਵਿਕਾਸ ਕਰਦਾ ਰਿਹਾ ਹੈ। ਇਸ ਤਰ੍ਹਾਂ ਅੰਤਰ-ਨਿਹਿਤ ਸ਼ਕਤੀਆਂ (implied powers) ਦੀ ਧਾਰਨਾ, ਜਿਸ ਨੇ ਰਾਜਾਂ ਦੇ ਮੁਕਾਬਲੇ ਤੇ ਕੇਂਦਰ ਨੂੰ ਵਧੇਰੇ ਮਜ਼ਬੂਤ ਬਣਾਇਆ ਹੈ, ਸੁਪਰੀਮ ਕੋਰਟ ਦੀ ਦੇਣ ਹੈ। ਕਾਂਗਰਸ ਨੂੰ ਨਿਗਮ (ਜਿਵੇਂ ਬੈਂਕ) ਬਣਾਉਣ ਬਾਰੇ ਜੋ ਸ਼ਕਤੀਆਂ ਮਿਲਦੀਆਂ ਹਨ ਉਹ ਨਿਆਇਕ ਵਿਆਖਿਆ ਦਾ ਹੀ ਸਿੱਟਾ ਹਨ। ਵਿਆਖਿਆ ਸਮੇ ਅਦਾਲਤ ਆਮ ਤੌਰ ਤੇ ਪਿਛਲੇ ਫੈਸਲਿਆਂ ਦੇ ਅਸਰ ਤੇ ਹੀ ਚਲਦੀ ਹੈ, ਪਰ ਕਈ ਵਾਰ ਇਸ ਨੇ ਫੈਸਲਿਆਂ ਦੇ ਉਲਟ ਫੈਸਲਾ ਦਿੱਤਾ ਹੈ ਜਾਂ ਇਨ੍ਹਾਂ ਨੂੰ ਸੋਧਿਆ ਹੈ। ਸੰਵਿਧਾਨ ਵਿਚ ਟੈਕਸ ਅਤੇ ਵਪਾਰ ਦਾ ਜੋ ਵਰਣਨ ਹੈ, ਕੋਰਟ ਲਈ ਉਨ੍ਹਾਂ ਦਾ ਕੋਈ ਪ੍ਰਮਾਣਿਕ ਅਰਥ ਨਹੀ। ਸੁਪਰੀਮ ਕੋਰਟ ਦੀ ਮਹੱਤਤਾ ਦਾ ਪਤਾ ਇਸ ਕਥਨ ਤੋ ਲਗ ਜਾਂਦਾ ਹੈ ਕਿ ਅਮਰੀਕਾ ਦੇ ਸੰਵਿਧਾਨ ਵਿਚ ਹਰ ਸੋਮਵਾਰ ਸਵੇਰੇ ਤਰਮੀਮ ਹੋ ਜਾਂਦੀ ਹੈ, ਜਦੋ ਸੁਪਰੀਮ ਕੋਰਟ ਆਪਣਾ ਫੈਸਲਾ ਦਿੰਦੀ ਹੈ।

**(ਅ) ਕਾਂਗਰਸ ਦਾ ਰੋਲ (Role of Congress)** -

ਦੂਜੇ ਕਾਂਗਰਸ ਦੀਆਂ ਸੰਵਿਧੀਆਂ (Statues) ਕਰਨ ਦਾ ਸੰਵਿਧਾਨ ਵਿਚ ਕਾਫੀ ਵਾਧਾ ਹੋਇਆ ਹੈ। ਸੰਵਿਧੀਆਂ ਦੁਆਰਾ ਸੰਵਿਧਾਨ ਦੇ ਸਾਧਾਰਣ ਸ਼ਬਦਾਂ ਦੀ ਇਸ ਪ੍ਰਕਾਰ ਵਿਆਖਿਆ ਕੀਤੀ ਗਈ ਹੈ ਕਿ ਇਹਨਾ ਦੇ ਅਰਥ ਹੀ ਹੋਰ ਹੋ ਗਏ ਹਨ। ਇਹਨਾਂ ਦਾ ਪ੍ਰਭਾਵ ਇਸ ਤਰ੍ਹਾਂ ਹੁੰਦਾ ਹੈ ਜਿਵੇ ਕਿ ਸੰਵਿਧਾਨ ਵਿੱਚ ਰਸਮੀ ਤੌਰ ਤੇ ਸੰਸ਼ੋਧਨ ਕਰ ਦਿੱਤਾ ਗਿਆ ਹੋਵੇ। ਕਾਂਗਰਸ ਦੀਆਂ ਇਹਨਾ ਵਿਆਖਿਆਵਾਂ ਦਾ ਮੁੱਖ ਆਧਾਰ ਉਹ ਅੰਤਰਨਿਹਿਤ ਸ਼ਕਤੀ (implied power) ਹੈ ਜੋ ਇਸ ਨੂੰ ਉਨ੍ਹਾਂ ਸਾਰਿਆਂ ਕਾਨੂੰਨਾਂ ਨੂੰ ਬਣਾਉਣ ਦਾ ਅਧਿਕਾਰ ਦੇਂਦੀ ਹੈ ਜੋ ਜ਼ਰੂਰੀ ਤੇ ਉੱਚਿਤ ਹਨ, ਭਾਵ ਸੰਵਿਧਾਨ ਦੁਆਰਾ ਸੌਂਪੀਆਂ ਸ਼ਕਤੀਆਂ (delegated powers) ਨੂੰ ਅਸਲੀ ਰੂਪ ਦੇਣ ਲਈ ਲੋੜੀਦੀਆਂ ਸ਼ਕਤੀਆਂ ਹਨ। ਇਸ ਤਰ੍ਹਾਂ ਕਾਂਗਰਸ ਨੇ ਕਈ ਕਾਰਜਕਾਰੀ ਵਿਭਾਗ ਬਣਾਏ ਹਨ ਜਿਨ੍ਹਾਂ ਬਾਰੇ ਸੰਵਿਧਾਨ ਵਲੋ ਸਪਸ਼ਟ ਅਧਿਕਾਰ ਪ੍ਰਾਪਤ ਨਹੀ ਸੀ। ਸੰਵਿਧਾਨ ਵਿੱਚ ਕਿਧਰੇ ਨਹੀ ਦੱਸਿਆ ਗਿਆ ਕਿ ਸਰਕਾਰ ਦੀਆਂ ਹੇਠਲੀਆਂ ਪਦਵੀਆਂ ਦੇ ਅਧਿਕਾਰ ਕਿਵੇ ਚੁਣੇ ਜਾਣਗੇ। ਸੰਵਿਧਾਨ ਵਿਚ ਜੋ ਲਿਖਿਆ ਹੋਇਆ ਹੈ ਉਹ ਇਹ ਹੈ ਕਿ ਉਹਨਾਂ ਦੀ ਨਿਯੁਕਤੀ ਦਾ ਅਧਿਕਾਰ ਰਾਸ਼ਟਰਪਤੀ, ਕਾਨੂੰਨੀ ਅਦਾਲਤ ਜਾਂ ਵਿਭਾਗ ਦੇ ਮੁਖੀਆਂ ਪਾਸ ਹੋਵੇਗਾ। ਫਿਰ ਵੀ ਕਾਂਗਰਸ ਨੇ ਕਈ ਸਾਲ ਹੋਏ ਇਕ ਸਿਵਲ ਸੇਵਾ ਕਾਨੂੰਨ ਬਣਾ ਦਿੱਤਾ ਜਿਸ ਦੁਆਰਾ ਹੋਰਨਾਂ ਗੱਲਾਂ ਤੋ ਇਲਾਵਾ ਇਕ ਸਿਵਲ ਸੇਵਾ ਕਮਿਸ਼ਨ ਨੂੰ ਬੁਲਾਉਣ ਅਤੇ ਹੇਠਲੀਆਂ ਅਸਾਮੀਆਂ ਦੇ ਮੁਕਾਬਲੇ ਸ਼ਕਤੀਆਂ ਦੀ ਵਿਸ਼ਾਲ ਵਿਆਖਿਆ ਦੁਆਰਾ ਕਾਂਗਰਸ ਨੇ ਦਰਜਨਾਂ ਪ੍ਰਸ਼ਾਸਕੀ ਬੋਰਡ ਤੇ ਬਿਊਰੋ ਬਣਾਏ ਹੋਏ ਹਨ ਅਤੇ ਆਪਣੇ ਅਧਿਕਾਰਾਂ ਨੂੰ ਵਿਸ਼ਾਲ ਕਰ ਲਿਆ ਹੈ ਅਤੇ ਇਕ ਉੱਨਤ ਉਦਯੋਗ ਪ੍ਰਧਾਨ ਤੇ ਜਟਿਲ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਜੀਵਨ ਨੂੰ ਵਿਨਿਯਮਤ ਕਰਨ ਦਾ ਅਧਿਕਾਰ ਪ੍ਰਾਪਤ ਕਰ ਲਿਆ ਹੈ।

**(ੲ) ਰਾਸ਼ਟਰਪਤੀ ਦਾ ਰੋਲ (Role of President) –**

ਸੰਵਿਧਾਨ ਨਾਲ ਛੇੜ ਛਾੜ ਕਰਨ ਦਾ ਅਧਿਕਾਰ ਕੇਵਲ ਨਿਆਂਪਾਲਿਕਾ ਅਤੇ ਕਾਂਗਰਸ ਨੂੰ ਹੀ ਪ੍ਰਾਪਤ ਨਹੀ ਸਗੋ ਕਈ ਵਾਰ ਰਾਸ਼ਟਰਪਤੀ ਨੇ ਵੀ ਇਸ ਪਾਸੇ ਦਖਲ ਦਿੱਤਾ ਹੈ ਅਤੇ ਉਹਨਾਂ ਦੇ ਵਿਚਾਰ ਮੰਨੇ ਗਏ ਹਨ। ਰਾਸ਼ਟਰਪਤੀ ਜੈਫਰਸਨ ਨੇ ਕਾਂਗਰਸ ਵੱਲੋ ਪੂਰਵ ਅਧਿਕਾਰ ਸ਼ਕਤੀ ਲਏ ਬਿਨਾਂ ਹੀ ਲੂਈਸੀਆਨਾਂ ਨੂੰ ਪ੍ਰਾਪਤ ਕਰ ਲਿਆ ਸੀ। ਇਸੇ ਤਰ੍ਹਾਂ ਰਾਸ਼ਟਰਪਤੀ ਵਿਲਸਨ ਅਤੇ ਫਰੈਂਕਲਿਨ ਰੂਜ਼ਵੈਲਟ ਨੇ ਇਹ ਦਲੀਲ ਦਿੱਤੀ ਸੀ ਕਿ ਕਾਰਜਕਾਰੀ ਕਰਮਚਾਰੀਆਂ ਨੂੰ ਹਟਾਉਣ ਸੰਬੰਧੀ ਰਾਸ਼ਟਰਪਤੀ ਦੇ ਅਧਿਕਾਰ ਉੱਤੇ ਕਾਂਗਰਸ ਕੋਈ ਪਾਬੰਦੀ ਨਹੀ ਲਾ ਸਕਦੀ। ਕਲੀਵਲੈਂਡ ਨੇ ਵੀ ਕਿਸੇ ਰਾਜ ਵਿਚ ਫੈਡਰਲ ਕਾਨੂੰਨ ਨੂੰ ਲਾਗੂ ਕਰਨ ਅਤੇ ਫੈਡਰਲ ਸੰਪਤੀ ਦੀ ਰੱਖਿਆ ਲਈ ਫੈਡਰਲ ਫੌਜੀ ਸ਼ਕਤੀ ਦਾ ਪ੍ਰਯੋਗ ਕਰਨ ਸੰਬੰਧੀ ਆਪਣੇ ਅਧਿਕਾਰ ਉੱਤੇ ਜ਼ੋਰ ਦਿੱਤਾ ਸੀ। ਇਸ ਵੇਲੇ ਅਮਰੀਕਾ ਦਾ ਰਾਸ਼ਟਰਪਤੀ ਸੰਸਾਰ ਦੇ ਕਿਸੇ ਹਿੱਸੇ ਵਿਚ ਵੀ ਅਮਰੀਕਾ ਦੇ ਫੌਜੀਆਂ ਨੂੰ ਕਾਂਗਰਸ ਦੀ ਮਨਜ਼ੂਰੀ ਤੋ ਬਗੈਰ ਭੇਜ ਸਕਦਾ ਹੈ ਜਿਸ ਕਾਰਣ ਵਿਸ਼ਵ ਰਾਜਨੀਤੀ ਵਿਚ ਅਮਰੀਕਾ ਦੇ ਰੋਲ ਦੀ ਵਿਸ਼ੇਸ਼ ਥਾਂ ਹੈ।

**(ਸ) ਰਸਮਾਂ ਅਤੇ ਰਿਵਾਜ (Conventions and Customs)** -

ਅਮਰੀਕਾ ਦੇ ਸੰਵਿਧਾਨ ਵਿਚ ਤਬਦੀਲੀਆਂ ਲਿਆਉਣ ਵਿਚ ਰਸਮਾਂ ਅਤੇ ਰਿਵਾਜਾਂ ਦਾ ਰੋਲ ਵੀ ਘੱਟ ਨਹੀ ਰਿਹਾ। ਸੰਵਿਧਾਨ ਵਿਚ ਰਾਜਨੀਤਿਕ ਪਾਰਟੀਆਂ ਦਾ ਕਿਧਰੇ ਵੀ ਜ਼ਿਕਰ ਨਹੀ, ਪਰ ਫਿਰ ਵੀ ਰਾਜਨੀਤਿਕ ਪ੍ਰਣਾਲੀ ਦਾ ਇਕ ਅਨਿਖੜਵਾਂ ਅੰਗ ਬਣ ਗਈਆਂ

ਹਨ। ਰਾਸ਼ਟਰਪਤੀ ਦੀ ਚੋਣ ਅਸਲ ਵਿਚ ਅਪ੍ਰੱਤਖ ਹੀ ਰੱਖੀ ਗਈ ਸੀ, ਪਰ ਰਿਵਾਜ ਨੇ ਇਸ ਨੂੰ ਪ੍ਰੱਤਖ ਬਣਾ ਦਿੱਤਾ ਹੈ। ਰਾਸ਼ਟਰਪਤੀ ਦੀ ਕੈਬਨਿਟ ਵਿਚ ਵੀ ਤਕਰੀਬਨ ਰਿਵਾਜ ਦੀ ਹੀ ਉਪਜ ਹੈ। ਵਿਧਾਨਿਕ ਕਮੇਟੀਆਂ, ਜਿਨ੍ਹਾਂ ਬਾਰੇ ਸੰਵਿਧਾਨ ਵਿਚ ਕਿਤੇ ਵਰਣਨ ਨਹੀ ਖੁਦ ਵਿਧਾਨ ਮੰਡਲ ਵਾਂਗ ਸਥਾਈ ਬਣ ਗਈਆਂ ਸਨ।

### 1.2.10.2. ਅਮਰੀਕੀ-ਸੰਵਿਧਾਨ ਦੇਸ਼ ਦਾ ਸਰਵ-ਉੱਚ ਕਾਨੂੰਨ ਹੈ (Constitution is the supreme Law of the Land)

ਇੰਗਲੈਡ ਵਿਚ ਪ੍ਰਭੂਤਾ ਸੰਸਦ ਦੇ ਹੱਥਾਂ ਵਿਚ ਹੁੰਦੀ ਹੈ, ਪਰ ਅਮਰੀਕਾ ਵਿਚ ਸਰਕਾਰ ਦੇ ਅਧਿਕਾਰ ਸੰਵਿਧਾਨ ਵਿਚ ਹੀ ਵਰਣਨ ਕਰ ਦਿੱਤੇ ਗਏ ਹਨ ਤੇ ਸੰਵਿਧਾਨ ਸਥਾਨਕ, ਪ੍ਰਾਂਤਕ ਤੇ ਰਾਸ਼ਟਰਪਤੀ ਸਰਕਾਰ ਦੇ ਸਾਰੇ ਅੰਗਾਂ ਨਾਲੋ ਉੱਚਾ ਹੁੰਦਾ ਹੈ। ਇਸ ਦੇ ਕਾਨੂੰਨ ਹਰ ਇਕ ਤੇ ਇਕੋ ਜਿਹੇ ਇਕਸਾਰ ਲਾਗੂ ਹੁੰਦੇ ਹਨ ਭਾਵੇ ਕੋਈ ਰਾਜ ਦਾ ਮੁੱਖ ਕਾਰਜਕਾਰੀ ਹੋਵੇ ਜਾਂ ਭਾਵੇ ਸਾਧਾਰਣ ਨਾਗਰਿਕ। ਜੇ ਕੋਈ ਵਿਅਕਤੀ ਜਾਂ ਸੰਸਥਾ, ਸਰਕਾਰੀ ਜਾਂ ਗੈਰ-ਸਰਕਾਰੀ ਸੰਵਿਧਾਨ ਦੇ ਕਾਨੂੰਨਾਂ ਦੀ ਉਲੰਘਣਾ ਕਰੇ ਤਾਂ ਦੇਸ਼ ਦੀ ਸਰਵਉੱਚ ਅਦਾਲਤ ਉਨ੍ਹਾਂ ਦੇ ਅਮਲ ਨੂੰ ਗੈਰ-ਕਾਨੂੰਨੀ ਕਰਾਰ ਦਿੰਦੀ ਹੈ।

### 1.2.10.3ਇਹ ਸੰਵਿਧਾਨ ਸੰਘਾਤਮਕ ਸ਼ਾਸਨ ਦੀ ਸਥਾਪਨਾ ਕਰਦਾ ਹੈ। (Constitution establishs a Federal System)

ਸੰਵਿਧਾਨ ਦੇ ਪਿਛੋਕੜ ਤੋਂ ਤੁਹਾਨੂੰ ਪਤਾ ਲਗ ਹੀ ਗਿਆ ਹੋਵੇਗਾ ਕਿ ਸੰਵਿਧਾਨ ਨੇ ਅਮਰੀਕਾ ਵਿਚ ਸੰਘ ਰਾਜ ਦੀ ਸਥਾਪਨਾ ਕੀਤੀ। ਸ਼ੁਰੂ ਵਿਚ 13 ਰਾਜਾਂ ਨੇ ਮਿਲ ਕੇ ਇਸ ਸੰਘ ਨੂੰ ਬਣਾਇਆ ਸੀ, ਪਰ ਇਸ ਵਿਚ ਹੁਣ 50 ਰਾਜ ਹਨ।

ਸੰਵਿਧਾਨ ਦੁਆਰਾ ਸੰਘ ਅਤੇ ਰਾਜ ਦੀ ਸ਼ਕਤੀਆਂ ਦੀ ਵੰਡ ਕੀਤੀ ਹੈ। ਸੰਘ ਦੀਆਂ ਸ਼ਕਤੀਆਂ ਨਿਸ਼ਚਿਤ ਹਨ, ਬਾਕੀ ਦੀਆਂ ਸ਼ਕਤੀਆਂ ਰਾਜਾਂ ਪਾਸ ਰਹਿਣ ਦਿੱਤੀਆਂ ਗਈਆਂ ਹਨ। ਸੋ ਰਾਜਾਂ ਦੇ ਮੁਕਾਬਲੇ ਸੰਘ ਦੀ ਸ਼ਕਤੀ ਘੱਟ ਸੀ, ਪਰ ਸੰਘੀ ਕਾਨੂੰਨਾਂ ਨੂੰ ਆਪਣੇ ਖੇਤਰ ਵਿਚ ਰਾਜਾਂ ਦੇ ਕਾਨੂੰਨਾਂ ਉੱਤੇ ਸ਼੍ਰੇਸ਼ਟਤਾ ਪ੍ਰਾਪਤ ਹੈ। ਰਾਜ ਦੇ ਜੱਜਾਂ ਲਈ ਇਨ੍ਹਾਂ ਕਾਨੂੰਨਾਂ ਨੂੰ ਮਾਨਤਾ ਦੇਣੀ ਲਾਜ਼ਮੀ ਹੈ ਭਾਵੇ ਕਿਸੇ ਰਾਜ ਦਾ ਕਾਨੂੰਨ ਇਸ ਦੇ ਵਿਪਰੀਤ ਕਿਉ ਨਾ ਹੋਵੇ। ਸ਼ੁਰੂ ਵਿਚ ਇਸ ਸੰਘੀ ਪ੍ਰਣਾਲੀ ਦੀ ਸਫਲਤਾ ਸੰਬਧੀ ਕਈ ਸ਼ੰਕੇ ਪੈਦਾ ਹੋ ਗਏ ਸਨ, ਪਰ ਉਹ ਸਾਰੇ ਨਿਰਮੂਲ ਸਿੱਧ ਹੋਏ। ਅਮਰੀਕਨ ਸੰਘ ਪ੍ਰਣਾਲੀ ਸਭ ਇਮਤਿਹਾਨਾਂ ਵਿਚੋਂ ਖਰੀ ਉੱਤਰੀ ਹੈ। ਅੱਜ ਇਹ ਸੰਸਾਰ ਵਿਚ ਸਭ ਤੋਂ ਪੁਰਾਣੀ ਹੈ। ਕਈ ਵਾਰ ਇਸ ਦਾ ਝੁਕਾਅ ਕੇਂਦਰੀਕਰਣ ਵੱਲ ਹੋਇਆ ਹੈ, ਪਰ ਇਸ ਦੇ ਨਾਲ ਅਮਰੀਕਾ ਵਿਚ ਸੰਘਵਾਦ ਦੀ ਹੋਂਦ ਨੂੰ ਕਦੀ ਖਤਰਾ ਨਹੀ ਹੋਇਆ।

### 1.2.10.4. ਜਨਤਕ ਪ੍ਰਭੂਤਾ ਉੱਤੇ ਆਧਾਰਿਤ (Based on Popular Sovereignty) –

ਸੰਵਿਧਾਨ ਲੋਕਾਂ ਦੀ ਪ੍ਰਭੂਤਾ ਤੇ ਆਧਾਰਿਤ ਹੈ। ਅਮਰੀਕਾ ਦੇ ਵਿਧਾਨ ਦੀ ਪ੍ਰਸਤਾਵਨਾ ਇਸ ਤਰ੍ਹਾਂ ਹੈ, ''ਅਸੀ ਸੰਯੁਕਤ ਰਾਜ ਦੇ ਲੋਕ, ਸੰਯੁਕਤ ਰਾਜ ਅਮਰੀਕਾ ਲਈ, ਇਸ ਸੰਵਿਧਾਨ ਨੂੰ ਲਿਖਦੇ ਤੇ ਇਸ ਦੀ ਸਥਾਪਨਾ ਕਰਦੇ ਹਾਂ।'' ਇਸ ਦਾ ਅਰਥ ਹੈ ਕਿ ਅਮਰੀਕਾ ਵਿਚ ਸਰਕਾਰ ਲੋਕਾਂ ਦੀ ਮਰਜ਼ੀ ਤੇ ਆਧਾਰਿਤ ਹੈ ਅਤੇ ਸੰਵਿਧਾਨ ਸਾਰੇ ਸਰਕਾਰੀ ਅਖਤਿਆਰ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਮੁੜ ਲੋਕਾਂ ਦੇ ਹੱਥਾਂ ਵਿਚ ਹੀ ਦੇਂਦਾ ਹੈ। ਇਹ ਗੱਲ ਕਿ ਅਮਰੀਕੀ ਸੰਵਿਧਾਨ ਨੂੰ ਕਿਸੇ ਡਿਕਟੇਟਰ ਜਾਂ ਲੋਕਾਂ ਦੇ ਕਿਸੇ ਵਿਸ਼ੇਸ਼ ਦਲ ਨੇ ਤਿਆਰ ਨਹੀਂ ਸੀ ਕੀਤਾ, ਸਿੱਧ ਕਰਦੀ ਹੈ ਕਿ ਇਹ ਜਨਤਕ ਪ੍ਰਭੂਤਾ ਦੀ ਸੰਕਲਪ ਤੇ ਆਧਾਰਿਤ ਹੈ। ਇਸ ਦੀ ਰੂਪ ਰੇਖਾ, ਅਮਰੀਕਾ ਦੇ ਵਿਭਿੰਨ ਰਾਜਾਂ ਤੇ ਪ੍ਰਤੀਨਿਧਤਾ ਦੁਆਰਾ ਕੀਤੀ ਗਈ ਸੀ ਤੇ ਉਨ੍ਹਾਂ ਸਾਰੇ ਰਾਜਾਂ ਨੇ ਇਸ ਨੂੰ ਅਪਣਾਇਆ ਸੀ ਜੋ ਸਮੁੱਚੇ ਲੋਕਾਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਇਸ ਲਈ ਜਨਤਕ ਪ੍ਰਭੂਤਾ ਉੱਤੇ ਵਿਸ਼ਵਾਸ਼ ਅਮਰੀਕੀ ਵਿਧਾਨ ਦੀ ਰੂਹ ਹੈ।

### 1.2.10.5. ਪ੍ਰਤੀਨਿਧ ਸਰਕਾਰ ਦੀ ਪ੍ਰਣਾਲੀ (Representative System fo Government)

ਸੰਵਿਧਾਨ ਦੇ ਨਿਰਮਾਤੇ ਜਨਤਕ ਪ੍ਰਭੂਤਾ ਦੇ ਹਾਮੀ ਤਾਂ ਸਨ, ਪਰ ਫਿਰ ਵੀ ਉਹ ਲੋਕਾਂ ਨੂੰ ਅਸੀਮ ਅਖਤਿਆਰ ਦੇਣ ਦੇ ਹੱਕ ਵਿਚ ਨਹੀ ਸਨ। ਉਨ੍ਹਾਂ ਦਾ ਮੰਤਵ ਇਕ ਅਪ੍ਰੱਤਖ ਲੋਕਤੰਤਰ ਦੀ ਸਥਾਪਨਾ ਕਰਨਾ ਸੀ। ਲੋਕਾਂ ਨੂੰ ਪ੍ਰੱਤਖ ਕਾਨੂੰਨਸਾਜੀ ਦਾ ਕੋਈ ਅਖਤਿਆਰ ਨਹੀ ਸੀ ਦਿੱਤਾ ਤੇ ਸਿਰਫ ਇਹ ਅਧਿਕਾਰ ਦਿੱਤਾ ਜਾ ਸਕਦਾ ਸੀ ਕਿ ਲੋਕੀ ਵਿਧਾਨ ਮੰਡਲ ਲਈ ਯੋਗ ਵਿਅਕਤੀਆਂ ਦੀ ਚੋਣ ਕਰਨ। ਵੋਟ ਅਧਿਕਾਰ ਦਾ ਸਵਾਲ ਰਾਜਾਂ ਤੇ ਛੱਡ ਦਿੱਤਾ ਗਿਆ ਸੀ। ਇਹ ਗੱਲ ਬੜੀ ਦਿਲਚਸਪ ਹੈ ਕਿ ਆਰੰਭ ਵਿੱਚ ਸੈਨੇਟਰਾਂ ਦੀ ਚੋਣ ਰਾਜ ਵਿਧਾਨ ਮੰਡਲ ਰਾਹੀ ਕੀਤੀ ਜਾਂਦੀ ਸੀ ਨਾ ਕਿ ਸਿੱਧੀ ਰਾਜਾਂ ਦੇ ਲੋਕਾਂ ਦੁਆਰਾ ਰਾਸ਼ਟਰਪਤੀ ਦੀ ਚੋਣ ਵੀ ਅਸਿੱਧੇ ਤੌਰ ਤੇ ਚੋਣਕਾਰਾਂ ਦੇ ਇਕ ਮੰਡਲ ਰਾਹੀ ਕੀਤੀ ਜਾਂਦੀ ਸੀ। ਇਸ ਲਈ ਇਹ ਗੱਲ ਸਪਸ਼ਟ ਹੈ ਕਿ ਅਮਰੀਕਨ ਸੰਵਿਧਾਨ ਤੇ ਬਾਨੀਆਂ ਦਾ ਵਿਸ਼ਵਾਸ ਗਣਰਾਜਵਾਦ ਜਾਂ ਪ੍ਰਤੀਨਿਧੀ ਲੋਕ ਰਾਜ ਵਿਚ ਸੀ ਨਾ ਕਿ ਪ੍ਰਤੱਖ ਲੋਕ ਰਾਜ ਵਿੱਚ। ਅਜੋਕੇ ਸਮੇਂ ਵਿਚ ਪ੍ਰਤੀਨਿਧ ਸਰਕਾਰ ਦੇ ਅਰਥ ਵਿਚ ਵੀ ਬਹੁਤ ਫਰਕ ਪੈ ਗਿਆ ਹੈ ਅੱਜ ਕਲ੍ਹ ਚੁਣੇ ਪ੍ਰਤੀਨਿਧੀ ਆਪਣੀ ਸੁਤੰਤਰ ਰਾਏ ਦਾ ਪ੍ਰਗਟਾਅ ਨਹੀਂ ਕਰਦੇ ਸਗੋਂ

ਵੋਟਰਾਂ ਦੇ ਦੂਤ ਦੇ ਤੌਰ ਤੇ ਕੰਮ ਕਰਦੇ ਹਨ ਅਤੇ ਇਹ ਕਿਹਾ ਜਾਂਦਾ ਹੈ ਕਿ ਵੋਟਰਾਂ ਦੀ ਇੱਛਾ ਦੇ ਵਿਰੁੱਧ ਜਾਣਾ ਪ੍ਰਜਾਤੰਤਰ ਦੇ ਅਸੂਲਾਂ ਤੇ ਡਿੱਗਣਾ ਹੈ।

### 1.2.10.6. ਸੀਮਿਤ ਸਰਕਾਰ ਤੇ ਵਿਅਕਤੀਗਤ ਅਧਿਕਾਰ (Limited Government and Individual Rights)

ਰਾਜਨੀਤਿਕ ਦਾਰਸ਼ਨਿਕ ਜਾਹਨ ਲਾਕ (John Locke) ਇਸ ਸਿਧਾਂਤ ਦਾ ਹਾਮੀ ਸੀ ਕਿ ਸਰਕਾਰ ਇਕ ਨੈਤਿਕ ਟ੍ਰਸਟ (moral trust) ਹੈ ਕਿ ਸਰਬ ਉੱਚ ਸੱਤਾ ਤੇ ਲੋਕਾਂ ਨੂੰ ਆਪਣੇ 'ਕੁਦਰਤੀ' ਤੇ ਨਾ ਖੋਹੇ ਜਾ ਸਕਣ ਵਾਲੇ (Inalienable) ਅਧਿਕਾਰਾਂ ਦੇ ਸਦਕਾ ਉਸ ਸਰਕਾਰ ਦਾ ਤਖਤ ਉਲਟਾਉਣ ਦਾ ਪੂਰਾ ਹੱਕ ਹੈ ਜੇ ਉਨ੍ਹਾਂ ਦੇ ਵਿਸ਼ਵਾਸ ਦਾ ਘਾਤ ਕਰਦੀ ਹੈ ਅਤੇ ਵਿਅਕਤੀ ਦੀ ਮੂਲ ਸੁਤੰਤਰਤਾ ਦੀ ਸੁਰੱਖਿਆ ਪ੍ਰਦਾਨ ਕਰਨ ਤੋਂ ਅਸਮਰਥ ਰਹਿੰਦੀ ਹੈ।

ਉਨ੍ਹਾਂ ਦੀ ਇਹ ਧਾਰਨਾ ਸੀ ਕਿ ਸਰਕਾਰ ਦੇ ਅਧਿਕਾਰਾਂ ਨੂੰ ਅਵੱਸ਼ਕ ਤੌਰ ਤੇ 'ਸੀਮਤ' ਰੱਖਿਆ ਜਾਵੇ ਤਾਂ ਜੋ ਉਹ ਨਾਗਰਿਕਾਂ ਦੀ ਮੂਲ ਆਜ਼ਾਦੀ ਦੇ ਛਾਪਾ ਨਾ ਮਾਰ ਸਕੇ। ਸੋ ਕਈ ਢੰਗਾਂ ਨਾਲ 'ਸੀਮਤ ਸਰਕਾਰ' ਸਥਾਪਤ ਕਰਨ ਦਾ ਯਤਨ ਕੀਤਾ ਗਿਆ ਹੈ। (ੳ) ਸੰਘੀ ਸਰਕਾਰ ਤੇ ਰਾਜ ਦੀਆਂ ਸਰਕਾਰਾਂ ਤੇ ਅਖਤਿਆਰ ਨਿਰਧਾਰਤ ਕੀਤੇ ਗਏ (ਅ) ਸਰਕਾਰ ਦੀਆਂ ਤਿੰਨ ਸ਼ਾਖਾਂ ਨੂੰ ਵੱਖ-ਵੱਖ ਕੀਤਾ ਗਿਆ। (ੲ) ਇਕ ਸੁਤੰਤਰ ਅਦਾਲਤੀ ਸੱਤਾ ਦੀ ਸਥਾਪਨਾ ਕੀਤੀ ਗਈ ਤਾਂ ਜੋ ਸੰਘੀ ਸਰਕਾਰ ਤੇ ਰਾਜਾਂ ਦੀਆਂ ਸਰਕਾਰਾਂ ਨੂੰ ਸੰਵਿਧਾਨ ਦੁਆਰਾ ਨਿਸ਼ਚਿਤ ਕੀਤੇ ਉਨ੍ਹਾਂ ਦੇ ਆਪਣੇ ਖੇਤਰ ਤਕ ਹੀ ਸੀਮਿਤ ਰੱਖਿਆ ਜਾਵੇ, (ਸ) ਸੰਵਿਧਾਨ ਵਿੱਚ ਅਧਿਕਾਰਾਂ ਦਾ ਬਿਲ (Bill of Rights) ਸ਼ਾਮਲ ਕਰ ਦਿੱਤਾ ਗਿਆ ਤਾਂ ਜੋ ਕੋਈ ਵੀ ਸਰਕਾਰ ਇਨ੍ਹਾਂ ਅਧਿਕਾਰਾਂ ਦੀ ਉਲੰਘਣਾ ਨਾ ਕਰ ਸਕੇ ਤੇ ਨਾ ਹੀ ਉਨ੍ਹਾਂ ਨੂੰ ਕੁਚਲ ਸਕੇ। ਇਹ ਬਿਲ ਸੰਵਿਧਾਨਕ ਪ੍ਰਣਾਲੀ ਦਾ ਆਧਾਰ ਹੈ ਅਤੇ ਸੀਮਤ ਸਰਕਾਰ ਦੇ ਸਿਧਾਂਤ ਦਾ ਵੱਧ ਤੋਂ ਵੱਧ ਪ੍ਰਭਾਵਸ਼ਾਲੀ ਪ੍ਰਗਟਾਵਾ ਹੈ। ਅਧਿਕਾਰਾਂ ਨਾਲ ਸੰਬੰਧਤ ਕਾਨੂੰਨ ਸਰਕਾਰ ਦੀ ਸੱਤਾ ਤੇ ਪਾਬੰਦੀ ਤੇ ਪਰਿਸੀਮਾ ਲਾਉਂਦੇ ਹਨ। ਸੰਯੁਕਤ ਰਾਜ ਅਮਰੀਕਾ ਵਿਚ ਵਿਅਕਤੀਗਤ ਅਧਿਕਾਰਾਂ ਦਾ ਆਧਾਰ ਕਾਨੂੰਨ ਹੈ ਤੇ ਇਹਨਾਂ ਦੀ ਰੱਖਿਆ ਸਰਬ-ਉੱਚ ਅਦਾਲਤ ਰਾਹੀਂ ਕੀਤੀ ਜਾਂਦੀ ਹੈ, ਜੋ ਸੰਘ ਤੇ ਰਾਜਾਂ ਦੇ ਉਨ੍ਹਾਂ ਕਾਨੂੰਨਾ ਨੂੰ ਅਸੰਵਿਧਾਨਕ ਅਧਿਕਾਰਾਂ ਨੂੰ ਭੰਗ ਕਰਨ। ਸੰਯੁਕਤ ਰਾਜ ਦੇ ਸੰਵਿਧਾਨ ਦੁਆਰਾ ਗਾਰੰਟੀ ਕੀਤੇ ਵਿਅਕਤੀਗਤ ਅਧਿਕਾਰ ਮੁੱਖ ਤੌਰ ਤੇ ਨਾਕਾਰਤਮਕ (Negative) ਲੱਛਣਾਂ ਦੇ ਧਾਰਨੀ ਹਨ। ਉਹ ਸਰਕਾਰ ਨੂੰ ਕੁਝ ਗੱਲਾਂ ਤੋਂ ਰੋਕਦੇ ਹਨ, ਉਹ ਉਸ ਨੂੰ ਦੇਸ਼ ਵਿਚ ਸਾਰਿਆਂ ਲਈ ਸੁਤੰਤਰਤਾ ਦੀਆਂ ਬਰਕਤਾਂ ਮੁਹੱਈਆ ਕਰਨ ਲਈ ਕੋਈ ਸਾਕਾਰਾਤਮਕ ਕਾਰਵਾਈ ਕਰਨ ਲਈ ਮਜਬੂਰ ਨਹੀ ਕਰਦੇ।

### 1.2.10.7. ਪ੍ਰਧਾਨਾਤਮਕ ਸਰਕਾਰ (Presidential Government)

ਸੰਯੁਕਤ ਰਾਜ ਦਾ ਸੰਵਿਧਾਨ ਪ੍ਰਧਾਨਾਤਮਕ ਸਰਕਾਰ ਦੀ ਵਿਵਸਥਾ ਕਰਦਾ ਹੈ। ਇਸ ਕਿਸਮ ਦੀ ਸਰਕਾਰ ਵਿਚ ਸਰਕਾਰ ਦੀਆਂ ਕਾਰਜਕਾਰੀ ਤੇ ਵਿਧਾਨਕ ਸ਼ਾਖਾਵਾਂ ਇਕ ਦੂਸਰੇ ਤੋਂ ਵੱਖਰੀਆਂ ਹੁੰਦੀਆਂ ਹਨ। ਕਾਰਜ-ਪਾਲਿਕਾ ਵਿਧਾਨ ਮੰਡਲ ਨੂੰ ਤੋੜ ਨਹੀ ਸਕਦੀ ਤੇ ਨਾ ਹੀ ਵਿਧਾਨ ਮੰਡਲ ਕਾਰਜ-ਪਾਲਿਕਾ ਦੇ ਉੱਤਰਦਾਈ ਨਹੀ ਹੁੰਦੇ। ਉਨ੍ਹਾਂ ਦੀ ਮਿਆਦ ਚਾਰ ਸਾਲ ਲਈ ਨਿਯਤ ਹੁੰਦੀ ਹੈ। ਇਹ ਇੰਗਲੈਡ ਵਿਚ ਪ੍ਰਚਲਤ ਪ੍ਰਣਾਲੀ ਤੋਂ ਅਸਲੋਂ ਉਲਟ ਹੈ, ਜਿੱਥੇ ਕਿ ਸਰਕਾਰ ਦੇ ਦੋਹਾਂ ਅੰਗਾਂ-ਕਾਰਜਪਾਲਿਕਾ ਤੇ ਵਿਧਾਨ ਪਾਲਿਕਾ ਵਿਚ ਗੂੜ੍ਹਾ ਤਾਲਮੇਲ ਹੁੰਦਾ ਹੈ ਤੇ ਜਿੱਥੇ ਕਾਰਜ ਪਾਲਿਕਾ ਵਿਧਾਨ ਮੰਡਲ ਪ੍ਰਤੀ ਉੱਤਰਦਾਈ ਹੁੰਦੀ ਹੈ ਅਤੇ ਵਿਧਾਨ ਮੰਡਲ ਕਾਰਜ ਪਾਲਿਕਾ ਨੂੰ ਅਵਿਸ਼ਵਾਸ ਦੇ ਮਤੇ ਰਾਹੀਂ ਇਸ ਦੀ ਮਿਆਦ ਮੁੱਕਣ ਤੋਂ ਪਹਿਲਾਂ ਵੀ ਹਟਾ ਸਕਦਾ ਹੈ।

### 1.2.10.8 ਗਣਰਾਜੀ ਸਰਕਾਰ (Republican Government)

ਇਸ ਪੱਖੋ ਮੁੜ ਅਸੀ ਅਮਰੀਕਾ ਤੇ ਬਰਤਾਨੀਆਂ ਦੇ ਸੰਵਿਧਾਨ ਦੀ ਤੁਲਨਾ ਕਰ ਸਕਦੇ ਹਾਂ। ਸੰਯੁਕਤ ਰਾਜ ਅਮਰੀਕਾ ਵਿਚ ਗਣਰਾਜੀ ਸਰਕਾਰ ਅਪਣਾਈ ਗਈ ਹੈ, ਜਦ ਕਿ ਇੰਗਲੈਂਡ ਵਿਚ ਸੀਮਤ ਰਾਜਤੰਤਰ ਪ੍ਰਚਲਤ ਹੈ। ਇੰਗਲੈਂਡ ਵਿਚ ਦੇਸ਼ ਦਾ ਮੁਖੀ ਜੱਦੀ ਹੁੰਦਾ ਹੈ, ਪਰ ਸੰਯੁਕਤ ਰਾਜ ਅਮਰੀਕਾ ਵਿਚ ਚੁਣਿਆ ਜਾਂਦਾ ਹੈ। ਸਰਕਾਰ ਦਾ ਗਣਰਾਜੀ ਰੂਪ ਨਾ ਕੇਵਲ ਕੇਂਦਰ ਵਿਚ ਹੈ ਬਲਕਿ ਰਾਜਾਂ ਵਿਚ ਵੀ ਅਪਣਾਇਆ ਗਿਆ ਹੈ। ਸੰਵਿਧਾਨ ਵਿਚ ਦਰਜ ਹੈ ਕਿ ਰਾਜਾਂ ਵਿਚ ਗਣਰਾਜੀ ਰਾਜ ਦੀ ਸਥਾਪਨਾ ਕਰਨਾ ਸੰਘੀ ਸਰਕਾਰ ਦੀ ਜ਼ਿੰਮੇਵਾਰੀ ਹੈ।

### 1.2.10.9 ਦੋਹਰੀ ਨਾਗਰਿਕਤਾ (Double Citizenship)

ਕੈਨੇਡਾ ਤੇ ਭਾਰਤ ਦੇ ਸੰਘ ਰਾਜਾਂ ਵਿਚ ਪ੍ਰਚਲਤ ਪ੍ਰਣਾਲੀ ਤੋਂ ਬਿਲਕੁਲ ਉਲਟ ਹੋਰ ਅਰਮੀਕੀ, ਅਮਰੀਕਾ ਦੇ ਨਾਗਰਿਕ ਹੋਣ ਦੇ ਨਾਲ-ਨਾਲ ਉਸ ਰਾਜ ਦਾ ਨਾਗਰਿਕ ਵੀ ਹੁੰਦਾ ਹੈ ਜਿਸ ਵਿਚ ਕਿ ਉਹ ਰਹਿੰਦਾ ਹੈ। ਭਾਰਤ ਵਿੱਚ ਅਜਿਹਾ ਨਹੀਂ, ਏਥੇ ਅਸੀਂ

ਸਿਰਫ ਭਾਰਤ ਦੇ ਨਾਗਰਿਕ ਹਾਂ, ਪੰਜਾਬ, ਬੰਗਾਲ ਜਾਂ ਤਾਮਿਲਨਾਡੂ ਦੇ ਨਹੀਂ। ਸੰਯੁਕਤ ਰਾਜ ਅਮਰੀਕਾ ਵਿਚ ਨਾਗਰਿਕਤਾ ਗ੍ਰਹਿਣ ਕਰਨ ਦੇ ਦੋਵੇਂ ਸਿਧਾਂਤ ਪ੍ਰਚਲਤ ਹਨ, ਭਾਵ ਜਨਮ-ਸਥਾਨ ਅਨੁਸਾਰ ਨਾਗਰਿਕਤਾ (Jus Soli) ਤੇ ਰਕਤ ਸਿਧਾਂਤ (Jus Sanguinis)। ਰਕਤ ਸਿਧਾਂਤ (Jus Sanguinis) ਦੇ ਅਨੁਸਾਰ, ਅਮਰੀਕੀ ਨਾਗਰਿਕਾਂ ਦੇ ਬਾਹਰਲੇ ਰਾਜਾਂ ਵਿਚ ਪੈਦਾ ਹੋਏ ਬੱਚੇ ਅਮਰੀਕੀ ਨਾਗਰਿਕ ਹੀ ਹੋਣਗੇ ਅਤੇ ਜਨਮ-ਸਿਧਾਂਤ (Jus Soli) ਅਨੁਸਾਰ ਵਿਦੇਸ਼ੀਆਂ ਦੇ ਉਹ ਬੱਚੇ ਜਿਹੜੇ ਅਮਰੀਕਾ ਵਿਚ ਜਨਮ ਲੈਣ, ਅਮਰੀਕਾ ਦੇ ਨਾਗਰਿਕ ਸਮਝੇ ਜਾਣਗੇ। ਇਸ ਤੋਂ ਇਲਾਵਾ ਜੇ ਵਿਦੇਸ਼ੀ ਲੋਕ ਵੀ ਕੁਝ ਖਾਸ ਨਿਸ਼ਚਿਤ ਸ਼ਰਤਾਂ ਪੂਰੀਆਂ ਕਰਦੇ ਹੋਣ ਤਾਂ ਉਹ ਵੀ ਅਮਰੀਕੀ ਨਾਗਰਿਕਤਾ ਆਪਣਾ ਸਕਦੇ ਹਨ। ਇਸ ਨੂੰ ਰਾਜਕ੍ਰਿਤ (Naturalized) ਨਾਗਰਿਕਤਾ ਕਿਹਾ ਜਾਂਦਾ ਹੈ, ਪਰ ਇਨ੍ਹਾਂ ਦੋਹਾਂ ਕਿਸਮਾਂ ਦੇ ਨਾਗਰਕਿਾਂ ਵਿਚ ਬਹੁਤਾ ਫਰਕ ਨਹੀਂ ਸਮਝਿਆ ਜਾਂਦਾ, ਸਿਵਾਏ ਇਸ ਗੱਲ ਦੇ ਕਿ ਰਾਸ਼ਟਰਪਤੀ ਦੇ ਪਦ ਲਈ ਚੋਣ ਸਿਰਫ ਉਥੋਂ ਦਾ ਕੁਦਰਤੀ ਜਾਂ ਜਨਮਦਾਤਾ (Natural) ਨਾਗਰਿਕਤਾ ਹੀ ਲੜ ਸਕਦਾ ਹੈ।

### 1.2.10.10. ਸ਼ਕਤੀਆਂ ਦਾ ਅਲੈਹਿਦਗੀਕਰਣ (Sepearation of Powers)

ਇਸ ਸਿਧਾਂਤ ਦਾ ਭਾਵ ਹੈ ਕਿ ਸਰਕਾਰ ਦੇ ਤਿੰਨ ਮੁੱਖ ਕਾਰਜ-ਭਾਵ ਵਿਧਾਨਕ, ਕਾਰਜ ਪਾਲਿਕਾ ਤੇ ਨਿਆਂਇਕ ਕਾਰਜ ਤਿੰਨ ਵੱਖ-ਵੱਖ ਵਿਅਕਤੀਆਂ ਜਾਂ ਸੰਸਥਾਵਾਂ ਦੁਆਰਾ ਨਿਪਟਾਏ ਜਾਣ। 'ਸ਼ਕਤੀਆਂ ਦੇ ਅਲਿਹਦਗੀਕਰਣ' ਦੇ ਸਿਧਾਂਤ ਦੇ ਪਿੱਛੇ ਇਹ ਵਿਚਾਰ ਹੈ ਕਿ ਇਕ ਤੋਂ ਵੱਧ ਪ੍ਰਕਾਰ ਦੇ ਸਰਕਾਰੀ ਅਖਤਿਆਰਾਂ ਨੂੰ ਇਕ ਵਿਅਕਤੀ ਜਾਂ ਇਕ ਵਿਅਕਤੀ ਸਮੂਹ ਦੇ ਹੱਥਾਂ ਵਿਚ ਸੌਂਪਣ ਨਾਲ ਅਧਿਕਾਰ ਦੀ ਨਿਰੰਕੁਸ਼ ਵਰਤੋਂ ਹੋਣ ਲੱਗ ਪੈਂਦੀ ਹੈ ਅਤੇ ਨਾਗਰਿਕਾਂ ਦੀ ਸੁਤੰਤਰਤਾ ਖਤਰੇ ਵਿਚ ਪੈ ਜਾਂਦੀ ਹੈ।

ਸੰਯੁਕਤ ਰਾਜ ਅਮਰੀਕਾ ਵੱਲ ਸ਼ਕਤੀਆਂ ਦੇ ਅਲਹਦਗੀਕਰਣ ਦੇ ਸਿਧਾਂਤ ਨੂੰ ਸਮਝ ਕੇ ਅਪਨਾਉਣ ਦੇ ਸਿੱਟੇ ਵਜੋਂ ਹੀ ਇਥੇ ਸੰਸਦੀ ਪ੍ਰਣਾਲੀ ਦੀ ਥਾਂ ਪ੍ਰਧਾਨਾਤਮਕ ਪ੍ਰਣਾਲੀ ਸਥਾਪਿਤ ਹੋਈ ਹੈ। ਸੰਵਿਧਾਨ ਦੇ ਮੋਢੀ ਰਚਨਹਾਰਿਆਂ ਨੂੰ ਇਸ ਗੱਲ ਦਾ ਨਿਸ਼ਚਾ ਹੋ ਚੁੱਕਾ ਸੀ ਕਿ ਲੋਕਪ੍ਰਿਯ ਸਰਕਾਰ ਵਿਅਕਤੀ ਦੀ ਜ਼ਿੰਦਗੀ, ਆਜ਼ਾਦੀ ਤੇ ਖੁਸ਼ੀ ਲਈ ਉਤਨੀ ਹੀ ਖਤਰਨਾਕ ਸਿੱਧ ਹੋ ਸਕਦੀ ਹੈ ਜਿੰਨੀ ਕਿ ਰਾਜਸ਼ਾਹੀ ਜਾਂ ਕਿਸੇ ਵੀ ਹੋਰ ਕਿਸਮ ਦੀ ਕੋਈ ਸਰਕਾਰ । ਉਹ ਇਤਿਹਾਸ ਤੋਂ ਇਹ ਸਬਕ ਸਿੱਖ ਚੁੱਕੇ ਸਨ ਕਿ ਸ਼ਾਸਕਾਂ ਤੇ ਰੋਕਾਂ ਨਾ ਲਾਈਆਂ ਜਾਣ ਨਹੀਂ ਤਾਂ ਉਹ ਜ਼ਾਲਮ ਅਤਿਆਚਾਰੀ ਤੇ ਅਨਿਆਂ ਪੂਰਣ ਹੋ ਜਾਂਦੇ ਹਨ। ਇਹ ਜਿਸ ਨਿਸ਼ਚੇ ਦਾ ਪ੍ਰਤਿਫਲ ਸੀ। ਕਿ ਉਨ੍ਹਾਂ ਨੇ ਸ਼ਕਤੀਆਂ ਦੇ ਅਲਿਹਦਗੀਕਰਣ ਦਾ ਸਿਧਾਂਤ ਅਪਣਾਇਆ। ਅਮਰੀਕਾ ਦੇ ਸੰਵਿਧਾਨ ਵਿਚ ਕਿਤੇ ਵੀ ਸਪੱਸ਼ਟ ਸ਼ਬਦਾਂ ਵਿਚ ਸ਼ਕਤੀਆਂ ਦੇ ਅਲਿਹਦਗੀਕਰਣ ਦੇ ਸਿਧਾਂਤ ਦਾ ਵਰਣਨ ਨਹੀਂ ਕੀਤਾ ਗਿਆ। ਪਰ ਸੰਵਿਧਾਨ ਦੇ ਪਹਿਲੇ ਤਿੰਨ ਅਨੁਛੇਦਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸੰਵਿਧਾਨ ਦੇ ਆਧਾਰ ਸ਼ਕਤੀਆਂ ਦੇ ਅਲਿਹਦਗੀ ਅਨੁਸਾਰ ਸਾਰੀਆਂ ਵਿਧਾਨਿਕ ਸ਼ਕਤੀਆਂ ਕਾਂਗਰਸ ਨੂੰ ਸੌਂਪੀਆਂ ਗਈਆਂ ਹਨ। ਸੰਵਿਧਾਨ ਦੇ ਦੂਜੇ ਅਨੁਛੇਦ ਦੇ ਅਨੁਸਾਰ ਸਾਰੀਆਂ ਕਾਰਜਕਾਰੀ ਸ਼ਕਤੀਆਂ ਰਾਸ਼ਟਰਪਤੀ ਨੂੰ ਸੌਂਪੀਆਂ ਗਈਆਂ ਹਨ ਅਤੇ ਤੀਜੇ ਅਨੁਛੇਦ ਅਨੁਸਾਰ ਸਾਰੀਆਂ ਨਿਆਂਇਕ ਸ਼ਕਤੀਆਂ ਸੁਪਰੀਮ ਕੋਰਟ ਕੋਲ ਜਾਂ ਉਨ੍ਹਾਂ ਛੋਟੀਆਂ ਅਦਾਲਤਾਂ ਨੂੰ ਦਿੱਤੀਆਂ ਗਈਆਂ ਹਨ ਜਿਨ੍ਹਾਂ ਦੀ ਸਮੇਂ-ਸਮੇਂ ਕਾਂਗਰਸ ਦੁਆਰਾ ਸਥਾਪਨਾ ਕੀਤੀ ਗਈ ਹੈ। ਸੁਪਰੀਮ ਕੋਰਟ ਨੇ ਇਨ੍ਹਾਂ ਅਨੁਛੇਦਾਂ ਦੀ ਵਿਆਖਿਆ ਇਸ ਤਰ੍ਹਾਂ ਨਾਲ ਕੀਤੀ ਹੈ ਕਿ ਵੱਖ-ਵੱਖ ਅੰਗਾਂ ਨੂੰ ਸੌਂਪੀਆਂ ਗਈਆਂ। ਇਹ ਸਾਰੀਆਂ ਸ਼ਕਤੀਆਂ ਸਰਕਾਰ ਦੀ ਕਿਸੇ ਇਕ ਸ਼ਾਖਾ ਨੂੰ ਵਿਸ਼ੇਸ਼ ਰੂਪ ਵਿਚ ਨਹੀ ਦਿੱਤੀਆਂ ਜਾ ਸਕਦੀਆਂ। ਸੋ ਅਸੀਂ ਦੇਖਦੇ ਹਾਂ ਕਿ ਅਮਰੀਕਾ ਵਿਚ ਕਾਰਜਕਾਰੀ ਸ਼ਕਤੀਆਂ ਰਾਸ਼ਟਰਪਤੀ ਨੂੰ ਸੌਂਪੀਆਂ ਗਈਆਂ ਹਨ ਜੋ ਲੋਕਾਂ ਵੱਲੋਂ ਅਪ੍ਰੱਤਖ ਚੋਣ ਰਾਹੀਂ ਚੁਣਿਆ ਜਾਂਦਾ ਹੈ। ਉਸ ਦੀ ਮਿਆਦ ਪੱਕੇ ਤੌਰ ਤੇ ਇਕ ਮਿੱਥੇ ਸਮੇਂ ਲਈ ਹੁੰਦੀ ਹੈ ਅਤੇ ਵਿਧਾਨ ਮੰਡਲ ਉਸ ਨੂੰ ਅਸਾਨੀ ਨਾਲ ਹਟਾ ਨਹੀਂ ਸਕਦਾ, ਸਿਵਾਏ ਮਹਾਂ ਦੋਸ਼ (Impeachment) ਸਿੱਧ ਕਰਕੇ, ਜਿਸ ਦੀ ਵਿਧੀ ਅਤਿਅੰਤ ਔਖੀ ਹੈ। ਸਾਰੀਆਂ ਵਿਧਾਨਕ ਸ਼ਕਤੀਆਂ ਕਾਂਗਰਸ ਪਾਸ ਹਨ ਜਿਸ ਉੱਤੇ ਰਾਸ਼ਟਰਪਤੀ ਦਾ ਕੋਈ ਕੰਟਰੋਲ ਨਹੀਂ। ਉਹ ਇਸ ਨੂੰ ਭੰਗ ਨਹੀਂ ਕਰ ਸਕਦਾ। ਕਾਂਗਰਸ ਆਪਣਾ ਇਜਲਾਸ ਆਪ ਬੁਲਾਉਂਦੀ ਹੈ, ਆਪਣੇ ਆਪ ਇਜਲਾਸ ਨੂੰ ਬਰਖਾਸਤ ਕਰਦੀ ਹੈ ਅਤੇ ਆਪ ਵੀ ਇਕ ਨਿਸ਼ਚਿਤ ਸਮੇਂ ਤੇ ਭੰਗ ਹੋ ਜਾਂਦੀ ਹੈ। ਇਸ ਤਰ੍ਹਾਂ ਸਾਰੀਆਂ ਨਿਆਂਇਕ ਸ਼ਕਤੀਆਂ ਦੀ ਮਾਲਕ ਨਿਆਂਪਾਲਿਕਾ ਹੈ ਜੋ ਵਿਧਾਨ ਮੰਡਲ ਤੇ ਕਾਰਜਪਾਲਿਕਾ ਤੋਂ ਸੁਤੰਤਰ ਹੈ। ਕੋਈ ਜੱਜ ਆਪਣੀ ਪਦਵੀ ਤੋਂ ਵਿਧਾਨ ਮੰਡਲ ਜਾਂ ਕਾਰਜਪਾਲਿਕਾ ਦੁਆਰਾ ਨਹੀਂ ਹਟਾਇਆ ਜਾ ਸਕਦਾ, ਛੁੱਟ ਮਹਾਂ ਦੋਸ਼ (Impeachment) ਦੀ ਵਿਧੀ ਦੇ।

ਅਸੀਂ ਬਰਤਾਨਵੀ ਜਾਂ ਭਾਰਤ ਦੀ ਸੰਵਿਧਾਨਕ ਪ੍ਰਣਾਲੀ ਦਾ ਨਿਰੀਖਣ ਕਰੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਉਥੇ ਸਰਕਾਰ ਦਾ ਕੋਈ ਵੀ ਅੰਗ ਇਕ ਦੂਸਰੇ ਤੋਂ ਇਸੇ ਤਰ੍ਹਾਂ ਸੁਤੰਤਰ ਨਹੀਂ, ਦੋਹਾਂ ਦੇਸ਼ਾਂ ਵਿਚ ਵਿਧਾਨ ਮੰਡਲ ਦੇ ਇਜਲਾਸ ਕਾਰਜ-ਪਾਲਿਕਾ ਦੁਆਰਾ ਬੁਲਾਏ ਜਾਂਦੇ ਹਨ ਇੱਥੋਂ ਤੱਕ ਕਿ ਵਿਧਾਨ ਮੰਡਲ ਨੂੰ ਕਾਰਜ-ਪਾਲਿਕਾ ਦੁਆਰਾ ਭੰਗ ਵੀ ਕੀਤਾ ਜਾ ਸਕਦਾ ਹੈ। ਕਾਰਜ ਪਾਲਿਕਾ ਦੀ ਕੋਈ ਪੱਕੀ ਮਿਆਦ ਨਹੀਂ ਹੁੰਦੀ। ਉਹ ਉਨ੍ਹਾਂ ਚਿਰ ਹੀ ਕਾਇਮ ਰਹਿੰਦੀ ਹੈ, ਜਿਨ੍ਹਾਂ ਚਿਰ ਤਕ ਇਸ ਨੂੰ ਵਿਧਾਨ

ਮੰਡਲ ਦਾ ਵਿਸ੍ਵਾਸ ਪ੍ਰਾਪਤ ਹੁੰਦਾ ਹੈ। ਇਸ ਲਈ ਅਮਰੀਕਾ ਤੇ ਬਰਤਾਨਵੀ ਸੰਵਿਧਾਨਕ ਪ੍ਰਣਾਲੀਆਂ ਦਾ ਸਭ ਤੋ ਉਘੜਵਾਂ ਅੰਤਰ ਉਹ ਹੱਦ ਤੱਕ ਹੈ, ਜਿਸ ਹੱਦ ਤੱਕ ਕਿ ਸੰਯੁਕਤ ਰਾਜ ਅਮਰੀਕਾ ਵਿਚ ਵਿਧਾਨ-ਮੰਡਲ ਤੇ ਕਾਰਜਪਾਲਿਕਾ ਇਕ ਦੂਸਰੇ ਤੋਂ ਸੁਤੰਤਰ ਹਨ।

### 1.2.10.11. ਰੋਕਾਂ ਤੇ ਸੰਤੁਲਨ (Checks and Balances)

ਸੰਵਿਧਾਨ ਨਿਰਮਾਤਾਵਾਂ ਨੂੰ ਇਸ ਗੱਲ ਦਾ ਭਲੀ ਭਾਂਤ ਗਿਆਨ ਸੀ ਕਿ ਜੇ 'ਸ਼ਕਤੀਆਂ ਦੇ ਅਲਿਹਦਗੀਕਰਣ' ਦਾ ਸਿਧਾਂਤ ਇੰਨ ਬਿੰਨ ਪੂਰੀ ਤਰ੍ਹਾਂ ਅਪਣਾ ਲਿਆ ਗਿਆ ਤਾਂ ਇਸ ਨਾਲ ਸੰਵਿਧਾਨਿਕ ਪ੍ਰਣਾਲੀ ਦਾ ਚਲਣਾ ਔਖਾ ਹੋ ਜਾਵੇਗਾ ਅਤੇ ਭਿੰਨ ਭਾਗਾਂ ਵਿਚ ਪੂਰੀ ਤਰ੍ਹਾਂ ਵੰਡੀ ਸਰਕਾਰ ਏਕਤਾ ਤੇ ਸੰਤੁਲਨ ਨਾਲ ਕੰਮ ਨਹੀ ਕਰ ਸਕੇਗੀ। ਉਹ ਇਹ ਵੀ ਜਾਣਦੇ ਸਨ ਕਿ ਜੇ ਕੋਈ ਵਿਭਾਗ ਤੇ ਰੋਕ ਨਾ ਲਾਈ ਗਈ ਤਾਂ ਉਹ ਅਤਿਆਚਾਰੀ ਹੋ ਸਕਦਾ ਹੈ। ਇਸ ਲਈ ਉਨ੍ਹਾਂ ਨੇ 'ਸ਼ਕਤੀਆਂ ਦੇ ਅਲਹਦਗੀਕਰਣ' ਦੇ ਸਿਧਾਂਤ ਦੀ ਪੂਰਤੀ ਰੋਕਾਂ ਤੇ ਸੰਤੁਲਨ ਦੀ ਪ੍ਰਣਾਲੀ ਅਪਨਾ ਕੇ ਕੀਤੀ ਤਾਂ ਜੋ ਪੂਰਣ ਵੰਡ ਰੋਕੀ ਜਾ ਸਕੇ ਅਤੇ ਸਰਕਾਰ ਦੀ ਕੋਈ ਵੀ ਸ਼ਾਖਾ ਆਪਣੇ ਅਧਿਕਾਰਾਂ ਦੀ ਖੁਦਮੁਖਤਿਆਰੀ ਨਾਲ ਵਰਤੋਂ ਨਾ ਕਰ ਸਕੇ। ਰੋਕਾਂ ਤੇ ਸੰਤੁਲਨ ਦਾ ਇਹ ਸਿਧਾਂਤ ਸਰਕਾਰ ਦੇ ਇਕ ਇਕਾਈ ਦੇ ਤੌਰ ਤੇ ਕਾਰਜ ਕਰਨ ਵਿਚ ਸਹਾਈ ਹੁੰਦਾ ਹੈ। ਇਹ ਸਿਧਾਂਤ ਸਰਕਾਰ ਦੇ ਹਰ ਇਕ ਅੰਗ ਨੂੰ ਦੂਸਰੇ ਉੱਪਰ ਥੋੜ੍ਹਾ ਬਹੁਤ ਨਿਯਤੰਰਣ ਰੱਖਣ ਦੇ ਯੋਗ ਬਣਾਉਂਦਾ ਹੈ। ਇਸ ਤਰ੍ਹਾਂ ਸਰਕਾਰ ਵਿਚ ਸਮੁੱਚੇ ਤੌਰ ਤੇ ਸੰਤੁਲਨ ਸਥਾਪਤ ਕਰਨ ਦਾ ਯਤਨ ਕੀਤਾ ਗਿਆ ਹੈ ਤੇ ਇਸ ਲਈ ਰਾਸ਼ਟਰਪਤੀ ਨੂੰ ਕਾਂਗਰਸ ਦੀਆਂ ਕੀਤੀਆਂ ਕਾਰਵਾਈਆਂ ਨੂੰ ਵੀਟੋ ਕਰਨ ਦਾ ਅਖਤਿਆਰ ਦਿੱਤਾ ਗਿਆ ਅਤੇ ਕਾਂਗਰਸ ਨੂੰ ਰਾਸ਼ਟਰਪਤੀ ਤੇ ਮਹਾਂਦੋਸ਼ ਲਾਉਣ ਤੇ ਉਸ ਨੂੰ ਹਟਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਸੈਨਿਕ ਕਾਰਜ-ਪਾਲਿਕਾ ਦੇ ਮਹੱਤਵਪੂਰਣ ਅਖਤਿਆਰਾਂ ਦਾ ਭਾਈਵਾਲ ਹੁੰਦਾ ਹੈ - ਜਿਵੇਂ ਕਿ ਨਿਯੁਕਤੀ ਕਰਨ ਦਾ ਅਖਤਿਆਰ। ਸਰਬ-ਉੱਚ ਅਦਾਲਤ ਕਾਂਗਰਸ ਦੇ ਬਣਾਏ ਕਾਨੂੰਨ ਦੀ ਸੰਵਿਧਾਨਿਕਤਾ ਨਿਰਧਾਰਿਤ ਕਰਦੀ ਹੈ ਤੇ ਕਾਰਜ ਪਾਲਿਕਾ ਦੇ ਪ੍ਰਸ਼ਾਸਕੀ ਕਾਰਜਾਂ ਤੇ ਨਜ਼ਰਸਾਨੀ ਕਰਦੀ ਹੈ। ਇਉਂ ਸਰਬ-ਉੱਚ ਅਦਾਲਤ ਕਾਰਜ-ਪਾਲਿਕਾ ਤੇ ਵਿਧਾਨ-ਮੰਡਲ ਦੋਹਾਂ ਤੇ ਨਿਯੰਤਰਣ ਰੱਖਦੀ ਹੈ। ਇਸ ਤਰ੍ਹਾਂ ਇਹ ਸਿਧਾਂਤ ਸੰਯੁਕਤ ਰਾਜ ਅਮਰੀਕਾ ਦੀ ਸਮੁੱਚੀ ਰਾਜਨੀਤਿਕ ਪ੍ਰਣਾਲੀ ਵਿਚ ਧੁਰ ਉੱਪਰ ਤੋ ਥੱਲੇ ਤੱਕ ਕੰਮ ਕਰਦਾ ਹੈ।

ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਦੇ ਜਿਨ੍ਹਾਂ ਲੱਛਣਾਂ ਬਾਰੇ ਅਸੀਂ ਹੁਣ ਤੱਕ ਪੜ੍ਹਿਆ ਹੈ ਉਨ੍ਹਾਂ ਵਿਚੋਂ ਸ਼ਕਤੀਆਂ ਦਾ ਅਲਹਦਗੀਕਰਣ ਦਾ ਸਿਧਾਂਤ ਅਤੇ ਇਸ ਦੀ ਪੂਰਤੀ ਲਈ ਰੋਕਾਂ ਤੇ ਸੰਤੁਲਨ ਦਾ ਸਿਧਾਂਤ ਅਮਰੀਕੀ ਸੰਵਿਧਾਨ ਪ੍ਰਣਾਲੀ ਵਿਚ ਸਭ ਤੋ ਵੱਧ ਮਹੱਤਵਪੂਰਨ ਹੈ।

ਸ਼ਕਤੀਆਂ ਦੀ ਵੰਡ ਅਤੇ ਰੋਕਾਂ ਤੇ ਸੰਤੁਲਨ ਦਾ ਇਹ ਜੁੜਵੇਂ ਸਿਧਾਂਤ ਨਾਕਾਰਤਮਕ (Negative) ਹੈ, ਕਿਉਂਕਿ ਇਹ ਸਰਕਾਰ ਨੂੰ ਕਿਸੇ ਰਾਜਨੀਤਿਕ ਕਾਰਵਾਈ ਨੂੰ ਕਰਨ ਤੋਂ ਰੋਕਦੀ ਹੈ। ਇਸ ਸਿਧਾਂਤ ਨੂੰ ਸੰਨ 1800 ਦੀ ਅਮਰੀਕਨ ਰਾਜਨੀਤਿਕ ਫਿਲਾਸਫੀ ਦੇ ਅਨੁਕੂਲ ਘੜਿਆ ਗਿਆ ਸੀ ਜਿਸ ਕਾਰਨ ਨਾਗਰਿਕਾਂ ਦੀ ਆਜ਼ਾਦੀ ਨੂੰ ਸਭ ਤੋ ਵੱਡਾ ਖਤਰਾ ਸਰਕਾਰ ਦੇ ਅਤਿਆਚਾਰ ਤੋਂ ਸੀ, ਪਰ ਆਧੁਨਿਕ ਰਾਜਨੀਤਿਕ ਸੰਕਟ ਚਾਹੇ ਉਹ ਆਰਥਿਕ ਹੋਣ ਜਾਂ ਅੰਤਰ-ਰਾਸ਼ਟਰੀ ਨੀਤੀ ਨਾਲ ਸੰਬੰਧਿਤ, ਸਰਕਾਰ ਵੱਲੋਂ ਕਿਸੇ ਸਕਾਰਾਤਮਕ ਕਾਰਵਾਈ ਦੀ ਮੰਗ ਕਰਦੇ ਹਨ। ਜਿਵੇਂ ਤਰਜਬੇ ਤੋਂ ਪਤਾ ਲਗਦਾ ਹੈ ਕਿ ਵੀਹਵੀਂ ਸਦੀ ਵਿਚ ਹੋਏ ਯੁੱਧਾਂ ਅਤੇ 1930 ਵਿਚ ਆਰਥਿਕ ਸੰਕਟ ਸਮੇਂ ਸਰਕਾਰ ਦੀਆਂ ਤਿੰਨ ਸ਼ਾਖਾਵਾਂ ਨੇ ਪਰਸਪਰ ਸਹਿਯੋਗ ਦੀ ਭਾਵਨਾ ਵਿਚ ਕੰਮ ਕੀਤਾ ਸੀ। ਜੇ ਇਹ ਨਾ ਹੁੰਦਾ ਤਾਂ ਸ਼ਾਸਨ ਪ੍ਰਬੰਧ ਨੂੰ ਇੰਨਾ ਧੱਕਾ ਲੱਗਣਾ ਸੀ ਕਿ ਹੁਣ ਤੱਕ ਸੰਵਿਧਾਨ ਬਦਲ ਵੀ ਜਾਣਾ ਸੀ।

ਫਿਰ ਵੀ ਇਸ ਗੱਲ ਤੋ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸ਼ਕਤੀਆਂ ਵਿਭਾਜਨ ਅਤੇ ਰੋਕਾਂ ਤੇ ਸੰਤੁਲਨਾਂ ਕਾਰਨ ਵਿਧਾਨ-ਪਾਲਿਕਾ ਤੇ ਸਰਕਾਰ ਦੀਆਂ ਦੂਜੀਆਂ ਦੋ ਸ਼ਾਖਾਵਾਂ ਵਿਚਕਾਰ ਕਈ ਵਾਰੀ ਗਤਿਰੋਧ ਪੈਦਾ ਹੋਇਆ ਸੀ। ਇਸ ਸਿਲਸਿਲੇ ਵਿਚ ਸੈਨੇਟ ਦਾ ''ਵਰਸਾਈ ਤੇ ਸਮਝੋਤੇ'' ਦੀ ਪੁਸ਼ਟੀ ਨਾ ਕਰਨਾ, ਸੁਪਰੀਮ ਕੋਰਟ ਵਲੋਂ ਨਿਊ ਡੀਲ (New Deal) ਕਾਨੂੰਨਾਂ (ਜੋ ਰਾਸ਼ਟਰਪਤੀ ਰੂਜਵੈਲਟ ਦੇ ਸੁਝਾਉ ਅਤੇ ਪਹਿਲ ਉੱਤੇ ਕਾਂਗਰਸ ਨੇ ਪਾਸ ਕੀਤੇ ਸਨ) ਨੂੰ ਗੈਰ ਕਾਨੂੰਨੀ ਕਰਾਰ ਦੇਣਾ, ਕੁਝ ਅਜਿਹੀਆਂ ਉਦਾਹਰਣਾਂ ਹਨ ਜਿਨ੍ਹਾਂ ਨੂੰ ਨਜ਼ਰ ਅੰਦਾਜ਼ ਨਹੀ ਕੀਤਾ ਜਾ ਸਕਦਾ।

ਅਮਰੀਕਾ ਦਾ ਪ੍ਰਧਾਨਾਤਮਕ ਸ਼ਾਸਨ ਪ੍ਰਣਾਲੀ ਦਾ ਰਾਸ਼ਟਰਪਤੀ ਅਤੇ ਕਾਂਗਰਸ ਵਿਚਕਾਰ ਬਿਨਾਂ ਕਿਸੇ ਬਹੁਤੇ ਝਗੜੇ ਤੋਂ ਚਲਦੇ ਰਹਿਣ ਦੇ ਕਾਰਣ ਰਾਜਨੀਤਿਕ ਪਾਰਟੀਆਂ ਹਨ। ਭਾਵੇ ਸੰਵਿਧਾਨ ਵਿਚ ਇਨ੍ਹਾਂ ਪਾਰਟੀਆਂ ਦੀ ਹੋਂਦ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ, ਫਿਰ ਵੀ ਇਹ ਅਮਰੀਕਾ ਦੀ ਰਾਜਨੀਤਿਕ ਪ੍ਰਣਾਲੀ ਦਾ ਇਕ ਅਨਿਖੜਵਾਂ ਅੰਗ ਬਣ ਗਈਆਂ ਹਨ।

### 1.2.11 ਸੰਵਿਧਾਨ ਦਾ ਸ਼ੋਧਨ ਬਹੁਤ ਕਠਿਨ ਹੈ (Constitution is difficult to be amended)

ਅਮਰੀਕਾ ਦਾ ਸੰਵਿਧਾਨ ਸੰਸਾਰ ਦਾ ਸਭ ਤੋਂ ਕਠੋਰ ਸੰਵਿਧਾਨ ਹੈ। ਇਸ ਪੱਖੋਂ ਇਹ ਬਰਤਾਨੀਆਂ ਦੇ ਸੰਵਿਧਾਨ ਤੋਂ ਬਿਲਕੁਲ ਉਲਟ ਹੈ ਜਿਹੜਾ ਕਿ ਸਭ ਤੋਂ ਵੱਧ ਲਚਕੀਲਾ ਸੰਵਿਧਾਨ ਹੈ। ਅਸੀ ਅਮਰੀਕੀ ਸੰਵਿਧਾਨ ਦੀ ਕਠੋਰਤਾ ਨੂੰ ਇਸ ਗੱਲ ਦੀ ਰੋਸ਼ਨੀ ਵਿਚ ਸਮਝ ਸਕਦੇ ਹਾਂ ਕਿ

ਘਤਅਮਰੀਕਨ ਸੰਘ-ਪੂਰਣ ਪ੍ਰਭੂਤਾ-ਧਾਰੀ ਰਾਜਾਂ ਨੇ ਮਿਲ ਕੇ ਬਣਾਇਆ ਸੀ, ਜਿਨ੍ਹਾਂ ਨੇ ਕਿ ਆਪਣੇ ਅਖਤਿਆਰਾਂ ਦਾ ਕੁਝ ਹਿੱਸਾ ਇਸ ਲਈ ਤਿਆਗ ਦਿੱਤਾ ਸੀ ਤਾਂ ਜੋ ਉਹ ਸੰਘੀ ਸਰਕਾਰ ਦੇ ਲਾਭ ਪ੍ਰਾਪਤ ਕਰ ਸਕਣ, ਪਰ ਇਨ੍ਹਾਂ ਨੇ ਆਪਣੀ ਵੱਖਰੀ ਰਾਜਨੀਤਿਕ ਹਸਤੀ ਨੂੰ ਕਾਇਮ ਰੱਖਣ ਦਾ ਵੀ ਦ੍ਰਿੜ ਨਿਸ਼ਚਾ ਕੀਤਾ ਹੋਇਆ ਸੀ। ਉਹ ਇਸ ਗੱਲ ਬਾਰੇ ਵੀ ਸੰਜੀਦਾ ਸਨ ਕਿ ਆਉਣ ਵਾਲੀਆਂ ਪੀੜ੍ਹੀਆਂ ਬਿਨ੍ਹਾਂ ਖਾਸ ਅਤੇ ਸ਼ਕਤੀਸ਼ਾਲੀ ਕਾਰਨਾਂ ਦੇ ਸੰਵਿਧਾਨ ਵਿਚ ਦਖਲ-ਅੰਦਾਜ਼ੀ ਨਾ ਕਰਨ ਤੇ ਆਸਾਨੀ ਨਾਲ ਇਸ ਵਿਚ ਸੋਧ ਨਾ ਕਰ ਸਕਣ। ਇਸ ਤੋਂ ਇਲਾਵਾ ਸੰਵਿਧਾਨ ਦੇ ਨਿਰਮਾਤਾ ਇਹ ਚਾਹੁੰਦੇ ਸਨ ਕਿ ਸੰਵਿਧਾਨਿਕ ਸੋਧ ਦੁਆਰਾ ਸ਼ਕਤੀਆਂ ਦੇ ਅਲਿਹਦਗੀ ਦੇ ਸਿਧਾਂਤ ਦੀ ਲਕੀਰ ਸਹਿਜੇ ਹੀ ਨਾ ਉਲੰਘੀ ਜਾਵੇ। ਇਸ ਲਈ ਉਨ੍ਹਾਂ ਨੇ ਸੰਵਿਧਾਨ ਵਿਚ ਸੋਧ ਕਰਨ ਲਈ ਇਕ ਵਿਸ਼ੇਸ਼ ਵਿਧੀ ਨਿਸ਼ਚਿਤ ਕਰ ਦਿੱਤੀ, ਜਿਹੜੀ ਉਨ੍ਹਾਂ ਦੇ ਖਿਆਲ ਵਿਚ ਬਹੁਤ ਔਖੀ ਨਹੀ ਸੀ, ਪਰ ਉਹ ਢੰਗ ਜਿਹੜਾ ਉਨ੍ਹਾਂ ਬਹੁਤ ਸਾਧਾਰਣ ਤੇ ਔਖਾ ਸਮਝਿਆ ਸੀ ਦੋ ਕਾਰਨਾਂ ਕਰਕੇ, ਜਿਹਨਾਂ ਦਾ ਉਹ ਪਹਿਲਾਂ ਅਨੁਮਾਨ ਨਹੀ ਕਰ ਸਕੇ, ਸੰਸਾਰ ਵਿਚ ਸਭ ਤੋ ਔਖਾ ਤੇ ਮੁਸ਼ਕਲ ਢੰਗ ਬਣ ਗਿਆ। ਇਸ ਦੇ ਦੋ ਕਾਰਨ ਸਨ, ਕਾਂਗਰਸ ਦੇ ਆਕਾਰ ਵਿਚ ਵਾਧਾ ਤੇ ਸੰਘ ਸਥਾਪਿਤ ਕਰਨ ਵਾਲੇ ਰਾਜਾਂ ਦੀ ਗਿਣਤੀ ਦਾ ਵੱਧ ਜਾਣਾ।

ਸੰਵਿਧਾਨ ਵਿਚ ਸੋਧ ਕਰਨ ਦਾ ਅਸੂਲ ਅਨੁਛੇਦ 5 ਵਿਚ ਅੰਕਿਤ ਹੈ ਜੋ ਇਸ ਪ੍ਰਕਾਰ ਹੈ – ਜਦੋਂ ਵੀ ਕਾਂਗਰਸ ਨੇ ਦੋਹਾਂ ਸਦਨਾਂ ਦੇ ਦੋ-ਤਿਹਾਈ ਮੈਂਬਰ ਜਰੂਰੀ ਸਮਝਣ, ਸੰਵਿਧਾਨ ਵਿਚ ਸੋਧ ਕਰਨ ਦਾ ਸੁਝਾਅ ਦੇ ਸਕਦੇ ਹਨ ਜਾਂ ਫਿਰ ਕੁੱਲ ਰਾਜਾਂ ਦੇ ਦੋ ਤਿਹਾਈ ਵਿਧਾਨ ਮੰਡਲਾਂ ਦੀ ਬੇਨਤੀ ਤੇ ਸੋਧ ਦਾ ਸੁਝਾਅ ਦੇਣ ਲਈ ਇਕ ਕਨਵੈਨਸ਼ਨ ਬੁਲਾਈ ਜਾ ਸਕਦੀ ਹੈ। ਉਪਰੋਕਤ ਦੋਹਾਂ ਢੰਗਾਂ ਵਿਚੋਂ ਕਿਸੇ ਵੀ ਇਕ ਦੁਆਰਾ ਪੇਸ਼ ਹੋਇਆ ਸੁਝਾਅ ਕੁੱਲ ਰਾਜਾਂ ਦੇ ਤਿੰਨ ਚੌਥਾਈ ਰਾਜਾਂ ਦੇ ਵਿਧਾਨ ਮੰਡਲਾਂ ਦੁਆਰਾ ਪੁਸ਼ਟੀ ਕੀਤੇ ਜਾਣ ਪਿਛੋਂ ਜਾਂ ਉਨ੍ਹਾਂ ਦੇ ਬੁਲਾਏ ਗਏ ਸੰਮੇਲਨਾਂ ਵਿਚੋ ਤਿੰਨ ਚੌਥਾਈ ਦੁਆਰਾ ਪ੍ਰਵਾਨ ਕੀਤੇ ਜਾਣ ਪਿਛੋਂ ਪ੍ਰਧਾਨ ਦੀ ਮਨਜ਼ੂਰੀ ਮਿਲਣ ਤੇ ਸੰਵਿਧਾਨ ਸੰਸ਼ੋਧਨ ਮੰਨਿਆ ਜਾਵੇਗਾ ਤੇ ਇਹ ਸੋਧ ਹਰ ਪੱਖੋਂ ਸੰਵਿਧਾਨ ਵਿਚ ਸ਼ਾਮਲ ਕੀਤੇ ਜਾਣ ਦੇ ਯੋਗ ਸਮਝੀ ਤੇ ਮੰਨੀ ਜਾਵੇਗੀ।

ਇਸ ਲਈ ਰਸਮੀ ਸੋਧ ਕਰਨਾ ਔਖਾ ਤੇ ਲੰਮਾ ਹੈ। ਸੰਵਿਧਾਨਾਂ ਨੇ ਬਦਲਦੀਆਂ ਸਥਿਤੀਆਂ ਦੇ ਅਨੁਕੂਲ ਆਪਣੇ ਆਪ ਨੂੰ ਢਾਲਣ ਤੇ ਵਧਣ ਫੁਲਣ ਲਈ ਹੋਰ ਢੰਗ ਲੱਭ ਗਏ ਹਨ। ਇਨ੍ਹਾਂ ਢੰਗਾਂ ਵਿਚੋਂ ਪ੍ਰਮੁੱਖ ਹਨ ਅਦਾਲਤੀ ਵਿਆਖਿਆ, ਕਾਰਜ ਪਾਲਿਕਾ ਦੀਆਂ ਕਾਰਵਾਈਆਂ, ਕਾਨੂੰਨ, ਰਸਮ-ਰਿਵਾਜ ਆਦਿ। ਇਸ ਲਈ ਕੁਝ ਟਿੱਪਣੀਕਾਰਾਂ ਦਾ ਕਥਨ ਹੈ ਕਿ ਅਮਰੀਕੀ ਸੰਵਿਧਾਨ ਬਿਨਾਂ ਸੋਧ ਦੇ ਹੀ ਸੋਧਿਆ ਜਾਂਦਾ ਹੈ।

### 1.2.12 ਨਿਆਂਪਾਲਿਕਾ ਦੀ ਸਰਵ-ਉੱਚਤਾ (Supremacy of Judiciary)

ਅਮਰੀਕਾ ਦੀ ਸੰਵਿਧਾਨਕ ਪ੍ਰਣਾਲੀ ਦਾ ਇਕ ਹੋਰ ਮਹੱਤਵਪੂਰਨ ਸਿਧਾਂਤ ਹੈ ਸੰਘੀ ਨਿਆਂਪਾਲਿਕਾ ਦਾ ਸਰਵ-ਉੱਚ ਸਥਾਨ, ਜੋ ਉਸ ਨੂੰ ਆਪਣੇ ਨਿਆਇਕ ਪੁਨਰ ਨਿਰੀਖਣ (Judicial review) ਦੇ ਅਖਤਿਆਰ ਸਕਦਾ ਪ੍ਰਾਪਤ ਹੋਇਆ ਹੈ। ਸੰਵਿਧਾਨ ਸਪਸ਼ਟ ਤੌਰ ਤੇ ਸਰਵ-ਉੱਚ ਅਦਾਲਤ ਨੂੰ ਨਿਆਂਇਕ ਪੁਨਰ ਨਿਰੀਖਣ ਦਾ ਕੋਈ ਹੱਕ ਨਹੀ ਦਿੰਦਾ। ਅਸਲ ਵਿਚ ਸਰਵ-ਉੱਚ ਅਦਾਲਤ ਨੇ ਇਹ ਹੱਕ ਹੌਲੀ ਹੌਲੀ ਸਮੇਂ ਦੇ ਗੁਜ਼ਰਨ ਨਾਲ ਗ੍ਰਹਿਣ ਕਰ ਲਿਆ ਹੈ। ਇਸ ਹੱਕ ਦੀ ਸਭ ਤੋ ਪਹਿਲਾਂ ਵਰਤੋ ਤੇ ਵਿਆਖਿਆ ਜਸਟਿਸ ਮਾਰਸ਼ਲ ਨੇ ਸੰਨ 1803 ਵਿਚ ਕੀਤੀ ਸੀ। ਉਸ ਨੇ ਸਪਸ਼ਟ ਕੀਤਾ ਸੀ ਕਿ ਜੇ ਕਾਂਗਰਸ ਦਾ ਕੋਈ ਕਾਨੂੰਨ ਸੰਵਿਧਾਨ ਦੇ ਵਿਰੋਧ ਵਿਚ ਹੋਏ ਤਾਂ ਸਰਵ-ਉੱਚ ਅਦਾਲਤ ਇਸ ਗੱਲ ਦਾ ਅਧਿਕਾਰ ਰੱਖਦਾ ਹੈ ਕਿ ਉਹ ਸੰਵਿਧਾਨ ਦਾ, ਦੇਸ਼ ਦਾ ਸਰਵ-ਉੱਚ ਕਾਨੂੰਨ ਹੋਣ ਦੇ ਨਾਤੇ, ਸਤਿਕਾਰ ਕਰੇ।

ਮਾਰਸ਼ਲ ਨੇ 1803 ਦੇ ਇਤਿਹਾਸਕ ਨਿਰਣੇ ਤੋਂ ਲੈ ਕੇ ਹੁਣ ਸਰਵ-ਉੱਚ ਅਦਾਲਤ ਵਿਧਾਨਕ ਕਾਰਵਾਈਆਂ ਤੇ ਕਾਰਜਪਾਲਿਕਾ ਦੇ ਆਦੇ ਸ਼ਾਂ ਦੇ ਸੰਬੰਧ ਵਿਚ ਨਿਆਂਇਕ ਪੁਨਰ ਨਿਰੀਖਣ ਦੇ ਆਪਣੇ ਅਖਤਿਆਰਾਂ ਨੂੰ ਅਪਣਾ ਹੱਕ ਸਮਝ ਕੇ ਵਰਤਦੀ ਚਲੀ ਆ ਰਹੀ ਹੈ। ਇਹ ਅਜੋੜ ਅਖਤਿਆਰ ਦੇ ਵਿਰੁੱਧ ਕਈ ਵਾਰ ਆਵਾਜ਼ ਉੱਠੀ ਹੈ। ਇੱਥੋਂ ਤੱਥ ਕਿ ਅਮਰੀਕਾ ਦੇ ਕਈ ਲੋਕਾਂ ਨੇ ਇਹ ਸੁਝਾਅ ਰੱਖਿਆ ਕਿ ਸੰਵਿਧਾਨ ਦੀ ਸੋਧ ਇਸ ਪ੍ਰਕਾਰ ਕੀਤੀ ਜਾਵੇ ਕਿ ਸਰਵ-ਉੱਚ ਅਦਾਲਤ ਨੂੰ ਨਿਆਂਇਕ ਪੁਨਰ-ਨਿਰੀਖਣ ਦੇ ਹੱਕ ਤੋਂ ਵੰਚਿਤ ਕਰ ਦਿਤਾ ਜਾਵੇ ਜਾਂ ਫਿਰ ਕਾਂਗਰਸ ਨੂੰ ਅਜਿਹਾ ਅਧਿਕਾਰ ਦਿੱਤਾ ਜਾਵੇ ਜਿਸ ਨਾਲ ਉਹ ਸਰਵ ਉੱਚ ਅਦਾਲਤ ਦੇ ਵੱਲ ਨਾਜਾਇਜ਼ ਕਰਾਰ ਦਿਤੇ ਕਿਸੇ ਕਾਨੂੰਨ ਨੂੰ ਦੋ ਤਿਹਾਈ ਬਹੁ-ਗਿਣਤੀ ਵਿਚ ਦੁਬਾਰਾ ਪਾਸ ਕਰ ਸਕੇ। ਪਰ ਇਹ ਸੁਝਾਅ ਕਦੇ ਵੀ ਸਿਰੇ ਨਹੀ ਚੜ੍ਹ ਸਕਿਆ ਕਿਉਂਕਿ ਸੰਯੁਕਤ ਰਾਜ ਅਮਰੀਕਾ ਵਿੱਚ ਇਹ ਰਾਏ ਆਮ ਪ੍ਰਚਲਿਤ ਹੈ ਕਿ ਅਦਾਲਤੀ ਨਜ਼ਰਸਾਨੀ ਦੇ ਅਧਿਕਾਰ ਦੀ ਵਰਤੋਂ ਸਮੁੱਚੇ ਤੌਰ ਤੇ ਲਾਭਕਾਰੀ ਹੈ। ਨਿਆਂਪਾਲਿਕਾ ਦੀ ਸਰੇਸ਼ਟਤਾ ਤੋਂ ਬਿਨਾਂ ਸੰਵਿਧਾਨ ਏਨੀ ਸੁਘੜਤਾ ਨਾਲ ਨਹੀਂ ਚਲ ਸਕਦਾ ਅਤੇ ਨਾ ਹੀ ਲੋਕਾਂ ਦੇ ਅਧਿਕਾਰ ਤੇ ਆਜ਼ਾਦੀ ਦੀ ਯੋਗ ਤੇ ਭਲੀ-ਭਾਂਤ ਸੁਰੱਖਿਆ ਹੋ ਸਕਦੀ ਹੈ। ਫਾਈਨਰ ਦੇ ਸ਼ਬਦਾਂ ਵਿੱਚ ''ਇਹ ਇਕ ਅਜਿਹਾ ਸੀਮਿੰਟ ਸਾਬਤ ਹੋਇਆ ਹੈ ਜਿਸ ਨੇ ਸਾਰੀ ਸੰਘੀ ਰਚਨਾ ਨੂੰ ਮਜ਼ਬੂਤੀ ਤੇ ਪਕਿਆਈ ਪ੍ਰਦਾਨ ਕੀਤੀ ਹੈ।'' ਲਾਸਕੀ ਦੇ ਸ਼ਬਦਾਂ ਵਿੱਚ, ਨਿਆਂਇਕ ਪੁਨਰ ਨਿਰੀਖਣ ਦੇ ਅਧਿਕਾਰ ਨੇ ਸਰਵ-ਉੱਚ ਅਦਾਲਤ ਨੂੰ ਸੰਯੁਕਤ ਰਾਜ ਅਮਰੀਕਾ ਵਿੱਚ 'ਤੀਸਰੇ ਸਦਨ' ਦਾ ਸਥਾਨ ਦੇ ਦਿੱਤਾ।

### 1.2.13 ਸੈਨਾ ਨਾਲੋਂ ਸਿਵਲ ਸੱਤਾ ਦੀ ਪ੍ਰਮੁੱਖਤਾ (Supermacy of Civil over Military Authority)

ਅਮਰੀਕੀ ਗਣਰਾਜ ਦੇ ਬਾਨੀਆਂ ਦੇ ਸਾਹਮਣੇ ਇਹ ਗੱਲ ਸਾਫ ਤੇ ਸਪਸ਼ਟ ਸੀ ਕਿ ਵਿਸ਼ਾਲ ਤੇ ਮਿਲਟਰੀ ਅਮਲਾ ਅਤਿਆਚਾਰ ਦੇ ਨਾਲ

ਨਾਲ ਚਲਦੇ ਹਨ। ਇਸ ਵਿਚਾਰ ਦੀ ਉਸ ਸਮੇਂ ਦੇ ਪ੍ਰਮੁੱਖ ਰਾਜਨੀਤਿਕ ਵਿਚਾਰ ਜਿਵੇਂ ਕਿ ਲਾਕ (Locke), ਰੂਸੋ (Rousseau), ਕੋਲ (Cole) ਤੇ ਬਲੈਕਸਟੋਨ (Blackstone) ਆਦਿ ਨੇ ਵੀ ਆਪਣੀਆਂ ਲਿਖਤਾਂ ਵਿਚ ਪੁਸ਼ਟੀ ਕੀਤੀ ਅਤੇ ਬਰਤਾਨਵੀ ਫੌਜ ਤੇ ਬਸਤੀਆਂ ਵਿਚ ਵਤੀਰੇ ਨੇ ਇਨ੍ਹਾਂ ਲੇਖਕਾਂ ਦੇ ਵਿਚਾਰਾਂ ਦੀ ਹੀ ਤਾਈਦ ਕੀਤੀ ਹੈ। ਇਸ ਲਈ ਸੰਵਿਧਾਨ ਨਿਰਮਤਾ ਸੈਨਾ ਉੱਪਰ ਸਿਵਲ ਸੱਤਾ ਦੀ ਪ੍ਰਮੁੱਖਤਾ ਦੇ ਹੱਕ ਵਿਚ ਸਨ। 1787 ਦੇ ਸੰਵਿਧਾਨ ਸੰਮੇਲਨ ਵਿਚ ਰਾਸ਼ਟਰਪਤੀ ਤੇ ਕਾਂਗਰਸ ਨੂੰ ਬਹੁਤ ਵਿਸ਼ਾਲ ਸੈਨਿਕ ਅਖਤਿਆਰ ਪ੍ਰਦਾਨ ਕੀਤੇ ਗਏ। ਸੰਵਿਧਾਨ ਅਨੁਸਾਰ ਰਾਸ਼ਟਰਪਤੀ ਨੂੰ ਦੇਸ਼ ਦੀਆਂ ਹਥਿਆਰਬੰਦ ਫੌਜਾਂ ਦਾ ਕਮਾਂਡਰ ਮੰਨਿਆ ਗਿਆ ਤੇ ਜੰਗ ਦਾ ਐਲਾਨ ਕਰਨ ਦਾ ਅਧਿਕਾਰ ਕੇਵਲ ਕਾਂਗਰਸ ਨੂੰ ਹੀ ਦਿੱਤਾ ਗਿਆ। ਕਾਂਗਰਸ ਦੁਆਰਾ ਪ੍ਰਵਾਨਿਤ ਅਤੇ ਰਾਖਵੇਂ ਕੀਤੇ ਧਨ ਤੋਂ ਵਾਧੂ ਖਰਚ ਨਹੀਂ ਕੀਤਾ ਜਾ ਸਕਦਾ ਅਤੇ ਕਿਸੇ ਵੀ ਰਾਸ਼ੀ ਦੇ ਸਾਲ ਤੋਂ ਵੱਧ ਸਮੇਂ ਲਈ ਪ੍ਰਵਾਨਿਤ ਨਹੀਂ ਕੀਤੀ ਜਾ ਸਕਦੀ।

1898 ਤੋਂ ਲੈ ਕੇ ਅੰਤਰ-ਰਾਸ਼ਟਰੀ ਰਾਜਨੀਤੀ ਨੇ ਅਮਰੀਕਾ ਦੀਆਂ ਸੈਨਿਕ ਜ਼ਿੰਮੇਵਾਰੀਆਂ ਵਿਚ ਕਾਫੀ ਵਾਧਾ ਕਰ ਦਿੱਤਾ ਹੈ। ਹੁਣ ਰੱਖਿਆ ਅਮਲਾ ਬਹੁਤ ਜ਼ਿਆਦਾ ਹੈ ਅਤੇ ਸੈਨਿਕ ਕਰਮਚਾਰੀ ਵਰਗ ਨੇ ਆਰਥਿਕ ਅਤੇ ਸਮਾਜਿਕ ਜੀਵਨ ਦੇ ਸਾਰੇ ਪੱਖਾਂ ਨਾਲ ਆਪਣੇ ਆਪ ਨੂੰ ਇੱਕਮਿੱਕ ਕਰ ਦਿੱਤਾ ਹੈ। ਇਸ ਸਭ ਦੇ ਫਲਸਰੂਪ ਚਿਤਾਵਨੀ ਵਜੋਂ ਬਹੁਤ ਸਾਰੀਆਂ ਆਵਾਜ਼ਾਂ ਉੱਠਦੀਆਂ ਹਨ ਕਿ ਕਿਧਰੇ ਸਿਵਲੀਅਨ ਪ੍ਰਭੂਸੱਤਾ ਦਾ ਸਿਧਾਂਤ ਸਾਹ ਹੀ ਨਾ ਤੋੜ ਲਵੇ, ਪਰ ਇਸ ਸਿਧਾਂਤ ਵਿਚ ਅਜੇ ਵੀ ਬਲ ਹੈ। ਇਹ ਗੱਲ ਰਾਸ਼ਟਰਪਤੀ ਟਰੂਮੈਨ ਦੇ ਪੰਜ ਸਟਾਰਾਂ ਦਾ ਸੁਆਮੀ ਜਰਨੈਲ ਮੈਕਆਰਥਰ ਨੂੰ 1951 ਵਿਚ ਕੋਰੀਆ ਮੋਰਚੇ ਦੀ ਕਾਮਨ ਮੁਕਤ ਕਰਨ ਦੇ ਨਿਰਣੇ ਤੋਂ ਪ੍ਰਗਟ ਹੋ ਜਾਂਦੀ ਹੈ।

ਸੰਵਿਧਾਨ ਵਿਚ ਬਹੁਤ ਸਾਰੀਆਂ ਵੱਡੀਆਂ ਅਤੇ ਗੰਭੀਰ ਊਣਤਾਈਆਂ ਵੀ ਰਹਿ ਗਈਆਂ ਸਨ। ਸੰਵਿਧਾਨ ਪ੍ਰਵਾਸ, ਬੈਂਕਾਂ, ਕਾਰਪੋਰੇਸ਼ਨਾਂ, ਸਿੱਖਿਆ, ਸਿਵਲ ਸੇਵਾਵਾਂ, ਰਾਜਨੀਤਿਕ ਪਾਰਟੀਆਂ, ਖੇਤੀਬਾੜੀ, ਕਿਰਤ ਤੇ ਉਦਯੋਗਾਂ ਉੱਤੇ ਨਿਯੰਤਰਣ ਆਦਿ ਨਾਲ ਸੰਬੰਧਿਤ ਬਹੁਤ ਸਾਰੇ ਬੁਨਿਆਦੀ ਮਾਮਲਿਆਂ ਬਾਰੇ ਚੁੱਪ ਹੈ। ਸੰਸਾਰ ਦੇ ਹੋਰ ਸੰਵਿਧਾਨ ਦੇ ਮੁਕਾਬਲੇ ਅਮਰੀਕੀ ਸੰਵਿਧਾਨ ਵਿਚ ਆਰਥਿਕ ਤੇ ਸਮਾਜਿਕ ਮਾਮਲਿਆਂ ਦਾ ਵਰਣਨ ਬਹੁਤ ਸੰਖੇਪ ਰੂਪ ਵਿਚ ਕੀਤਾ ਹੈ ਬਹੁਤ ਸਾਰੇ ਰਾਜਨੀਤਿਕ ਮਾਮਲੇ ਵੀ ਛੱਡ ਦਿੱਤੇ ਗਏ ਹਨ। ਮਿਸਾਲ ਦੇ ਤੌਰ ਤੇ ਸੰਵਿਧਾਨ ਵਿਚ ਪ੍ਰਤੀਨਿਧੀ ਸਦਨ ਦੇ ਸਪੀਕਰ ਦੇ ਅਧਿਕਾਰਾਂ ਦੇ ਸੰਬੰਧੀ, ਦੋਹਾਂ ਸਦਨਾਂ ਵਿਚ ਪੈਦਾ ਹੋਏ ਗਤਿਰੋਧ ਨੂੰ ਤੋੜਨ ਦੇ ਢੰਗ ਅਤੇ ਰਾਜ ਸਕੱਤਰ ਸੰਬੰਧੀ ਕੋਈ ਉਲੇਖ ਨਹੀਂ।

ਵੀ.ਜੀ. ਮੁਨਰੋ ਦਾ ਕਹਿਣਾ ਹੈ ਕਿ ਸਾਨੂੰ ਅਮਰੀਕੀ ਸੰਵਿਧਾਨ ਦੀਆਂ ਉਕਾਈਆਂ ਨੂੰ ਨਜ਼ਰ-ਅੰਦਾਜ਼ ਕਰ ਦੇਣਾ ਚਾਹੀਦਾ ਹੈ, ਕਿਉਂਕਿ ਸੰਵਿਧਾਨ ਨਿਰਮਾਤਿਆਂ ਲਈ ਇਸ ਗੱਲ ਦਾ ਅਨੁਮਾਨ ਲਗਾਉਣਾ ਸੰਭਵ ਨਹੀਂ ਸੀ ਕਿ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕਿਹੋ ਜਿਹੀਆਂ ਸਮਾਜਿਕ ਤੇ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ। ਇਸ ਲਈ ਉਨ੍ਹਾਂ ਨੇ ਇਹ ਤੱਥ ਭਵਿੱਖ ਉੱਤੇ ਹੀ ਛੱਡ ਦਿੱਤਾ ਤਾਂ ਜੋ ਸੰਵਿਧਾਨ ਸਮੇਂ ਦੀ ਲੋੜਾਂ ਤੇ ਬਦਲਦੀਆਂ ਹਾਲਤਾਂ ਅਨੁਸਾਰ ਬਦਲਿਆ ਜਾ ਸਕਦੇ, ਪਰ ਫਿਰ ਵੀ ਸੰਵਿਧਾਨ ਦੇ ਨਿਰਮਾਤਾਵਾਂ ਦੀ ਸੂਝ ਬੂਝ ਅਤੇ ਤਜਰਬਿਆਂ ਤੋਂ ਪੈਦਾ ਹੋਈਆਂ ਅਮਰੀਕੀ ਰਾਜਨੀਤਿਕ ਸੰਸਥਾਵਾਂ ਸਮੇਂ ਦੀ ਅਜਮਾਇਸ਼ ਤੇ ਪੂਰੀਆਂ ਉੱਤਰੀਆਂ ਹਨ। ਸੰਵਿਧਾਨਿਕ ਇਤਿਹਾਸ ਅਤੇ ਰਾਜਨੀਤੀ ਦੇ ਵਿਦਿਆਰਥੀਆਂ ਲਈ ਅੰਗਰੇਜ਼ਾਂ ਦੇ ਖਿਲਾਫ ਅਮਰੀਕਾ ਵਿਚ ਹੀ ਵਰਤਿਆ ਗਿਆ ਸੀ। ਸ਼ਕਤੀਆਂ ਦੇ ਪ੍ਰਥਕੀਕਰਣ ਦੇ ਸਿਧਾਂਤ ਨੂੰ ਵੀ ਸਭ ਤੋਂ ਪਹਿਲਾਂ ਅਮਰੀਕਨ ਸੰਵਿਧਾਨ ਅਪਣਾਇਆ ਅਤੇ ਕਾਮਯਾਬ ਬਣਾਇਆ ਗਿਆ। ਸੰਘਵਾਦ ਦੇ ਸੰਕਲਪ ਨੂੰ ਅਮਰੀਕਾ ਵਿਚ ਹੀ ਸਭ ਤੋਂ ਪਹਿਲਾਂ ਅਪਣਾਇਆ ਗਿਆ ਅਤੇ ਦੂਜੇ ਦੇਸ਼ਾਂ ਨੇ ਇਸ ਦੀਆਂ ਲੀਹਾਂ ਉੱਤੇ ਚਲੱਣ ਦੀ ਕੋਸ਼ਿਸ਼ ਕੀਤੀ।

### 1.2.14 ਮੁਲਾਂਕਣ

ਇਸ ਪਾਠ ਵਿਚ ਅਸੀਂ ਅਮਰੀਕਾ ਦੇ ਸੰਵਿਧਾਨ ਦੀਆਂ ਰਾਜਨੀਤਿਕ ਪ੍ਰੰਪਰਾਵਾਂ ਬਾਰੇ ਅਤੇ ਪ੍ਰਮੁੱਖ ਵਿਸ਼ੇਸ਼ਤਾਵਾਂ ਬਾਰੇ ਅਧਿਐਨ ਕੀਤਾ ਹੈ। ਅਸੀ ਵੇਖਿਆ ਹੈ ਕਿ ਅਮਰੀਕਾ ਦਾ ਸੰਵਿਧਾਨ ਇੰਗਲੈਂਡ ਦੇ ਸੰਵਿਧਾਨ ਨਾਲੋਂ ਸਿਧਾਂਤਕ ਰੂਪ ਵਿੱਚ ਵੱਖਰੇ ਢੰਗ ਦਾ ਹੈ। ਅਮਰੀਕਾ ਦਾ ਸੰਵਿਧਾਨ ਲਿਖਤੀ ਤੇ ਕਠੋਰ ਹੈ। ਇਸ ਦੀ ਸੋਧ ਪ੍ਰਕ੍ਰਿਆ ਇਤਨੀ ਕਠੋਰ ਹੈ ਕਿ ਸੰਵਿਧਾਨ ਵਿਚ ਸੋਧ ਕਰਨਾ ਕਾਫੀ ਕਠਿਨ ਹੈ। ਸੰਵਿਧਾਨ ਦੀ ਲਿਖਤੀ ਤੇ ਕਠੋਰ ਹੋਣ ਦਾ ਵੱਡਾ ਕਾਰਨ ਇਹ ਸੀ ਕਿ ਸੰਵਿਧਾਨ ਵਿਚ ਸੰਘਾਤਮਕ ਪ੍ਰਣਾਲੀ ਨੂੰ ਅਪਣਾਇਆ ਸੀ ਤੇ ਇਸ ਕਰਕੇ ਹੀ ਨਿਆਂ-ਪਾਲਿਕਾ ਨੂੰ ਸ਼ਕਤੀਆਂ ਦੀ ਵੰਡ ਦੇ ਸਿਧਾਂਤ ਦੇ ਬਾਵਜੂਦ ਵੀ ਸਰਵ-ਉੱਚ ਸਥਾਨ ਦਿੱਤਾ ਗਿਆ। ਭਾਵੇਂ ਅਮਰੀਕਾ ਵਿਚ ਕਾਰਜ-ਪਾਲਿਕਾ, ਵਿਧਾਨ ਪਾਲਿਕਾ ਤੇ ਨਿਆਂ ਪਾਲਿਕਾ ਨੂੰ ਵੱਖ ਰੱਖਿਆ ਗਿਆ ਹੈ, ਪਰ ਨਾਲ ਹੀ ਰੋਕਾਂ ਤੇ ਸੰਤੁਲਨ ਦਾ ਸਿਧਾਂਤ ਵੀ ਅਪਣਾਇਆ ਗਿਆ ਹੈ ਤਾਂ ਜੋ ਸਰਕਾਰ ਦਾ ਕੋਈ ਵੀ ਇਕ ਅੰਗ ਦੂਜੇ ਤੇ ਹਾਵੀ ਨਾ ਹੋ ਸਕੇ। ਅਮਰੀਕਾ ਦੇ ਸੰਵਿਧਾਨ ਦੀ ਵੱਡੀ ਵਿਸ਼ੇਸ਼ਤਾ ਹੈ ਪ੍ਰਧਾਨਾਤਮਕ ਸਰਕਾਰ ਦਾ ਹੋਣਾ ਹੈ। ਇਸ ਦੇ ਨਾਲ ਅਮਰੀਕਾ ਵਿਚ ਗਣਰਾਜੀ ਸਰਕਾਰ ਨੂੰ ਵੀ ਮਾਨਤਾ ਦਿੱਤੀ ਗਈ ਹੈ।

ਅਸੀਂ ਦੇਖਿਆ ਹੈ ਕਿ ਅਮਰੀਕਨ ਸੰਘ ਰਾਜਾਂ ਦੇ ਆਪਸ ਵਿਚਲੇ ਸਮਝੌਤੇ ਦੁਆਰਾ ਹੋਂਦ ਵਿਚ ਆਇਆ। ਸੰਘ ਰਾਜ ਵਿਚ ਸ਼ਾਮਿਲ ਹੋਣ ਵਾਲੇ ਰਾਜ ਆਪਣੀ ਪ੍ਰਭੁਤਾ ਨੂੰ ਪੂਰੀ ਤਰ੍ਹਾਂ ਛੱਡਣਾ ਨਹੀਂ ਸਨ ਚਾਹੁੰਦੇ ਬਲਕਿ ਆਪਣੀ ਸੁਤੰਤਰ ਹੋਂਦ ਨੂੰ ਵੀ ਕਾਇਮ ਰੱਖਣਾ ਚਾਹੁੰਦੇ ਸਨ। ਇਸ ਲਈ ਸੰਘ ਸਰਕਾਰ ਨੂੰ ਸੀਮਤ ਸ਼ਕਤੀਆਂ ਦਿੱਤੀਆਂ ਗਈਆਂ। ਪਰੰਤੂ ਸਮੇਂ ਦੇ ਬੀਤਨ ਨਾਲ ਹਾਲਾਤ ਵੀ ਬਦਲ ਗਏ। ਸੰਘ ਸਰਕਾਰ ਨੇ ਕਈ ਢੰਗਾਂ ਨਾਲ ਆਪਣੇ ਆਪ

ਨੂੰ ਵੱਧ ਤੋਂ ਵੱਧ ਸ਼ਕਤੀਸ਼ਾਲੀ ਬਣਾਉਣਾ ਸ਼ੁਰੂ ਕਰ ਦਿੱਤਾ ਅਤੇ ਕੇਂਦਰ ਏਨਾ ਸ਼ਕਤੀਸ਼ਾਲੀ ਬਣ ਗਿਆ ਕਿ ਕਈ ਆਲੋਚਕਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਅਮਰੀਕਾ ਵਿਚ ਸੰਘਾਤਮਕ ਪ੍ਰਣਾਲੀ ਖਤਮ ਹੋ ਗਈ ਹੈ, ਪਰ ਅਸਲ ਵਿਚ ਇਹ ਕਥਨ ਠੀਕ ਹੈ। ਅਮਰੀਕਾ ਦੇ ਰਾਜਾਂ ਨੂੰ ਅਜੇ ਵੀ ਕਾਫੀ ਸੁਤੰਤਰਤਾ ਪ੍ਰਾਪਤ ਹੈ ਅਤੇ ਉਨ੍ਹਾਂ ਦੀ ਹੋਂਦ ਨੂੰ ਸੰਵਿਧਾਨ ਦੁਆਰਾ ਸੁਰੱਖਿਅਤ ਕੀਤਾ ਗਿਆ ਹੈ।

ਇਸ ਪਾਠ ਵਿਚ ਅਮਰੀਕਾ ਦੇ ਹੇਠਲੇ ਸਦਨ ਅਰਥਾਤ ਪ੍ਰਤੀਨਿਧੀ ਸਦਨ ਦੀ ਰਚਨਾ, ਉਸ ਦੀ ਚੋਣ ਅਤੇ ਕਾਂਗਰਸ ਦੀਆਂ ਸ਼ਕਤੀਆਂ ਬਾਰੇ ਪੜ੍ਹਿਆ ਹੈ। ਅਮਰੀਕਾ ਦੀ ਕਾਂਗਰਸ ਕੋਲ ਕਾਨੂੰਨ ਬਣਾਉਣ ਸਬੰਧੀ, ਸੰਵਿਧਾਨ ਵਿਚ ਸੋਧ ਕਰਨ ਦੀ ਕਾਰਵਾਈ, ਨਿਆਂਇਕ, ਚੋਣ ਸਬੰਧੀ, ਜਾਂਚ ਪੜ੍ਹਤਾਲ, ਨਿਰਦੇਸ਼ਕ ਤੇ ਨਿਗਰਾਨੀ ਆਦਿ ਸਬੰਧੀ ਸ਼ਕਤੀਆਂ ਹਨ। ਅਸੀਂ ਪ੍ਰਤੀਨਿਧੀ ਸਦਨ ਦੇ ਸਪੀਕਰ ਬਾਰੇ ਵੀ ਅਧਿਐਨ ਕੀਤਾ ਹੈ ਕਿ ਕਿਵੇਂ ਇਹ ਇੰਗਲੈਂਡ ਦੇ ਸਪੀਕਰ ਨਾਲੋਂ ਭਿੰਨ ਤੇ ਆਪਣੀ ਪਾਰਟੀ ਦਾ ਪ੍ਰਸਿੱਧ ਨੇਤਾ ਹੁੰਦਾ ਹੈ। ਇਸ ਫਰਕ ਦਾ ਮੁੱਖ ਕਾਰਣ ਦੋਹਾਂ ਦੇਸ਼ਾਂ ਦੀਆਂ ਸ਼ਾਸਨ ਪ੍ਰਣਾਲੀਆਂ ਦੀ ਭਿੰਨਤਾ ਹੈ। ਭਾਵ ਇੰਗਲੈਂਡ ਵਿੱਚ ਸੰਸਦੀ ਪ੍ਰਣਾਲੀ ਹੋਣ ਕਾਰਨ ਕਾਮਨ ਦੀ ਲੀਡਰਸ਼ਿਪ ਪ੍ਰਧਾਨ ਮੰਤਰੀ ਦੇ ਹੱਥ ਹੁੰਦੀ ਹੈ ਜਦ ਕਿ ਅਮਰੀਕਾ ਵਿਚ ਸ਼ਕਤੀਆਂ ਦੀ ਅਲਹਿਦਗੀ ਤੇ ਅਜਿਹੇ ਮੁੱਖੀਏ ਦੀ ਅਣਹੋਂਦ ਕਾਰਨ ਇਹ ਲੀਡਰਸ਼ਿਪ ਸਪੀਕਰ ਦੇ ਹੱਥ ਆ ਜਾਂਦੀ ਹੈ।

ਇਸ ਪਾਠ ਵਿਚ ਅਸੀਂ ਅਮਰੀਕਾ ਦੇ ਉਪਰਲੇ ਸਦਨ ਸੈਨੇਟ ਬਾਰੇ ਵਿਚਾਰ ਕੀਤਾ ਹੈ। ਇਹ ਸਥਾਈ ਸਦਨ ਹੈ ਜਿਸ ਦੇ ਮੈਂਬਰ 6 ਸਾਲ ਲਈ ਚੁਣੇ ਜਾਂਦੇ ਹਨ। ਜਿਹਨਾਂ ਵਿੱਚੋਂ ਹਰ ਦੂਜੇ ਸਾਲ ਇਕ ਤਿਹਾਈ ਰਿਟਾਇਰ ਹੋ ਜਾਂਦੇ ਹਨ ਤੇ ਉਨ੍ਹਾਂ ਦੀ ਥਾਂ ਨਵੇਂ ਮੈਂਬਰ ਚੁਣੇ ਜਾਂਦੇ ਹਨ। ਸੈਨੇਟ ਕੋਲ ਵਿਧਾਇਕ, ਕਾਰਜਕਾਰੀ, ਨਿਆਂਇਕ, ਛਾਣਬੀਣ ਸਬੰਧੀ, ਚੋਣ ਸਬੰਧੀ ਅਤੇ ਸੰਵਿਧਾਨ ਵਿੱਚ ਸੰਸ਼ੋਧਨ ਕਰਨ ਸਬੰਧੀ ਸ਼ਕਤੀਆਂ ਹਨ। ਇਸ ਨੂੰ ਸੰਸਾਰ ਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਦੂਜਾ ਸਦਨ ਕਿਹਾ ਜਾਂਦਾ ਹੈ। ਕਿਉਂਕਿ ਸੈਨੇਟਰਾਂ ਦੀ ਚੋਣ ਸਿੱਧੇ ਢੰਗ ਨਾਲ ਹੁੰਦੀ ਹੈ ਅਤੇ ਵਿਧਾਇਕ ਨਿਆਂਇਕ ਅਤੇ ਕਾਰਜਕਾਰੀ ਖੇਤਰਾਂ ਵਿੱਚ ਇਸ ਦੀਆਂ ਸ਼ਕਤੀਆਂ ਪ੍ਰਤੀਨਿਧ ਸਦਨ ਦੇ ਲਗਭਗ ਬਰਾਬਰ ਅਤੇ ਕੁਝ ਪੱਖੋਂ ਵੱਧ ਹਨ। ਸੈਨੇਟ ਵਿਚ ਵਾਦ ਵਿਵਾਦ ਬੜੀ ਚੰਗੀ ਤਰ੍ਹਾਂ ਹੋ ਸਕਦਾ ਹੈ, ਕਿਉਂਕਿ ਇਸ ਦਾ ਆਕਾਰ ਛੋਟਾ ਅਤੇ ਮਿਆਦ ਲੰਮੀ ਹੈ। ਇਹ ਹੇਠਲੇ ਸਦਨ ਦੇ ਕਾਹਲੀ ਵਿਚ ਦਿੱਤੇ ਫੈਸਲਿਆਂ ਤੇ ਵੀ ਰੋਕ ਲਾਉਂਦਾ ਹੈ। ਇੰਨੀਆਂ ਵਿਸ਼ਾਲ ਸ਼ਕਤੀਆਂ ਕਾਰਨ ਹੀ ਇਸ ਨੂੰ ਵਧੇਰੇ ਸ਼ਕਤੀਸ਼ਾਲੀ ਸਮਝਿਆ ਜਾਂਦਾ ਹੈ। ਇਸ ਪਾਠ ਵਿਚ ਅਸੀਂ ਅਮਰੀਕਾ ਦੇ ਸੰਵਿਧਾਨ ਦੀਆਂ ਰਾਜਨੀਤਿਕ ਪ੍ਰੰਪਰਾਵਾਂ ਬਾਰੇ ਅਤੇ ਪ੍ਰਮੁੱਖ ਵਿਸ਼ੇਸ਼ਤਾਵਾਂ ਬਾਰੇ ਅਧਿਐਨ ਕੀਤਾ ਹੈ। ਅਸੀ ਵੇਖਿਆ ਹੈ ਕਿ ਅਮਰੀਕਾ ਦਾ ਸੰਵਿਧਾਨ ਇੰਗਲੈਂਡ ਦੇ ਸੰਵਿਧਾਨ ਨਾਲੋ ਸਿਧਾਂਤਕ ਰੂਪ ਵਿੱਚ ਵੱਖਰੇ ਢੰਗ ਦਾ ਹੈ। ਅਮਰੀਕਾ ਦਾ ਸੰਵਿਧਾਨ ਲਿਖਤੀ ਤੇ ਕਠੋਰ ਹੈ। ਇਸ ਦੀ ਸੋਧ ਪ੍ਰਕ੍ਰਿਆ ਇਤਨੀ ਕਠੋਰ ਹੈ ਕਿ ਸੰਵਿਧਾਨ ਵਿਚ ਸੋਧ ਕਰਨਾ ਕਾਫੀ ਕਠਿਨ ਹੈ। ਸੰਵਿਧਾਨ ਦੀ ਲਿਖਤੀ ਤੇ ਕਠੋਰ ਹੋਣ ਦਾ ਵੱਡਾ ਕਾਰਨ ਇਹ ਸੀ ਕਿ ਸੰਵਿਧਾਨ ਵਿਚ ਸੰਘਾਤਮਕ ਪ੍ਰਣਾਲੀ ਨੂੰ ਅਪਣਾਇਆ ਸੀ ਤੇ ਇਸ ਕਰਕੇ ਹੀ ਨਿਆਂ-ਪਾਲਿਕਾ ਨੂੰ ਸ਼ਕਤੀਆਂ ਦੀ ਵੰਡ ਦੇ ਸਿਧਾਂਤ ਦੇ ਬਾਵਜੂਦ ਵੀ ਸਰਵ-ਉੱਚ ਸਥਾਨ ਦਿੱਤਾ ਗਿਆ। ਭਾਵੇਂ ਅਮਰੀਕਾ ਵਿਚ ਕਾਰਜ-ਪਾਲਿਕਾ, ਵਿਧਾਨ ਪਾਲਿਕਾ ਤੇ ਨਿਆਂ ਪਾਲਿਕਾ ਨੂੰ ਵੱਖ ਰੱਖਿਆ ਗਿਆ ਹੈ, ਪਰ ਨਾਲ ਹੀ ਰੋਕਾਂ ਤੇ ਸੰਤੁਲਨ ਦਾ ਸਿਧਾਂਤ ਵੀ ਅਪਣਾਇਆ ਗਿਆ ਹੈ ਤਾਂ ਜੋ ਸਰਕਾਰ ਦਾ ਕੋਈ ਵੀ ਇਕ ਅੰਗ ਦੂਜੇ ਤੇ ਹਾਵੀ ਨਾ ਹੋ ਸਕੇ। ਅਮਰੀਕਾ ਦੇ ਸੰਵਿਧਾਨ ਦੀ ਵੱਡੀ ਵਿਸ਼ੇਸ਼ਤਾ ਹੈ ਪ੍ਰਧਾਨਾਤਮਕ ਸਰਕਾਰ ਦਾ ਹੋਣਾ ਹੈ। ਇਸ ਦੇ ਨਾਲ ਅਮਰੀਕਾ ਵਿਚ ਗਣਰਾਜੀ ਸਰਕਾਰ ਨੂੰ ਵੀ ਮਾਨਤਾ ਦਿੱਤੀ ਗਈ ਹੈ।

## 1.2.15 SUGGESTED READINGS


1. Ogg and Ray : Essentials & American Government (Engg. Ed.)
2. K.R. Bombwall : Major Contemporary constitutional Systems (Eng. Ed.)
3. G.S. Deol : Theory of Government and Comparative Constitutions (Pbi. Ed.)
4. S.S. Nanda : Comparative Political Systems


## 1.2.16 ਅਧਿਐਨ ਲਈ ਪ੍ਰਸ਼ਨ

1.ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਦਾ ਇਤਿਹਾਸਕ ਪਿਛੋਕੜ ਦੱਸਦੇ ਹੋਏ ਇਸ ਦੀਆਂ ਮੁੱਢਲੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।

# ਅਮਰੀਕੀ ਅਧਿਕਾਰ ਪੱਤਰ
# (American Bill of Rights)

**ਰਚਨਾ**

1.3.0 ਉਦੇਸ਼
1.3.1 ਸੰਯੁਕਤ ਰਾਜ ਅਮਰੀਕਾ ਦੇ ਨਾਗਰਿਕਾਂ ਦੇ ਅਧਿਕਾਰ
1.3.2 ਅਮਰੀਕੀ ਅਧਿਕਾਰਾਂ ਦਾ ਸਰੂਪ (Nature of American Rights)
1.3.3 ਮਨੁੱਖੀ ਅਧਿਕਾਰਾਂ ਪ੍ਰਤੀ ਸਤਿਕਾਰ ਦੀ ਪ੍ਰੰਪਰਾ (Tradition of Reverence towards Human Rights)
1.3.4 ਲੋਕ ਸੰਵਿਧਾਨਿਕ ਸ਼ਕਤੀ ਦਾ ਅੰਤਿਮ ਸੋਮਾ (People are the ultimate source of constituational power)
1.3.5 ਨਾਗਰਿਕਾਂ ਦੇ ਅਧਿਕਾਰ (Rights of Citizens)
1.3.6 ਅਮਰੀਕੀ ਅਧਿਕਾਰ ਪੱਤਰ ਇਕ ਮੁਲਾਂਕਣ :
1.3.7 ਅਧਿਐਨ ਲਈ ਪ੍ਰਸ਼ਨ
1.3.8 ਪੜ੍ਹਨਯੋਗ ਪੁਸਤਕਾਂ

## 1.3.0 ਉਦੇਸ਼

ਅਮਰੀਕੀ ਅਧਿਕਾਰ ਪੱਤਰ ਅਮਰੀਕੀ ਨੇਤਾਵਾਂ ਨੇ ਇਨ੍ਹਾਂ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਸ਼ਾਮਲ ਕਰਕੇ ਆਉਣ ਵਾਲੀਆਂ ਨਸਲਾਂ ਲਈ ਇਕ ਪ੍ਰਸ਼ੰਸਾ ਯੋਗ ਅਤੇ ਸਤਿਕਾਰਯੋਗ ਆਦਰਸ਼ ਉਲੀਕਿਆ ਹੈ। ਭਾਵੇ 1789 ਵਿੱਚ ਫਰਾਂਸ ਦੀ ਰਾਸ਼ਟਰੀ ਸਭਾ ਨੇ ਮਾਨਵ ਅਧਿਕਾਰਾਂ ਦੀ ਘੋਸ਼ਣਾ ਕੀਤੀ ਸੀ ਪ੍ਰੰਤੂ ਵਾਸਤਵਿਕ ਤੌਰ ਤੇ ਸੰਯੁਕਤ ਰਾਜ ਅਮਰੀਕਾ ਪਹਿਲਾ ਦੇਸ਼ ਹੈ ਜਿਸ ਵਿੱਚ ਮਨੁੱਖੀ ਅਧਿਕਾਰਾਂ ਨੂੰ ਸਪੱਸ਼ਟ ਰੂਪ ਵਿੱਚ ਅੰਕਿਤ ਕੀਤਾ ਗਿਆ ਹੈ। ਕਿਉਕਿ ਮਾਨਵ ਅਧਿਕਾਰ ਯੋਗ ਤੰਤਰ ਦਾ ਮੂਲ ਆਧਾਰ ਹਨ ਅਤੇ ਅਮਰੀਕੀ ਸਿਧਾਂਤ ਵਿੱਚ ਇਨ੍ਹਾਂ ਦੀ ਹੋਂਦ ਅਮਰੀਕੀ ਸੰਵਿਧਾਨ ਪ੍ਰਣਾਲੀ ਨੂੰ ਲੋਕਤੰਤਰੀ ਸਰੂਪ ਪ੍ਰਦਾਨ ਕਰਦੀ ਹੈ।

## 1.3.1 ਸੰਯੁਕਤ ਰਾਜ ਅਮਰੀਕਾ ਦੇ ਨਾਗਰਿਕਾਂ ਦੇ ਅਧਿਕਾਰ

1789 ਵਿੱਚ ਸੰਯੁਕਤ ਰਾਜ ਅਮਰੀਕਾ ਦਾ ਸੰਵਿਧਾਨ ਲਾਗੂ ਕੀਤਾ ਗਿਆ ਸੀ। ਮੌਲਿਕ ਰੂਪ ਵਿੱਚ ਇਸ ਸੰਵਿਧਾਨ ਵਿੱਚ ਨਾਗਰਿਕਾਂ ਦੇ ਅਧਿਕਾਰਾਂ ਦਾ ਕੋਈ ਵਰਣਨ ਨਹੀ ਸੀ। ਅਧਿਕਾਰਾਂ ਦੀ ਅਣਹੋਂਦ ਕਾਰਣ ਸੰਯੁਕਤ ਰਾਜ ਅਮਰੀਕਾ ਦੇ ਕੁਝ ਰਾਜ ਨਵੇ ਸੰਵਿਧਾਨ ਨੂੰ ਪ੍ਰਵਾਨ ਕਰਨ ਤੋਂ ਸੰਕੋਚ ਕਰ ਰਹੇ ਸਨ। ਅਜਿਹੀ ਸਥਿਤੀ ਵਿੱਚ ਉੱਘੇ ਅਮਰੀਕੀ ਨੇਤਾਵਾਂ ਨੇ ਸੰਯੁਕਤ ਰਾਜ ਅਮਰੀਕਾ ਦੇ ਕੁਝ ਰਾਜ ਨਵੇਂ ਸੰਵਿਧਾਨ ਨੂੰ ਪ੍ਰਵਾਨ ਕਰਨ ਤੋ ਸੰਕੋਚ ਕਰ ਰਹੇ ਸਨ। ਅਜਿਹੀ ਸਥਿਤੀ ਵਿੱਚ ਉੱਘੇ ਅਮਰੀਕੀ ਨੇਤਾਵਾਂ ਨੇ ਸੰਯੁਕਤ ਰਾਜ ਦੇ ਰਾਜਾਂ ਨੂੰ ਇਹ ਵਿਸ਼ਵਾਸ ਦਿੱਤਾ ਕਿ ਤੁਰੰਤ ਹੀ ਸੰਵਿਧਾਨ ਵਿੱਚ ਨਾਗਰਿਕਾਂ ਦੇ ਅਧਿਕਾਰਾਂ ਦੀ ਅਣਹੋਂਦ ਕਾਰਨ ਸਯੁੰਕਤ ਰਾਜ ਅਮਰੀਕਾ ਦੇ ਕੁਝ ਰਾਜ ਨਵੇਂ ਸੰਵਿਧਾਨ ਨੂੰ ਪ੍ਰਵਾਨ ਕਰਨ ਤੋਂ ਸਕੋਚ ਕਰ ਰਹੇ ਹਨ। ਅਜਿਹੀ ਸਥਿਤੀ ਵਿਚ ਉੱਘੇ ਅਮਰੀਕੀ ਨੇਤਾਵਾਂ ਨੇ ਸੰਯੁਕਤ ਰਾਜ ਅਮਰੀਕਾਂ ਦੇ ਰਾਜਾਂ ਨੂੰ ਇਹ ਵਿਸ਼ਵਾਸ਼ ਦਿੱਤਾ ਹੈ ਕਿ ਤਰੁੰਤ ਹੀ ਸੰਵਿਧਾਨ ਵਿਚ ਨਾਗਰਿਕਾਂ ਦੇ ਅਧਿਕਾਰਾਂ ਨੂੰ ਸ਼ਾਮਲ ਕਰਨ ਲਈ ਲੋੜੀਦੀ ਕਾਰਵਾਈ ਕੀਤੀ ਜਾਵੇਗੀ। ਇਸੇ ਕਾਰਣ ਸੰਵਿਧਾਨ ਦੇ ਲਾਗੂ ਹੋਣ ਤੋਂ ਲਗਭਗ 2½ ਸਾਲ ਮਗਰੋ ਸੰਵਿਧਾਨ ਵਿੱਚ ਪਹਿਲੀਆਂ ਦਸ ਤਰਮੀਮਾਂ ਕੀਤੀਆਂ ਗਈਆਂ। ਇਨ੍ਹਾਂ ਤਰਮੀਮਾਂ ਦੁਆਰਾ ਹੀ ਅਮਰੀਕਾ ਦੇ ਸੰਵਿਧਾਨ ਵਿੱਚ ਇਕ ਅਧਿਕਾਰ ਪੱਤਰ (Bill of Rights) ਅੰਕਿਤ ਕੀਤਾ ਗਿਆ ਹੈ। ਪਹਿਲੀਆਂ 9 ਤਰਮੀਮਾਂ ਦੁਆਰਾ ਇਸ ਅਧਿਕਾਰ ਪੱਤਰ ਵਿੱਚ ਨਾਗਰਿਕਾਂ ਦੇ

ਅਧਿਕਾਰ ਅੰਕਿਤ ਕੀਤੇ ਗਏ ਹਨ ਅਤੇ ਦਸਵੀਂ ਤਰਮੀਮ ਨੇ ਰਾਜਾਂ ਨੂੰ ਬਚੀਆਂ ਸ਼ਕਤੀਆਂ (Residuary Power) ਸੌਪੀਆਂ ਹਨ। ਇਸ ਅਧਿਕਾਰ ਪੱਤਰ ਵਿੱਚ ਸ਼ਾਮਲ ਅਮਰੀਕੀ ਨਾਗਰਿਕਾਂ ਦੇ ਅਧਿਕਾਰਾਂ ਦੇ ਸੰਖੇਪ ਵਰਣਨ ਇਸ ਪ੍ਰਕਾਰ ਹੈ।

**1.ਸੁਤੰਤਰਤਾ ਦਾ ਅਧਿਕਾਰ** (Right of Freedom) - ਸੰਵਿਧਾਨ ਦੀ ਪਹਿਲੀ ਤਰਮੀਮ ਦੁਆਰਾ ਅਮਰੀਕੀ ਨਾਗਰਿਕਾਂ ਨੂੰ ਅਨੇਕਾਂ ਪ੍ਰਕਾਰ ਦੀਆਂ ਸੁਤੰਤਰਤਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ। ਇਨ੍ਹਾਂ ਸੁਤੰਤਤਾਵਾਂ ਨੂੰ ਸਮੂਹਿਕ ਰੂਪ ਵਿੱਚ 'ਸੁਤੰਤਰਤਾ ਦਾ ਅਧਿਕਾਰ' (Right to Freedom) ਕਿਹਾ ਜਾ ਸਕਦਾ ਹੈ। ਇਸ ਅਧਿਕਾਰ ਅਧੀਨ ਸੰਵਿਧਾਨ ਦੀ ਪਹਿਲੀ ਤਰਮੀਮ ਦੁਆਰਾ ਅਮਰੀਕੀ ਨਾਗਰਕਿਾਂ ਨੂੰ ਹੇਠ ਲਿਖੀ ਸੁਤੰਤਰਤਾਵਾਂ ਦਿਤੀਆਂ ਗਈਆਂ ਹਨ।

**(i) ਧਾਰਮਿਕ ਸੁਤੰਤਰਤਾ** (Religious Freedom) - ਹਰੇਕ ਨਾਗਰਿਕਾਂ ਨੂੰ ਧਾਰਮਿਕ ਸੁਤੰਤਰਤਾ ਦਾ ਅਧਿਕਾਰ ਪ੍ਰਾਪਤ ਹੈ। ਉਹ ਆਪਣੀ ਇੱਛਾ ਅਨੁਸਾਰ ਕਿਸੇ ਵੀ ਧਰਮ ਦੀ ਪੂਜਾ ਕਰ ਸਕਦਾ ਹੈ ਅਤੇ ਉਸ ਨੂੰ ਧਾਰਮਿਕ ਸੰਸਥਾਵਾਂ ਸਥਾਪਿਤ ਕਰਨ ਦੀ ਪੂਰੀ ਖੁੱਲ੍ਹ ਹੈ। ਇਸ ਦੇ ਨਾਲ ਹੀ ਕਾਂਗਰਸ ਕਿਸੇ ਧਾਰਮਿਕ ਸੰਸਥਾ ਦੀ ਸਥਾਪਨਾ ਕਰਨ ਲਈ ਕਿਸੇ ਪ੍ਰਕਾਰ ਦੇ ਕਾਨੂੰਨ ਦਾ ਨਿਰਮਾਣ ਨਹੀ ਕਰ ਸਕਦੀ।

**(ii) ਭਾਸ਼ਣ ਅਤੇ ਪ੍ਰੈਸ ਦੀ ਸੁਤੰਤਰਤਾ** (Fredom of Speech and Press) - ਪਹਿਲੀ ਤਰਮੀਮ ਦੁਆਰਾ ਇਹ ਵਿਵਸਥਾ ਕੀਤੀ ਗਈ ਹੈ ਕਿ ਕਾਂਗਰਸ ਕਾਨੂੰਨ ਦੁਆਰਾ ਨਾਗਰਿਕਾਂ ਦੀ ਭਾਸ਼ਣ ਅਤੇ ਪ੍ਰੈਸ ਦੀ ਸੁਤੰਤਰਤਾ ਨੂੰ ਸਮਾਪਤ ਨਹੀ ਕਰੇ ਗੀ। ਇਸ ਦਾ ਭਾਵ ਇਹ ਹੋਇਆ ਹੈ ਕਿ ਅਮਰੀਕੀ ਨਾਗਰਕਿਾਂ ਨੂੰ ਭਾਸ਼ਣ ਅਤੇ ਪ੍ਰੈਸ ਦੁਆਰਾ ਆਪਣੇ ਵਿਚਾਰ ਪ੍ਰਗਟ ਕਰਨ ਦੀ ਪੂਰਨ ਸੁਤੰਤਰਤਾ ਪ੍ਰਾਪਤ ਹੈ।

**(iii)ਸ਼ਾਂਤਮਈ ਢੰਗ ਨਾਲ ਇੱਕਠੇ ਹੋਣ ਦੀ ਸੁਤੰਤਰਤਾ** (Freedom to Assemble Peaceably) - ਸੰਵਿਧਾਨ ਦੀ ਪਹਿਲੀ ਤਰਮੀਮ ਅਨੁਸਾਰ ਕਾਂਗਰਸ ਕਾਨੂੰਨ ਦੁਆਰਾ ਲੋਕਾਂ ਦੀ ਸ਼ਾਂਤਮਈ ਢੰਗ ਨਾਲ ਇੱਕਠੇ ਹੋਣ ਦੀ ਸੁਤੰਤਰਤਾ ਨੂੰ ਸਮਾਪਤ ਨਹੀ ਕਰ ਸਕਦੀ। ਦੂਜੇ ਸ਼ਬਦਾਂ ਵਿੱਚ, ਸੰਯੁਕਤ ਰਾਜ ਅਮਰੀਕਾ ਦੇ ਨਾਗਰਿਕਾਂ ਨੂੰ ਸ਼ਾਂਤਮਈ ਰੂਪ ਵਿੱਚ ਇੱਕਠੇ ਹੋਣ ਦੀ ਸੁਤੰਤਰਤਾ ਪ੍ਰਾਪਤ ਹੈ।

**(iv) ਸਰਕਾਰ ਨੂੰ ਬਿਨੈ-ਪੱਤਰ ਦੇਣ ਦੀ ਸੁਤੰਤਰਤਾ** (Freedom to Petition the Government) - ਸੰਯੁਕਤ ਰਾਜ ਅਮਰੀਕਾ ਵਿੱਚ ਨਾਗਰਿਕਾਂ ਨੂੰ ਆਪਣੀਆਂ ਸ਼ਿਕਾਇਤਾਂ ਦੂਰ ਕਰਾਉਣ ਲਈ ਸਰਕਾਰ ਕੋਲ ਬਿਨੈ-ਪੱਤਰ ਦੇਣ ਦਾ ਅਧਿਕਾਰ ਪ੍ਰਾਪਤ ਹੈ। ਪਹਿਲੀ ਸੰਵਿਧਾਨਿਕ ਤਰਮੀਮ ਦੁਆਰਾ ਇਹ ਵਿਵਸਥਾ ਕੀਤੀ ਗਈ ਹੈ ਕਿ ਕਾਂਗਰਸ ਇਸ ਅਧਿਕਾਰ ਨੂੰ ਕਾਨੂੰਨ ਦੁਆਰਾ ਸਮਾਪਤ ਨਹੀ ਕਰ ਸਕਦੀ।

**2.ਹਥਿਆਰ ਰੱਖਣ ਦਾ ਅਧਿਕਾਰ** (Right of keep Arms) - ਸੰਵਿਧਾਨ ਦੀ ਦੂਜੀ ਤਰਮੀਮ ਦੁਆਰਾ ਇਹ ਵਿਵਸਥਾ ਕੀਤੀ ਗਈ ਹੈ ਕਿ ਸੁਤੰਤਰ ਰਾਜ ਦੀ ਰੱਖਿਆ ਲਈ ਰਾਸ਼ਟਰੀ ਸੈਨਾ ਦਾ ਹੋਣਾ ਜਰੂਰੀ ਹੈ ਤੇ ਇਸ ਲਈ ਲੋਕਾਂ ਦੇ ਹਥਿਆਰ ਰੱਖਣ ਦੇ ਅਧਿਕਾਰ ਨੂੰ ਭੰਗ ਨਹੀ ਕੀਤਾ ਜਾਵੇਗਾ। ਇਸ ਦਾ ਭਾਵ ਹੈ ਕਿ ਸੰਯੁਕਤ ਰਾਜ ਅਮਰੀਕਾ ਦੇ ਨਾਗਰਿਕਾਂ ਨੂੰ ਹਥਿਆਰ ਰੱਖਣ ਦਾ ਪੂਰਨ ਅਧਿਕਾਰ ਹੈ।

**3.ਫੌਜੀਆਂ ਨੂੰ ਘਰਾਂ ਵਿੱਚ ਠਹਿਰਾਉਣ ਦੀ ਮਨਾਹੀ** (Stationing of Soldiers in any of the houses prohibited) - ਸੰਵਿਧਾਨ ਦੀ ਤੀਜੀ ਤਰਮੀਮ ਅਧੀਨ ਇਹ ਮਹੱਤਵਪੂਰਨ ਵਿਵਸਥਾ ਕੀਤੀ ਗਈ ਹੈ ਕਿ ਸ਼ਾਂਤੀ ਦੇ ਸਮੇਂ ਕਿਸੇ ਵੀ ਮਕਾਨ ਵਿੱਚ ਉਸ ਦੇ ਮਾਲਕ ਦੀ ਇੱਛਾ ਤੋ ਬਿਨਾਂ ਕਿਸੇ ਫੌਜੀ ਨੂੰ ਨਹੀ ਰੱਖਿਆ ਜਾਵੇਗਾ। ਯੁੱਧ ਦੇ ਦਿਨਾਂ ਵਿੱਚ ਕੇਵਲ ਕਾਨੂੰਨ ਦੁਆਰਾ ਨਿਸ਼ਚਿਤ ਵਿਧੀ ਅਨੁਸਾਰ ਹੀ ਫੌਜੀਆਂ ਨੂੰ ਲੋਕਾਂ ਦੇ ਘਰਾਂ ਵਿੱਚ ਰੱਖਿਆ ਜਾ ਸਕਦਾ ਹੈ।

**4.ਅਣ-ਉਚਿਤ ਤਲਾਸ਼ੀ ਅਤੇ ਕਬਜੇ ਦੀ ਮਨਾਹੀ** (Unreasonable Searches and Seizures Prohibited) - ਸੰਵਿਧਾਨ ਦੀ ਚੌਥੀ ਤਰਮੀਮ ਦੁਆਰਾ ਲੋਕਾਂ ਦੀ ਸੰਪਤੀ ਅਤੇ ਨਿੱਜੀ ਜੀਵਨ ਨੂੰ ਸੁਰੱਖਿਅਤ ਬਣਾਇਆ ਗਿਆ ਹੈ। ਇਸ ਤਰਮੀਮ ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ ਅਣ-ਉਚਿਤ ਤਲਾਸ਼ੀ ਅਤੇ ਕਬਜੇ ਦੇ ਵਿਰੁੱਧ ਲੋਕਾਂ ਨੂੰ ਆਪਣੇ ਘਰੋਂ, ਕਾਗਜ਼-ਪੱਤਰਾਂ, ਮਾਲ ਅਤੇ ਨਿੱਜੀ ਗੁਪਤਤਾ ਦਾ ਜੋ ਅਧਿਕਾਰ ਹੈ ਉਸ ਦੀ ਉਲੰਘਣਾ ਨਹੀ ਕੀਤੀ ਜਾਵੇਗੀ। ਇਸ ਦਾ ਭਾਵ ਇਹ ਹੋਇਆ ਕਿ ਲੋਕਾਂ ਦੇ ਘਰਾਂ ਜਾਂ ਕਾਗਜ਼-ਪੱਤਰਾਂ ਦੀ ਗੈਰ-ਕਾਨੂੰਨੀ ਤਲਾਸ਼ੀ ਨਹੀ ਲਈ ਜਾ ਸਕਦੀ। ਤਲਾਸ਼ੀ ਲੈਣ ਲਈ ਜਾਂ ਕਿਸੇ ਵਿਅਕਤੀ ਜਾਂ ਵਸਤੂ ਨੂੰ ਕਬਜ਼ੇ ਵਿੱਚ ਕਰਨ ਲਈ ਇਹ ਜ਼ਰੂਰੀ ਹੈ ਕਿ ਉਚਿਤ-ਅਧਿਕਾਰੀ ਦੁਆਰਾ ਵਿਸ਼ੇਸ਼ ਆਦੇਸ਼ (Warrant) ਜਾਰੀ ਕੀਤਾ ਜਾਵੇ ਜਿਸ ਵਿੱਚ ਉਸ ਵਿਅਕਤੀ ਜਾਂ ਸਥਾਨ ਜਾਂ ਵਸਤੂ ਦਾ ਸਪਸ਼ਟ ਰੂਪ ਵਿੱਚ ਵਰਣਨ ਹੋਵੇ, ਜਿਸ ਵਿਅਕਤੀ ਜਾਂ ਸਥਾਨ ਜਾਂ ਵਸਤੂ ਦੀ ਤਲਾਸ਼ੀ ਲਈ ਜਾਣੀ ਹੈ ਜਾਂ ਕਿਸ ਨੂੰ ਕਬਜੇ ਅਧੀਨ ਕਰਨਾ ਹੈ।

**5.ਕਥਿਤ ਦੋਸ਼ੀਆਂ ਦੇ ਅਧਿਕਾਰ** (Rights of the Alleged Criminals) - ਸੰਵਿਧਾਨ ਦੀ ਛੇਵੀਂ, ਸੱਤਵੀਂ ਅਤੇ ਅੱਠਵੀਂ ਤਰਮੀਮ ਦੁਆਰਾ ਕੁਝ ਅਜਿਹੇ ਅਧਿਕਾਰ ਸੰਵਿਧਾਨ ਵਿੱਚ ਅੰਕਿਤ ਕੀਤੇ ਗਏ ਹਨ ਜਿਨ੍ਹਾਂ ਦਾ ਸੰਬੰਧ ਮੁੱਖ ਰੂਪ ਵਿੱਚ ਕਥਿਤ-ਦੋਸ਼ੀਆਂ ਨਾਲ ਹੈ। ਅਜਿਹੇ ਕੁਝ ਅਧਿਕਾਰਾਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ -

(1) ਕਿਸੇ ਵਿਅਕਤੀ ਦੇ ਵਿਰੁੱਧ ਕਿਸੇ ਵੱਡੇ ਜੁਰਮ ਲਈ ਉਦੋਂ ਤਕ ਮੁਕੱਦਮਾ ਨਹੀ ਚਲਾਇਆ ਜਾ ਸਕਦਾ ਜਦੋਂ ਤੱਕ 'ਮਹਾਨ ਅਦਾਲਤੀ ਪੰਚਾਇਤੀ' (Grand Jury) ਉਸ ਦੇ ਵਿਰੁੱਧ ਦੋਸ਼-ਆਰੋਪਣ (Indictment) ਪੇਸ਼ ਨਾ ਕਰੇ। ਇਸ ਦਾ ਭਾਵ ਇਹ ਹੋਇਆ ਕਿ ਜੇਕਰ ਹੈ ਤਾਂ ਪਹਿਲਾਂ ਉਸ ਵਿਅਕਤੀ ਦੇ ਵਿਰੁੱਧ ਲਗਾਏ ਦੋਸ਼ਾਂ ਨੂੰ ਮਹਾਨ ਅਦਾਲਤੀ ਪੰਚਾਇਤੀ (Grand Jury) ਦੇ ਸਾਹਮਣੇ ਰੱਖਣਾ ਪਵੇਗਾ। ਜੇਕਰ ਇਹ ਮਹਾਨ ਅਦਾਲਤੀ ਪੰਚਾਇਤ ਬਹੁਮਤ ਦੁਆਰਾ ਉਨ੍ਹਾਂ ਦੋਸ਼ਾਂ ਨੂੰ ਸਵੀਕਾਰ ਕਰ ਲਵੇ ਤਾਂ ਹੀ ਉਸ ਵਿਅਕਤੀ ਦੇ ਵਿਰੁੱਧ ਫੌਜਦਾਰੀ ਮੁਕੱਦਮਾ ਚਲਾਇਆ ਜਾ ਸਕਦਾ ਹੈ।

(2) ਕਿਸੇ ਵਿਅਕਤੀ ਨੂੰ ਇਕ ਹੀ ਦੋਸ਼ ਦਾ ਦੋ ਵਾਰੀ ਦੰਡ ਨਹੀ ਦਿੱਤਾ ਜਾ ਸਕਦਾ।

(3) ਕਿਸੇ ਵਿਅਕਤੀ ਨੂੰ ਫੌਜਦਾਰੀ ਮੁਕੱਦਮੇ ਵਿੱਚ ਆਪਣੇ ਵਿਰੁੱਧ ਗਵਾਹੀ ਦੇਣ ਲਈ ਮਜਬੂਰ ਨਹੀ ਕੀਤਾ ਜਾ ਸਕਦਾ। ਇਸ ਦਾ ਭਾਵ ਇਹ ਹੋਇਆ ਕਿ ਕਿਸੇ ਵਿਅਕਤੀ ਨੂੰ ਆਪਣਾ ਦੋਸ਼ ਕਬੂਲ ਕਰਨ ਲਈ ਤੰਗ ਨਹੀ ਕੀਤਾ ਜਾ ਸਕਦਾ।

(4) ਕਿਸੇ ਵਿਅਕਤੀ ਨੂੰ ਕਾਨੂੰਨੀ ਵਿਧੀ ਤੋਂ ਇਲਾਵਾ ਉਸ ਦੇ ਜੀਵਨ, ਸੁਤੰਤਰਤਾ ਜਾਂ ਸੰਪਤੀ ਤੋਂ ਵਾਂਝਿਆ ਨਹੀ ਕੀਤਾ ਜਾ ਸਕਦਾ।

(5) ਹਰੇਕ ਫੌਜਦਾਰੀ ਮੁਕੱਦਮੇ ਵਿੱਚ ਦੋਸ਼ੀ ਨੂੰ ਇਹ ਅਧਿਕਾਰ ਹੈ ਕਿ ਉਸ ਦੇ ਮੁਕੱਦਮੇ ਨੂੰ ਉਸ ਰਾਜ ਦੇ ਜ਼ਿਲ੍ਹੇ ਵਿੱਚ ਨਿਰਪੱਖ ਅਦਾਲਤੀ ਪੰਚਾਇਤ (Impartial Jury) ਦੁਆਰਾ ਖੁੱਲ੍ਹੇ ਰੂਪ ਵਿੱਚ ਤੁਰੰਤ ਸੁਣਿਆ ਜਾਵੇ ਜਿੱਥੇ ਦੋਸ਼ੀ ਨੇ ਜੁਰਮ ਕੀਤਾ ਹੈ। ਦੋਸ਼ੀ ਨੂੰ ਇਹ ਵੀ ਅਧਿਕਾਰ ਹੈ ਕਿ ਉਸ ਦੇ ਵਿਰੁੱਧ ਲਗਾਏ ਦੋਸ਼ਾਂ ਸੰਬੰਧੀ ਉਸ ਨੂੰ ਸੂਚਿਤ ਕੀਤਾ ਜਾਵੇ ਅਤੇ ਉਸ ਦੇ ਵਿਰੋਧੀ ਗਵਾਹਾਂ ਤੋਂ ਪੁੱਛ-ਗਿੱਛ ਕਰਨ ਦਾ ਉਸ ਨੂੰ ਅਵਸਰ ਦਿੱਤਾ ਜਾਵੇ। ਦੋਸ਼ੀ ਨੂੰ ਇਸ ਗੱਲ ਦਾ ਵੀ ਅਧਿਕਾਰ ਹੈ ਕਿ ਉਹ ਆਪਣੇ ਪੱਖ ਵਿਚ ਗਵਾਹ ਪੇਸ਼ ਕਰ ਸਕਦਾ ਹੈ ਅਤੇ ਆਪਣੀ ਰੱਖਿਆ ਲਈ ਕਿਸੇ ਵਕੀਲ ਦੀ ਕਾਨੂੰਨੀ ਸਹਾਇਤਾ ਲੈ ਸਕਦਾ ਹੈ।

(6) ਕਿਸੇ ਦੋਸ਼ੀ ਪਾਸੋ ਬਹੁਤ ਵੱਡੀ ਜਮਾਨਤ ਦੀ ਮੰਗ ਨਹੀ ਕੀਤੀ ਜਾਵੇਗੀ ਅਤੇ ਨਾ ਹੀ ਬਹੁਤ ਜ਼ਿਆਦਾ ਜੁਰਮਾਨਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਕਿਸੇ ਅਸਾਧਾਰਣ ਅਤੇ ਬੇਰਹਿਮ ਜਾਂ ਨਿਰਦਈ ਦੰਡ ਨਹੀ ਦਿੱਤਾ ਜਾਵੇਗਾ।

(7) ਸਾਧਾਰਣ ਕਾਨੂੰਨ ਦੇ ਜਿਨ੍ਹਾਂ ਮੁਕੱਦਮਿਆਂ ਵਿੱਚ 20 ਡਾਲਰ ਤੋਂ ਜ਼ਿਆਦਾ ਰਕਮ ਸੰਬੰਧੀ ਝਗੜਾ ਹੈ ਉਨ੍ਹਾਂ ਮੁਕੱਦਮਿਆਂ ਦੀ ਸੁਣਵਾਈ ਵੀ ਅਦਾਲਤੀ ਪੰਚਾਇਤ (Jury) ਦੁਆਰਾ ਹੋ ਸਕਦੀ ਹੈ।

**6.ਸੰਪਤੀ ਦਾ ਅਧਿਕਾਰ** (Right of Property) - ਸੰਵਿਧਾਨ ਦੀ ਪੰਜਵੀਂ ਤਰਮੀਮ ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ ਕਿਸੇ ਵਿਅਕਤੀ ਦੀ ਨਿੱਜੀ ਸੰਪਤੀ ਰੱਖਣ ਨੂੰ ਮੁਆਵਜਾ ਦਿੱਤੇ ਬਿਨਾਂ ਜਨਤਕ ਵਰਤੋ ਲਈ ਪ੍ਰਾਪਤ ਨਹੀ ਕੀਤਾ ਜਾਵੇਗਾ। ਇਸ ਦਾ ਭਾਵ ਇਹ ਹੋਇਆ ਕਿ ਹਰੇਕ ਨਾਗਰਿਕ ਨੂੰ ਨਿੱਜੀ ਸੰਪਤੀ ਰੱਖਣ ਦਾ ਅਧਿਕਾਰ ਹੈ। ਜਨਤਕ ਵਰਤੋ (Public use) ਲਈ ਸਰਕਾਰ ਲੋਕਾਂ ਦੀ ਨਿੱਜੀ ਸੰਪਤੀ ਨੂੰ ਪ੍ਰਾਪਤ ਕਰ ਸਕਦੀ ਹੈ, ਪਰੰਤੂ ਅਜਿਹਾ ਕਰਨ ਲਈ ਸੰਬੰਧਿਤ ਵਿਅਕਤੀ ਨੂੰ ਸਰਕਾਰ ਵੱਲੋ ਮੁਆਵਜਾ ਦਿੱਤਾ ਜਾਣਾ ਜ਼ਰੂਰੀ ਹੈ। ਕਹਿਣ ਦਾ ਭਾਵ ਇਹ ਹੈ ਕਿ ਬਿਨਾਂ ਮੁਆਵਜਾ ਦਿੱਤੇ ਸਰਕਾਰ ਕਿਸੇ ਵਿਅਕਤੀ ਦੀ ਨਿੱਜੀ ਸੰਪਤੀ ਨੂੰ ਗ੍ਰਹਿਣ ਨਹੀ ਕਰ ਸਕਦੀ। ਇਹ ਵੀ ਵਰਣਨਯੋਗ ਹੈ ਕਿ ਸਰਕਾਰ ਨਿੱਜੀ ਸੰਪਤੀ ਨੂੰ ਕੇਵਲ ਜਨਤਕ ਵਰਤੋ (Public use) ਲਈ ਹੀ ਗ੍ਰਹਿਣ ਕਰ ਸਕਦੀ ਹੈ।

**7.ਕੁਝ ਹੋਰ ਅਧਿਕਾਰ** (Some Other Rights) - ਸੰਵਿਧਾਨ ਦੀ 9ਵੀ ਤਰਮੀਮ ਦੁਆਰਾ ਇਹ ਵਿਵਸਥਾ ਕੀਤੀ ਗਈ ਹੈ ਕਿ ਸੰਵਿਧਾਨ ਵਿੱਚ ਕੁਝ ਅਧਿਕਾਰਾਂ ਨੂੰ ਵਰਣਨ ਕਰਨ ਦਾ ਭਾਵ ਇਹ ਨਹੀ ਹੈ ਕਿ ਲੋਕਾਂ ਦੇ ਜਿਨ੍ਹਾਂ ਅਧਿਕਾਰਾਂ ਦਾ ਇਥੇ ਵਰਣਨ ਨਹੀ ਕੀਤਾ ਗਿਆ ਹੈ ਉਹ ਅਧਿਕਾਰ ਉਨ੍ਹਾਂ ਨੂੰ ਪ੍ਰਾਪਤ ਨਹੀ ਹਨ ਜਾਂ ਉਨ੍ਹਾਂ ਦੀ ਕੋਈ ਮਹੱਤਤਾ ਨਹੀ ਹੈ। ਇਸਦਾ ਭਾਵ ਇਹ ਹੋਇਆ ਕਿ ਸੰਵਿਧਾਨ ਵਿੱਚ ਵਰਣਨ ਅਧਿਕਾਰਾਂ ਤੋ ਇਲਾਵਾ ਲੋਕਾਂ ਨੂੰ ਹੋਰ ਵੀ ਅਨੇਕਾਂ ਅਧਿਕਾਰ ਪ੍ਰਾਪਤ ਹਨ। 14ਵੀਂ ਅਤੇ 15ਵੀਂ ਤਰਮੀਮ ਦੁਆਰਾ ਵੀ ਅਮਰੀਕੀ ਨਾਗਰਿਕਾਂ ਨੂੰ ਮਹੱਤਵਪੂਰਨ ਅਧਿਕਾਰ ਪ੍ਰਦਾਨ ਕੀਤੇ ਗਏ ਹਨ। 14ਵੀਂ ਤਰਮੀਮ ਦੁਆਰਾ ਇਹ ਵਿਵਸਥਾ ਕੀਤੀ ਗਈ ਹੈ ਕਿ ਕਿਸੇ ਵੀ ਰਾਜ ਦੀ ਸਰਕਾਰ ਕਾਨੂੰਨੀ ਵਿਧੀ ਤੋਂ ਬਿਨਾਂ ਕਿਸੇ ਵਿਅਕਤੀ ਨੂੰ ਉਸਦੇ ਜੀਵਨ, ਸੁਤੰਤਰਤਾ ਜਾਂ ਸੰਪਤੀ ਤੋਂ ਵੰਚਿਤ ਨਹੀ ਕਰ ਸਕਦੀ ਅਤੇ ਨਾ ਹੀ ਕਿਸੇ ਰਾਜ ਦੀ ਸਰਕਾਰ ਕਿਸੇ ਵਿਅਕਤੀ ਨੂੰ ਕਾਨੂੰਨਾਂ ਦੀ ਸਮਾਨ ਸੁਰੱਖਿਆ ਤੋਂ ਵਾਂਝਿਆਂ ਕਰ ਸਕਦੀ ਹੈ। 15ਵੀਂ ਤਰਮੀਮ ਦੁਆਰਾ ਇਹ ਵਿਵਸਥਾ ਕੀਤੀ ਗਈ ਹੈ ਕਿ ਸੰਘ ਸਰਕਾਰ ਜਾਂ ਕਿਸੇ ਰਾਜ ਦੀ ਸਰਕਾਰ ਨਸਲ, ਰੰਗ ਜਾਂ ਗੁਲਾਮੀ ਦੀ ਪਹਿਲੀ ਅਵਸਥਾ ਦੇ ਕਾਰਨ ਕਿਸੇ ਨਾਗਰਿਕ ਨੂੰ ਵੋਟ ਦੇ ਅਧਿਕਾਰ ਤੋਂ ਵਾਂਝਿਆ ਨਹੀ ਕਰ ਸਕਦੀ। ਵਰਤਮਾਨ ਸਮੇ ਵੋਟ ਦਾ

ਅਧਿਕਾਰ ਹਰੇਕ ਉਸ ਅਮਰੀਕੀ ਨਾਗਰਿਕ ਨੂੰ ਪ੍ਰਾਪਤ ਹੈ, ਜਿਸ ਦੀ ਉਮਰ 18 ਵਰ੍ਹੇ ਦੀ ਜਾਂ ਇਸ ਤੋਂ ਜ਼ਿਆਦਾ ਹੈ।

**1.3.2ਅਮਰੀਕੀ ਅਧਿਕਾਰਾਂ ਦਾ ਸਰੂਪ** (Nature of American Rights) - ਅਮਰੀਕੀ ਅਧਿਕਾਰਾਂ ਦੇ ਸਰੂਪ ਸੰਬੰਧੀ ਚਾਰ ਗੱਲਾਂ ਵਿਸ਼ੇਸ਼ ਰੂਪ ਵਿੱਚ ਵਰਣਨਯੋਗ ਹਨ।

(i) ਅਮਰੀਕੀ ਅਧਿਕਾਰਾਂ ਨੂੰ ਨਿਖੇਧਾਤਮਕ ਰੂਪ (Negative forms) ਵਿਚ ਅੰਕਿਤ ਕੀਤਾ ਗਿਆ ਹੈ। ਹਰੇਕ ਅਧਿਕਾਰ ਸੰਬੰਧੀ ਕਾਂਗਰਸ ਅਤੇ ਰਾਜ ਸਰਕਾਰਾਂ ਨੂੰ ਕੁਝ ਨਾ ਕੁਝ ਕਰਨ ਤੋ ਰੋਕਿਆ ਗਿਆ ਹੈ। ਦੂਜੇ ਸ਼ਬਦਾਂ ਵਿੱਚ, ਉਨ੍ਹਾਂ ਨੂੰ ਅਧਿਕਾਰਾਂ ਸੰਬੰਧੀ ਕੁਝ ਕਰਨ ਲਈ ਨਹੀ ਕਿਹਾ ਗਿਆ, ਸਗੋ ਉਹਨਾਂ ਅਧਿਕਾਰਾਂ ਵਿਰੁੱਧ ਕਾਨੂੰਨਾਂ ਦਾ ਨਿਰਮਾਣ ਕਰਨ ਤੋ ਰੋਕਿਆ ਗਿਆ ਹੈ। ਇਸੇ ਕਾਰਨ ਕਿਹਾ ਜਾਂਦਾ ਹੈ ਕਿ ਅਮਰੀਕਾ ਦੇ ਅਧਿਕਾਰਾਂ ਦਾ ਸਰੂਪ ਸਕਾਰਾਤਮਕ (Positive) ਨਹੀ, ਸਗੋਂ ਨਕਾਰਾਤਮਕ (Negative) ਹੈ।

(ii) ਭਾਵੇ ਸੰਵਿਧਾਨ ਵਿੱਚ ਸਪੱਸ਼ਟ ਵਰਣਨ ਨਹੀ ਹੈ, ਪਰੰਤੂ ਫਿਰ ਵੀ ਇਹ ਅਧਿਕਾਰ ਅਮਲੀ ਰੂਪ ਵਿੱਚ ਸੀਮਿਤ ਹਨ। ਦੂਜੇ ਸ਼ਬਦਾਂ ਵਿੱਚ, ਵਿਸ਼ੇਸ਼ ਸਥਿਤੀਆਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਅਧਿਕਾਰਾਂ ਨੂੰ ਸੀਮਿਤ ਕੀਤਾ ਜਾ ਸਕਦਾ ਹੈ। ਕਿਸੇ ਵੀ ਦੇਸ਼ ਵਿਚੋ ਲੋਕਾਂ ਦੇ ਅਧਿਕਾਰ ਅਸੀਮਿਤ ਨਹੀ ਹਨ, ਸਗੋ ਵਿਹਾਰ ਵਿੱਚ ਉਹਨਾਂ ਤੇ ਅਨੇਕਾਂ ਪਾਬੰਦੀਆਂ ਹੁੰਦੀਆਂ ਹਨ।

(iii) ਅਮਰੀਕੀ ਅਧਿਕਾਰਾਂ ਸੰਬੰਧੀ ਤੀਜੀ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਅਧਿਕਾਰ ਪੂਰਨ ਰੂਪ ਵਿੱਚ ਸੁਰੱਖਿਅਤ ਹਨ ਅਤੇ ਸਰਵ-ਉੱਚ ਅਦਾਲਤ ਉਹਨਾਂ ਕਾਨੂੰਨਾਂ ਨੂੰ ਰੱਦ ਕਰ ਸਕਦੀ ਹੈ ਜਿਹੜੇ ਕਾਨੂੰਨ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਦੇ ਹੋਣ।

(iv) ਅਮਰੀਕਾ ਦੇ ਨਾਗਰਿਕਾਂ ਦੇ ਅਧਿਕਾਰਾਂ ਦੀ ਚੋਥੀ ਵਿਸ਼ੇਸ਼ਤਾ ਇਹ ਹੈ ਕਿ ਇਹ ਅਧਿਕਾਰ ਪੁਰਖ ਅਤੇ ਇਸਤਰੀਆਂ ਨੂੰ ਸਮਾਨ ਰੂਪ ਵਿੱਚ ਪ੍ਰਾਪਤ ਹਨ। 19ਵੀ ਸੋਧ ਦੁਆਰਾ ਸੰਵਿਧਾਨ ਵਿਚ ਇਹ ਸਪੱਸ਼ਟ ਵਿਵਸਥਾ ਕੀਤੀ ਗਈ ਹੈ ਕਿ ਸੰਯੁਕਤ ਰਾਜ ਦੀ ਸਰਕਾਰ ਅਤੇ ਉਥੋ ਦੀਆਂ ਰਾਜ ਸਰਕਾਰਾਂ ਲਿੰਗ (Sex) ਦੇ ਆਧਾਰ ਤੇ ਕਿਸੇ ਨਾਗਰਿਕ ਨੂੰ ਵੋਟ ਦਾ ਅਧਿਕਾਰ ਦੇਣ ਤੋ ਇਨਕਾਰ ਨਹੀ ਕਰ ਸਕਦੀਆਂ ਅਤੇ ਨਾ ਹੀ ਲਿੰਗ ਦੇ ਆਧਾਰ ਤੇ ਇਸ ਅਧਿਕਾਰ ਨੂੰ ਸੀਮਿਤ ਕਰ ਸਕਦੀਆਂ ਹਨ।

27ਵੀ ਸੋਧ ਦੇ ਅਧੀਨ ਵੀ ਇਹ ਵਿਵਸਥਾ ਕੀਤੀ ਗਈ ਸੀ, 'ਸੰਯੁਕਤ ਰਾਜ ਦੀ ਸਰਕਾਰ ਅਤੇ ਉਥੋ ਦੀਆਂ ਰਾਜ ਸਰਕਾਰਾਂ ਕਾਨੂੰਨ ਅਧੀਨ ਪ੍ਰਾਪਤ ਅਧਿਕਾਰਾਂ ਦੀ ਸਮਾਨਤਾ ਨੂੰ ਲਿੰਗ ਦੇ ਆਧਾਰ ਤੇ ਸਮਾਪਤ ਜਾਂ ਸੀਮਿਤ ਨਹੀ ਕਰਨਗੀਆਂ। ਇਹ ਤਰਮੀਮ ਅਮਰੀਕੀ ਸੰਵਿਧਾਨ ਦਾ ਭਾਗ ਨਾ ਬਣ ਸਕੀ ਕਿਉਂਕਿ ਨਿਸ਼ਚਿਤ ਮਿਤੀ 30 ਜੂਨ, 1982 ਤਕ ਇਸ ਤਰਮੀਮ ਦੀ ਪੁਸ਼ਟੀ ਕੇਵਲ 33 ਰਾਜਾਂ ਦੇ ਵਿਧਾਨ ਮੰਡਲਾਂ ਦੁਆਰਾ ਕੀਤੀ ਗਈ ਸੀ ਜਦੋ ਕਿ ਅੰਤਮ ਰੂਪ ਵਿੱਚ ਸਾਰੇ ਖੇਤਰਾਂ ਵਿੱਚ ਇਸਤਰੀਆਂ ਨੂੰ ਪੁਰਖਾਂ ਸਮਾਨ ਅਧਿਕਾਰ ਪ੍ਰਾਪਤ ਕਰਨ ਦੀ ਵਿਵਸਥਾ ਕੀਤੀ ਗਈ ਸੀ, ਪਰ ਇਸ ਤਰਮੀਮ ਦੇ ਰੱਦ ਹੋ ਜਾਣ ਨਾਲ ਇਹ ਵਿਵਸਥਾ ਅਮਰੀਕੀ ਸੰਵਿਧਾਨ ਦਾ ਭਾਗ ਨਹੀ ਬਣ ਸਕੀ ਹੈ।

**1.3.3 ਮਨੁੱਖੀ ਅਧਿਕਾਰਾਂ ਪ੍ਰਤੀ ਸਤਿਕਾਰ ਦੀ ਪ੍ਰੰਪਰਾ (**Tradition of Reverence towards Human Rights**)–** ਮਨੁੱਖੀ ਅਧਿਕਾਰਾਂ ਦੀ ਅਮਰੀਕੀ ਲੋਕਾਂ ਲਈ ਬਹੁਤ ਮਹੱਤਤਾ ਹੈ। ਮਨੁੱਖੀ ਅਧਿਕਾਰ ਅਤੇ ਸੁਤੰਤਰਤਾਵਾਂ ਅਮਰੀਕੀ ਲੋਕ ਕਿਸੇ ਵੀ ਸੁਤੰਤਰਤਾਵਾਂ ਅਮਰੀਕੀ ਮਾਨਸਿਕਤਾ ਵਿਚ ਇਸ ਕਦਰ ਪ੍ਰਵੇਸ਼ ਕਰ ਚੁੱਕੇ ਹਨ ਕਿ ਅਮਰੀਕੀ ਲੋਕ ਕਿਸੇ ਵੀ ਅਵਸਥਾ ਵਿਚ ਆਪਣੇ ਅਧਿਕਾਰਾਂ ਅਤੇ ਸੁਤੰਤਰਤਾਵਾਂ ਦਾ ਤਿਆਗ ਨਹੀਂ ਕਰਦੇ।

**1.3.4 ਲੋਕ ਸੰਵਿਧਾਨਿਕ ਸ਼ਕਤੀ ਦਾ ਅੰਤਿਮ ਸੋਮਾ (**People are the ultimate source of constituational power**)–** ਅਮਰੀਕੀ ਸੰਵਿਧਾਨ ਨਿਰਮਾਤਾਵਾਂ ਦਾ ਲੋਕ ਪ੍ਰਭੂਸੱਤਾ ਦੇ ਸਿਧਾਂਤ (Theory of Popular Sovereignty) ਤੇ ਪੂਰਨ ਵਿਸ਼ਵਾਸ ਸੀ। ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਦੀ ਪ੍ਰਸਤਾਵਨਾ (Preamble) ਤੋਂ ਹੀ ਇਹ ਸਪੱਸ਼ਟ ਹੁੰਦਾ ਹੈ ਕਿ ਉਥੋਂ ਦੇ ਲੋਕ ਹੀ ਸੰਵਿਧਾਨਿਕ ਸ਼ਕਤੀ ਦਾ ਅੰਤਿਮ ਸੋਮਾ ਹਨ।

**1.3.5 ਨਾਗਰਿਕਾਂ ਦੇ ਅਧਿਕਾਰ (Rights of Citizens)-** ਅਮਰੀਕੀ ਰਾਜਨੀਤਿਕ ਪ੍ਰੰਪਰਾ ਵਿਚ ਮਨੁੱਖੀ ਅਧਿਕਾਰਾਂ ਦਾ ਮਹੱਤਵਪੂਰਨ ਸਥਾਨ ਹੈ। ਸੁਤੰਤਰਤਾ ਦੀ ਅਮਰੀਕੀ ਘੋਸ਼ਣਾ ਨੇ ਜਿਥੇ ਇਹਨਾ ਅਧਿਕਾਰਾਂ ਉਤੇ ਜ਼ੋਰ ਦਿੱਤਾ ਸੀ ਉਥੇ ਇਹ ਵੀ ਸਪਸ਼ਟ ਰੂਪ ਵਿਚ ਕਿਹਾ ਸੀ ਕਿ ਸਰਕਾਰ ਲੋਕਾਂ ਦੀ ਇੱਛਾ ਤੇ ਆਧਾਰਿਤ ਹੋਣੀ ਚਾਹੀਦੀ ਹੈ ਅਤੇ ਜਿਹੜੀ ਸਰਕਾਰ ਮਨੁੱਖੀ ਅਧਿਕਾਰਾਂ ਦੀ ਰੱਖਿਆ ਨਹੀਂ ਕਰ ਸਕਦੀ ਉਹ ਸਰਕਾਰ ਨੂੰ ਖਤਮ ਕਰਨ ਅਤੇ ਉਸ ਦੀ ਥਾਂ ਤੇ ਨਵੀਂ ਸਰਕਾਰ ਸਥਾਪਿਤ ਕਰਨ ਦਾ ਅਧਿਕਾਰ ਲੋਕਾਂ ਨੂੰ ਪ੍ਰਾਪਤ ਹੈ।

**1.3.6 ਅਮਰੀਕੀ ਅਧਿਕਾਰ ਪੱਤਰ ਇਕ ਮੁਲਾਂਕਣ :** ਅਮਰੀਕੀ ਅਧਿਕਾਰ-ਪੱਤਰ ਸੰਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਅਮਰੀਕੀ ਨੇਤਾਵਾਂ ਨੇ ਇਹਨਾਂ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਸ਼ਾਮਲ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਪ੍ਰਸੰਸਾ-ਯੋਗ ਤੇ

ਸਤਿਕਾਰ-ਯੋਗ ਆਦਰਸ਼ ਉਲੀਕਿਆ ਹੈ। ਭਾਵੇ 1789 ਵਿੱਚ ਫਰਾਂਸ ਦੀ ਰਾਸ਼ਟਰੀ ਸਭਾ (National Assembly) ਨੇ ਮਾਨਵ ਅਧਿਕਾਰਾਂ ਦੀ ਘੋਸ਼ਣਾ ਕੀਤੀ ਸੀ, ਪਰੰਤੂ ਸੰਯੁਕਤ ਰਾਜ ਅਮਰੀਕਾ ਦਾ ਪਹਿਲਾ ਸੰਵਿਧਾਨ ਹੈ ਜਿਸ ਵਿਚ ਮਨੁੱਖੀ ਅਧਿਕਾਰਾਂ ਨੂੰ ਸਪੱਸ਼ਟ ਰੂਪ ਵਿੱਚ ਅੰਕਿਤ ਕੀਤਾ ਗਿਆ ਸੀ। ਇਸ ਮਗਰੋ ਜਿੰਨੇ ਵੀ ਸੰਵਿਧਾਨਾਂ ਦਾ ਨਿਰਮਾਣ ਹੋਇਆ ਹੈ ਉਨ੍ਹਾਂ ਸੰਵਿਧਾਨਾਂ ਵਿੱਚ ਮਨੁੱਖੀ ਅਧਿਕਾਰਾਂ ਨੂੰ ਜ਼ਰੂਰ ਸਪੱਸ਼ਟ ਰੂਪ ਵਿੱਚ ਅੰਕਿਤ ਕੀਤਾ ਗਿਆ ਹੈ। ਮਾਨਵ ਅਧਿਕਾਰ ਲੋਕਤੰਤਰ ਦਾ ਮੂਲ-ਅਧਾਰ ਹਨ ਤੇ ਅਮਰੀਕੀ ਸੰਵਿਧਾਨ ਵਿਚ ਇਹਨਾਂ ਦੀ ਹੋਂਦ ਮਾਨਵ ਅਧਿਕਾਰ ਲੋਕਤੰਤਰ ਦਾ ਮੂਲ-ਅਧਾਰ ਹਨ ਤੇ ਅਮਰੀਕੀ ਸੰਵਿਧਾਨ ਵਿੱਚ ਇਹਨਾਂ ਦੀ ਹੋਂਦ ਅਮਰੀਕੀ ਸੰਵਿਧਾਨਿਕ ਪ੍ਰਣਾਲੀ ਨੂੰ ਲੋਕਤੰਤਰੀ ਸਰੂਪ ਪ੍ਰਦਾਨ ਕਰਦੀ ਹੈ।

### 1.3.7 ਅਧਿਐਨ ਲਈ ਪ੍ਰਸ਼ਨ

1. ਅਮਰੀਕੀ ਰਾਜਨੀਤਿਕ ਪ੍ਰਣਾਲੀ ਵਿੱਚ ਨਾਗਰਿਕਾਂ ਨੂੰ ਕਿਹੜੇ-ਕਿਹੜੇ ਅਧਿਕਾਰ ਮੁਹੱਈਆ ਕੀਤੇ ਗਏ ਹਨ?

### 1.3.8 ਪੜ੍ਹਨਯੋਗ ਪੁਸਤਕਾਂ

1. Comparative Politics by J.C. Johari
2. Comparative Political System by S.S. Nanda

ਪਾਠ ਨੰ: 1.4 ਸੈਕਸ਼ਨ ਬੀ, 3(ਬੀ) ਲੇਖਕ : ਸੰਸਾਰ ਸਿੰਘ ਜੰਜੂਆ

# ਸੰਯੁਕਤ ਰਾਜ ਅਮਰੀਕਾ ਦਾ ਰਾਸ਼ਟਰਪਤੀ
# (U.S. PRESIDENT)

**ਰਚਨਾ**

1.4.0 ਪਾਠ ਦਾ ਉਦੇਸ਼
1.4.1 ਰਾਸ਼ਟਰਪਤੀ ਦੀ ਚੋਣ ਲਈ ਯੋਗਤਾਵਾਂ
1.4.2 ਕਾਰਜ ਕਾਲ
1.4.3 ਰਾਸ਼ਟਰਪਤੀ ਦੀ ਤਨਖਾਹ ਅਤੇ ਭੱਤੇ
1.4.4 ਰਾਸ਼ਟਰਪਤੀ ਦੀ ਚੋਣ ਵਿਧੀ
1.4.5 ਰਾਸ਼ਟਰਪਤੀ ਦੀਆਂ ਸ਼ਕਤੀਆਂ
1.4.6 ਅਮਰੀਕੀ ਰਾਸ਼ਟਰਪਤੀ ਦੀ ਸਥਿਤੀ
1.4.7 ਅਮਰੀਕੀ ਰਾਜਨੀਤੀ ਦੀ ਤਾਜ਼ਾ ਰੌਅ
1.4.8 ਸਿੱਟਾ
1.4.9 ਛੋਟੇ ਉੱਤਰਾਂ ਵਾਲੇ ਪ੍ਰਸ਼ਨ
1.4.10 ਵੱਡੇ ਉੱਤਰਾਂ ਵਾਲੇ ਪ੍ਰਸ਼ਨ
1.4.11 ਪੜ੍ਹਣਯੋਗ ਪੁਸਤਕਾਂ

## 1.4.0 ਪਾਠ ਦਾ ਉਦੇਸ਼

ਸੰਯੁਕਤ ਰਾਜ ਅਮਰੀਕਾ ਵਿਚ ਪ੍ਰਧਾਨਗੀ ਸ਼ਾਸਨ ਪ੍ਰਣਾਲੀ ਹੈ। ਅਜਿਹੀ ਪ੍ਰਣਾਲੀ ਵਿਚ ਸਮੁੱਚੀਆਂ ਕਾਰਜਕਾਰੀ ਸ਼ਕਤੀਆਂ ਦੇਸ਼ ਦੇ ਮੁੱਖੀ ਭਾਵ ਰਾਸ਼ਟਰਪਤੀ ਨੂੰ ਸੌਂਪੀਆਂ ਗਈਆਂ ਹਨ। ਰਾਸ਼ਟਰਪਤੀ ਦੇਸ਼ ਦਾ ਅਸਲੀ ਸ਼ਾਸਕ ਹੈ ਅਤੇ ਸੰਵਿਧਾਨ ਦੁਆਰਾ ਦਿੱਤੀਆਂ ਕਾਰਜਕਾਰੀ ਸ਼ਕਤੀਆਂ ਦੀ ਵਰਤੋਂ ਕਾਨੂੰਨੀ ਵਿਧੀ ਅਨੁਸਾਰ ਆਪ ਕਰਦਾ ਹੈ। ਪ੍ਰਧਾਨਗੀ ਸ਼ਾਸਨ-ਪ੍ਰਣਾਲੀ ਦਰਅਸਲ ਅਮਰੀਕੀ ਸੰਵਿਧਾਨ ਰਚਣਹਾਰਿਆਂ ਦੀ ਹੀ ਦੇਣ ਹੈ ਕਿਉਂਕਿ ਸੰਯੁਕਤ ਰਾਜ ਅਮਰੀਕਾ ਪਹਿਲਾ ਦੇਸ਼ ਹੈ ਜਿੱਥੇ ਇਸ ਪ੍ਰਣਾਲੀ ਨੂੰ ਅਮਲੀ ਰੂਪ ਦਿੱਤਾ ਗਿਆ ਾਹੈ। ਪ੍ਰਧਾਨਗੀ ਸ਼ਾਸਨ- ਪ੍ਰਣਾਲੀ ਵਿਚ ਸਭ ਤੋਂ ਜ਼ਿਆਦਾ ਮਹੱਤਵਪੂਰਨ ਸਥਾਨ ਰਾਸ਼ਟਰਪਤੀ ਦਾ ਹੁੰਦਾ ਹੈ। ਸੰਯੁਕਤ ਰਾਜ ਅਮਰੀਕਾ ਦਾ ਰਾਸ਼ਟਰਪਤੀ ਵਿਸ਼ਵ ਦਾ ਸਭ ਤੋਂ ਮਹਾਨ ਸ਼ਾਸਕ (The greatest ruler of the world) ਮੰਨਿਆ ਜਾਂਦਾ ਹੈ। ਇਸ ਪਾਠ ਵਿੱਚ ਅਸੀਂ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਬਾਰੇ, ਇਸ ਦੀ ਚੋਣ, ਕਾਰਜ ਕਾਲ, ਇਸ ਦੀ ਤਨਖਾਹ ਅਤੇ ਭੱਤੇ, ਇਸ ਦੀਆਂ ਸ਼ਕਤੀਆਂ,ਇਸ ਦੀ ਸਥਿਤੀ, ਅਮਰੀਕੀ ਰਾਜਨੀਤੀ ਦੀ ਤਾਜ਼ਾ ਰੋਅ ਦੇ ਨਿਰਧਾਰਿਤ ਕਰਨ ਵਾਲੇ ਤੱਤਾਂ ਬਾਰੇ ਪੜਾਂਗੇ।

## 1.4.1 ਰਾਸ਼ਟਰਪਤੀ ਦੀ ਚੋਣ ਲਈ ਯੋਗਤਾਵਾਂ

ਸੰਯੁਕਤ ਰਾਜ ਅਮਰੀਕਾ ਦੇ ਗ੍ਰਾਸਟਰਪਤੀ ਦੀ ਚੋਣ ਵਿਧੀ ਵਰਣਨ ਕਰਨ ਤੋਂ ਪਹਿਲਾਂ ਇਸ ਪਦਵੀ ਨਾਲ ਸਬੰਧਿਤ ਅਨੇਕਾਂ ਦੂਜੀਆਂ ਵਿਵਸਥਾਵਾਂ ਦਾ ਵਰਣਨ ਕਰਨਾ ਜ਼ਰੂਰੀ ਹੈ। ਅਜਿਹੀਆਂ ਕੁਝ ਮਹੱਤਵਪੂਰਨ ਵਿਵਸਥਾਵਾਂ ਇਸ ਪ੍ਰਕਾਰ ਹਨ।ਸੰਵਿਧਾਨ ਦੇ ਅਨੁਛੇਦ 2 ਸੈਕਸ਼ਨ ਪਹਿਲੇ ਅਧੀਨ ਗ੍ਰਾਸਟਰਪਤੀ ਦੀ ਪਦਵੀ ਲਈ ਚੋਣ ਲੜਨ ਲਈ ਹੇਠ ਲਿਖੀਆਂ

ਯੋਗਤਾਵਾਂ ਨਿਸ਼ਚਿਤ ਕੀਤੀਆਂ ਗਈਆਂ ਹਨ–

(1) ਉਹ ਸੰਯੁਕਤ ਰਾਜ ਅਮਰੀਕਾ ਦਾ ਜਮਾਂਦਰੂ ਨਾਗਰਿਕ ਹੋਵੇ

(2) ਉਸ ਦੀ ਉਮਰ 35 ਵਰ੍ਹਿਆਂ ਤੋਂ ਘੱਟ ਨਾ ਹੋਵੇ।

(3) ਚੋਣ ਲੜਨ ਤੋਂ ਪਹਿਲਾਂ ਉਹ ਘੱਟੋ-ਘੱਟ 14 ਸਾਲ ਸੰਯੁਕਤ ਰਾਜ ਦਾ ਵਾਸੀ ਰਿਹਾ ਹੋਵੇ।

ਪਹਿਲੀ ਗੱਲ; ਤਾਂ ਇਹ ਕਿ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਦੀ ਪਦਵੀ ਲਈ ਰਾਜਕ੍ਰਿਤ ਨਾਗਰਿਕ (Naturalized Citizens) ਚੋਣ ਨਹੀਂ ਲੜ ਸਕਦੇ। ਰਾਜਕ੍ਰਿਤ ਨਾਗਰਿਕ ਉਹ ਹੁੰਦੇ ਹਨ ਜੋ ਕਿਸੇ ਦੂਸਰੇ ਦੇਸ਼ ਦੇ ਜਮਾਂਦਰੂ ਨਾਗਰਿਕ ਹੋਣ ਪਰੰਤੂ ਕਾਨੂੰਨੀ ਸ਼ਰਤਾਂ ਪੂਰੀਆਂ ਕਰਕੇ ਉਹਨਾਂ ਨੇ ਸੰਯੁਕਤ ਰਾਜ ਅਮਰੀਕਾ ਦੀ ਨਾਗਰਿਕਤਾ ਪ੍ਰਾਪਤ ਕਰ ਲਈ ਹੋਵੇ ਅਤੇ ਇਸ ਤਰ੍ਹਾ ਆਪਣੇ ਦੇਸ਼ ਦੀ ਜਮਾਂਦਰੂ ਨਾਗਰਿਕਤਾ ਛੱਡ ਦਿੱਤੀ ਹੋਵੇ, ਦੂਜੀ ਗੱਲ ਇਹ ਹੈ ਕਿ 14 ਸਾਲ ਦਾ ਸੰਯੁਕਤ ਰਾਜ ਅਮਰੀਕਾ ਵਿਚ ਨਿਵਾਸ ਹੋਣਾ ਜ਼ਰੂਰੀ ਹੈ।1928 ਵਿਚ ਐਚ.ਸੀ.ਹੂਵਰ(Herbert C.Hoover)ਰਾਸ਼ਟਰਪਤੀ ਦੀ ਪਦਵੀ ਲਈ ਚੁਣੇ ਗਏ ਸਨ। ਚੋਣ ਤੋਂ ਪਹਿਲਾਂ ਉਹ ਕਾਫੀ ਲੰਮੇ ਸਮੇਂ ਲਈ ਵਿਦੇਸ਼ਾਂ ਵਿਚ ਰਹੇ ਸਨ ਤੇ ਇਸ ਕਾਰਨ ਸੰਯੁਕਤ ਰਾਜ ਵਿਚ ਉਹਨਾ ਦਾ 14 ਸਾਲ ਦਾ ਨਿਵਾਸ ਲਗਾਤਾਰ ਨਹੀਂ ਬਣਦਾ ਸੀ ਪਰ ਉਹਨਾਂ ਦੁਆਰਾ ਰਾਸ਼ਟਰਪਤੀ ਪਦਵੀ ਸੰਭਾਲਣ ਨਾਲ ਇਹ ਪੂਰਨ ਰੂਪ ਵਿਚ ਨਿਸ਼ਚਿਤ ਹੋ ਗਿਆ ਕਿ ਸੰਯੁਕਤ ਰਾਜ ਵਿਚ 14 ਸਾਲ ਦੇ ਨਿਵਾਸ ਦਾ ਲਗਾਤਾਰ ਹੋਣਾ ਜ਼ਰੂਰੀ ਨਹੀਂ ਹੈ ਸਗੋਂ ਨਿਵਾਸ ਦਾ ਕੁਲ ਸਮਾਂ ਘੱਟ ਤੋਂ ਘੱਟ 14 ਸਾਲ ਜ਼ਰੂਰ ਹੋਣਾ ਚਾਹੀਦਾ ਹੈ।

### 1.4.2 ਕਾਰਜਕਾਲ (Tenure)

ਸੰਯੁਕਤ ਰਾਜ ਅਮਰੀਕਾ ਦਾ ਰਾਸ਼ਟਰਪਤੀ 4 ਸਾਲ ਦੇ ਸਮੇਂ ਲਈ ਚੁਣਿਆ ਜਾਂਦਾ ਹੈ। ਇਸ 4 ਸਾਲ ਦੇ ਨਿਸ਼ਚਿਤ ਕਾਰਜਕਾਲ ਦੇ ਸਮਾਪਤ ਹੋਣ ਤੋਂ ਪਹਿਲਾਂ ਨਵੇਂ ਰ਼ਾਸਟਰਪਤੀ ਦੀ ਚੋਣ ਨਹੀਂ ਕਰਾਈ ਜਾ ਸਕਦੀ।

**ਦੁਬਾਰਾ ਚੋਣ ਲਈ ਯੋਗ ਹੋਣਾ(Eligibility for re-election)** ਜਦੋਂ ਸੰਵਿਧਾਨ ਨੂੰ ਮੌਲਿਕ ਰੂਪ ਵਿਚ ਲਾਗੂ ਕੀਤਾ ਗਿਆ ਸੀ ਤਾਂ ਇਸ ਵਿਚ ਕਿਸੇ ਰ਼ਾਸਟਰਪਤੀ ਲਈ ਦੁਬਾਰਾ ਚੋਣ ਲੜਨ ਦੇ ਯੋਗ ਜਾਂ ਅਯੋਗ ਹੋਣ ਸਬੰਧੀ ਕੋਈ ਵਿਵਸਥਾ ਅੰਕਿਤ ਨਹੀਂ ਕੀਤੀ ਗਈ ਸੀ। ਸੰਵਿਧਾਨ ਦੇ ਮੌਲਿਕ ਰੂਪ ਅਨੁਸਾਰ ਇਕ ਵਿਅਕਤੀ ਨੂੰ ਅਨੇਕਾਂ ਵਾਰੀ ਰਾਸ਼ਟਰਪਤੀ ਦੀ ਪਦਵੀ ਲਈ ਚੁਣਿਆ ਜਾ ਸਕਦਾ ਸੀ।ਜਾਰਜ ਵਾਸ਼ਿੰਗਟਨ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਸਨ। ਉਹ ਦੋ ਵਾਰੀ ਇਸ ਪਦਵੀ ਲਈ ਚੁਣੇ ਗਏ, ਪਰੰਤੂ ਉਹਨਾਂ ਨੇ ਤੀਜੀ ਵਾਰ ਆਪਣੀ ਮੰਦੀ ਸਿਹਤ ਦੇ ਕਾਰਣ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਸੀ। ਉਹਨਾਂ ਮਗਰੋਂ ਜੋਹਨ ਐਡਮਜ਼ (John Adams 1797-1801) ਨੇ ਕੇਵਲ ਇਕ ਵਾਰੀ ਹੀ ਇਸ ਪਦਵੀ ਨੂੰ ਸੁਸ਼ੋਭਤ ਕੀਤਾ। 1801 ਤੋਂ 1809 ਤੱਕ ਥੋਮਸ ਜੈਫਰਸਨ ਅਮਰੀਕਾ ਦੇ ਰਾਸ਼ਟਰਪਤੀ ਰਹੇ। ਜਦੋਂਉਹਨਾਂ ਨੂੰ ਤੀਜੀ ਵਾਰੀ ਚੋਣ ਲੜਨ ਲਈ ਬੇਨਤੀ ਕੀਤੀ ਗਈ ਤਾਂ

ਉਹਨਾਂ ਨੇ ਇਸ ਬੇਨਤੀ ਨੂੰ ਇਹ ਕਹਿ ਕੇ ਸਵੀਕਾਰ ਨਾ ਕੀਤਾ ਕਿ ਕਿਸੇ ਰ਼ਾਸਟਰਪਤੀ ਲਈ ਤੀਜੀ ਵਾਰੀ ਚੋਣ ਲੜਨ। ਜਨਤਕ

America has the model of presidential govenment. The President is the head of the State as well as of the government. He is elected for a term of four years and may be re-elected. He appoints his ministers and may remove any minister or change his departments as per his pleasure. Since the executive and the legislature have been separated, the President and his ministers cannot be the members of the Congress. The President may send his message to the Congress and may go there to deliver it personally, but he cannot vote. The Congress cannot throw out the ministry by passing a vote of no-confidence. If the President is guilty of treason or of some grave misdemeanour, he may be removed by the process of impeachment.

1. H.J. Laski : The American Democracy, p. 115.
2. W.B. Monro: The Government of the United States, P. 164.
3. Sidney Hayman: The American President, P. 4.
4. 'A ruler must learn to be other than good," Niccolo Machiavelli The Prince (1513)

ਹਿੱਤਾਂ ਵਿਚ ਨਹੀਂ ਹੋਵੇਗੀ। ਇਸ ਤਰ੍ਹਾਂ ਸੰਯੁਕਤ ਰਾਜ ਅਮਰੀਕਾ ਵਿਚ ਇਹ ਪ੍ਰਥਾ ਸਥਾਪਿਤ ਹੋ ਗਈ ਕਿ ਇਕ ਵਿਅਕਤੀ ਕੇਵਲ ਦੋ ਵਾਰੀ ਰਾਸ਼ਟਰਪਤੀ ਦੀ ਪਦਵੀ ਤੇ ਬਿਰਾਜਮਾਨ ਹੋ ਸਕਦਾ ਹੈ। ਪਰ 1940 ਵਿਚ ਰਾਸ਼ਟਰਪਤੀ ਫਰੈਕਲਿਨ ਡੀ. ਰੂਜ਼ਡੈਲਟ (Frandlin.D.Roosevelt) ਨੇ ਤੀਜੀ ਵਾਰੀ ਰ੍ਰਾਸਟਰਪਤੀ ਦੀ ਪਦਵੀ ਲਈ ਚੋਣ ਲੜੀ ਅਤੇ ਉਹ ਸਫਲ ਹੋਏ। 1944 ਵਿਚ ਉਹਨਾਂ ਨੇ ਚੌਥੀ ਵਾਰੀ ਰਾਸ਼ਟਰਪਤੀ ਦੀ ਪਦਵੀ ਲਈ ਆਪਣੀ ਕਿਸਮਤ ਨੂੰ ਅਜ਼ਮਾਇਆ ਅਤੇ ਉਹ ਫਿਰ ਸਫਲ ਹੋ ਗਏ। ਇਸ ਤਰ੍ਹਾਂ ਰਾਸ਼ਟਰਪਤੀ ਫਰੈਂਕਲਿਨ ਡੀ. ਰੁਜ਼ਫੈਲਟ ਨੇ ਇਸ ਸਥਾਪਿਤ ਪ੍ਰਪਰਾ ਨੂੰ ਭੰਗ ਕਰ ਦਿੱਤਾ।

## ਰਾਸ਼ਟਰਪਤੀ ਨੂੰ ਪਦਵੀ ਤੋ ਹਟਾਉਣਾ(Removal of the President)

ਸੰਵਿਧਾਨ ਦੇ ਅਨੁਛੇਦ 2, ਸੈਕਸ਼ਨ 4 ਅਨੁਸਾਰ ਦੇਸ਼-ਧਰੋਹ(Treason), ਰਿਸ਼ਵਤਖੋਰੀ(Bribery) ਗੰਭੀਰ ਅਪਰਾਧਾਂ(High Crimes) ਅਤੇ ਦੁਰਾਚਾਰ(Misdcmeanours) ਦੇ ਕਾਰਨ ਰਾਸ਼ਟਰਪਤੀ ਨੂੰ ਮਹਾਂ-ਦੋਸ਼ ਦੇ ਮੁਕੱਦਮੇ(Imreachment)ਦੁਆਰਾ ਨਿਸ਼ਚਿਤ ਕਾਰਜਕਾਲ ਤੋਂ ਪਹਿਲਾਂ ਪਦਵੀ ਤੋਂ ਹਟਾਇਆ ਜਾ ਸਕਦਾ ਹੈ। ਮਹਾਂ-ਦੋਸ਼ ਦਾ ਮੁਕੱਦਮਾ ਕਾਂਗਰਸ ਦੇ ਪ੍ਰਤੀਨਿਧ ਸਦਨ(House of Representative) ਵਿਚ ਆਰੰਭ ਕੀਤਾ ਜਾ ਸਕਦਾ ਹੈ। ਜਦੋਂ ਪ੍ਰਤੀਨਿਧ ਸਦਨ ਬਹੁਮਤ ਦੁਆਰਾ ਰਾਸ਼ਟਰਪਤੀ ਦੇ ਵਿਰੁੱਧ ਦੋਸ਼ੀ ਪ੍ਰਸਤਾਵ ਪਾਸ ਕਰ ਦਿੰਦਾ ਹੈ ਤਾਂ ਉਸ ਪ੍ਰਸਤਾਵ ਸਬੰਧੀ ਸੁਣਵਾਈ ਕਰਨ ਲਈ ਮਾਮਲਾ ਸੈਨੇਟ ਨੂੰ ਸੌਂਪ ਦਿੱਤਾ ਜਾਂਦਾ ਹੈ। ਜਦੋਂ ਸੈਨੇਟ ਰਾਸ਼ਟਰਪਤੀ ਦੇ ਵਿਰੁੱਧ ਦੋਸ਼ੀ ਪ੍ਰਸਤਾਵ ਪਾਸ ਕਰ ਦਿੰਦਾ ਹੈ ਤਾਂ ਉਸ ਪ੍ਰਸਤਾਵ ਸੰਬੰਧੀ ਸੁਣਵਾਈ ਕਰਨ ਲਈ ਮਾਮਲਾ ਫਿਰ ਸੈਨੇਟ ਨੂੰ ਸੌਂਪ ਦਿੱਤਾ ਜਾਂਦਾ ਹੈ। ਜਦੋਂ ਸੈਨੈਟ ਰਾਸ਼ਟਰਪਤੀ ਦੇ ਵਿਰੁੱਧ ਮਹਾਂ-ਦੋਸ਼ ਦੇ ਮੁਕੱਦਮੇ ਦੀ ਸੁਣਵਾਈ ਕਰਦਾ ਹੈ ਤਾਂ ਉਸ ਦੀ ਬੈਠਕ ਦੀ ਪ੍ਰਧਾਨਗੀ ਸਰਵ-ਉੱਚ ਅਦਾਲਤ ਦੇ ਮੁੱਖ ਜੱਜ(Chief Justice of the Supreme Court ) ਦੁਆਰਾ ਕੀਤੀ ਜਾਂਦੀ ਹੈ। ਜੇਕਰ ਸੈਨੇਟ ਦੇ ਦੋ ਤਿਹਾਈ ਬਹੁਮਤ ਦੁਆਰਾ ਰਾਸ਼ਟਰਪਤੀ ਨੂੰ ਦੋਸ਼ੀ ਘੋਸ਼ਿਤ ਕਰੇ ਤਾਂ ਰਾਸ਼ਟਰਪਤੀ ਨੂੰ ਤੁਰੰਤ ਪਦਵੀ ਤੋਂ ਹਟਾ ਦਿੱਤਾ ਜਾਂਦਾ ਹੈ। ਅਮਰੀਕਾ ਦੇ ਇਤਿਹਾਸ ਵਿਚ ਕੇਵਲ ਇਕ ਵਾਰੀ 1867 ਵਿਚ ਰਾਸ਼ਟਰਪਤੀ ਐਡਰਿਉ ਜੋਹਨਸਨ( Andrew Johnson) ਦੇ ਵਿਰੁੱਧ ਮਹਾਂ-ਦੋਸ਼ ਦਾ ਮੁਕੱਦਮਾ ਚਲਾਇਆ ਗਿਆ ਸੀ, ਪਰੰਤੂ ਸੈਨੇਟ ਵਿਚ ਲੋੜੀਂਦਾ ਬਹੁਮਤ ਪ੍ਰਾਪਤ ਨਾ ਹੋਣ ਕਾਰਣ ਇਹ ਮੁਕੱਦਮਾ ਸਫਲ ਨਹੀਂ ਹੋ ਸਕਿਆ ਸੀ। ਇਹ ਮੁਕੱਦਮਾ ਕੇਵਲ ਇਕ ਵੋਟ ਦੀ ਕਮੀ ਕਾਰਣ ਅਸਫਲ ਹੋਇਆ ਸੀ।

### 1.4.3 ਰਾਸ਼ਟਰਪਤੀ ਦੀ ਤਨਖਾਹ ਅਤੇ ਭੱਤੇ (Emoluments of the President)

ਵਰਤਮਾਨ ਸਮੇਂ ਅਮਰੀਕੀ ਰਾਸ਼ਟਰਪਤੀ ਨੂੰ 2 ਲੱਖ ਡਾਲਰ ਵਾਰਸ਼ਿਕ ਤਨਖਾਹ ਦੇ ਰੂਪ ਵਿਚ ਮਿਲਦੇ ਹਨ। ਸੰਵਿਧਾਨ ਦੇ ਲਾਗੂ ਹੋਣ ਸਮੇਂ ਇਹ ਤਨਖਾਹ 25,000 ਡਾਲਰ ਸੀ। ਇਸ ਨੂੰ ਵਧਾ ਕੇ 1873 ਵਿਚ ਪੰਜਾਹ ਹਜ਼ਾਰ ਡਾਲਰ ਵਾਰਸ਼ਿਕ ਖਰਚੇ ਲਈ ਭੱਤੇ ਦੇ ਰੂਪ ਵਿਚ ਦਿੱਤੇ ਜਾਂਦੇ ਹਨ। ਰਹਿਣ ਲਈ ਉਸ ਨੂੰ ਸਜਿਆ-ਸਜਾਇਆ ਨਿਵਾਸ-ਸਥਾਨ ਦਿੱਤਾ ਜਾਂਦਾ ਹੈ ਜਿਸ ਨੂੰ ਵਾਈਟ ਹਾਊਸ( White House) ਕਹਿੰਦੇ ਹਨ। ਤਨਖਾਹ ਤੇ ਭੱਤਿਆਂ ਤੋਂ ਇਲਾਵਾ ਰਾਸ਼ਟਰਪਤੀ ਨੂੰ ਅਨੇਕਾਂ ਪ੍ਰਕਾਰ ਦੀਆਂ ਸਹੂਲਤਾਂ ਸਰਕਾਰੀ ਖਰਚੇ ਤੇ ਦਿੱਤੀਆਂ ਜਾਂਦੀਆ ਹਨ।

### 1.4.4 ਰਾਸ਼ਟਰਪਤੀ ਦੀ ਚੋਣ ਵਿਧੀ (Election Procedure of President)

**ਰਾਸ਼ਟਰਪਤੀ ਦੀ ਚੋਣ ਇਕ ਚੋਣ-ਮੰਡਲ ਦੁਆਰਾ (Election of the President through an Electoral College)**ਸੰਵਿਧਾਨ ਦੇ ਅਨੁਛੇਦ 2, ਸੈਕਸ਼ਨ ਪਹਿਲੇ ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਸ਼ਟਰਪਤੀ ਦੀ ਚੋਣ ਚੋਣਕਾਰਾਂ ਦੁਆਰਾ ਹੋਵੇਗੀ। ਇਹਨਾਂ ਚੋਣਕਾਰਾਂ ਦੇ ਸਮੁੱਚੇ ਸਮੂਹ ਨੂੰ ਆਮ ਕਰਕੇ ਚੋਣ-ਮੰਡਲ(Electoral-College) ਕਿਹਾ ਜਾਂਦਾ ਹੈ। ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਦੁਆਰਾ ਇਹ ਵਿਵਸਥਾ ਕੀਤੀ ਗਈ ਸੀ ਕਿ ਰਾਸ਼ਟਰਪਤੀ ਦੀ ਚੋਣ ਲਈ ਜਿਹੜਾ ਚੋਣ-ਮੰਡਲ ਸੰਗਠਿਤ ਕੀਤਾ ਜਾਵੇਗਾ ਉਸ ਵਿਚ ਚੋਣਕਾਰਾਂ(Electors) ਦੀ ਕੁਲ ਗਿਣਤੀ ਉੱਨੀ ਹੋਵੇਗੀ ਜਿੰਨੀ ਕਾਂਗਰਸ ਦੇ ਦੋਨਾਂ ਸਦਨਾਂ ਦੇ ਕੁਲ ਮੈਂਬਰਾਂ ਦੀ ਹੁੰਦੀ ਹੈ। ਪ੍ਰਤੀਨਿਧ ਸਦਨ(House of Representatives)

The President's salary is $400,000 per year (taxable), with an additional $ 50,000 to assist in defraying expenses resulting from official duties. Also he may spend up to $ 100,000 non-taxable for travel and $ 19,000 for official entertainment. In 1999 the presidential salary was increased for the president taking office in Jan. 2001,

ਦੇ ਮੈਂਬਰਾਂ ਦੀ ਕੁਲ ਗਿਣਤੀ 435 ਹੈ ਅਤੇ ਸੈਨੇਟ(Sanate) ਦੇ ਮੈਂਬਰਾਂ ਦੀ ਕੁਲ ਗਿਣਤੀ 100 ਹੈ। ਇਸ ਦਾ ਭਾਵ ਇਹ ਹੋਇਆ ਕਿ ਰਾਸ਼ਟਰਪਤੀ ਚੋਣ-ਮੰਡਲ ਵਿਚ ਕੁਲ535 ਚੋਣਕਾਰ ਹੋਣੇ ਚਾਹੀਦੇ ਹਨ। ਪਰ 1976 ਵਿਚ ਰਾਸ਼ਟਰਪਤੀ ਦੀ ਚੋਣ ਸਮੇਂ ਚੋਣ-ਮੰਡਲ ਵਿਚ ਚੋਣਕਾਰਾਂ ਦੀ ਕੁਲ 538 ਸੀ। ਇਸ ਕਾਰਣ ਇਹ ਹੈ ਕਿ ਸੰਵਿਧਾਨ ਦੀ 23 ਵੀਂ ਸੋਧ ਦੁਆਰਾ ਡਿਸਟ੍ਰਿਕਿਟ ਆਫ ਕੋਲੰਬੀਆ(District of Columbia), ਜੋ ਕਿ ਦੇਸ਼ ਦੀ ਰਾਜਧਾਨੀ ਹੈ, ਨੂੰ ਤਿੰਨ ਚੋਣਕਾਰ ਰਾਸ਼ਟਰਪਤੀ ਦੇ ਚੋਣ-ਮੰਡਲ ਵਿਚ ਭੇਜਣ ਦਾ ਅਧਿਕਾਰ ਦਿੱਤਾ ਗਿ ਹੈ। ਇਸ ਤਰ੍ਹਾਂ ਚੋਣ-ਮੰਡਲ ਦੇ ਕੁਲ ਮੈਂਬਰ 538 ਹੁੰਦੇ ਹਨ। ਇਥੇ ਇਹ ਗੱਲ ਵਿਸ਼ੇਸ਼ ਰੂਪ ਵਿਚ ਵਰਣਨਯੋਗ ਹੈ ਕਿ ਚੋਣ-ਮੰਡਲ ਦੇ ਚੋਣਕਾਰ ਉਹ ਵਿਅਕਤੀ ਨਹੀਂ ਹੁੰਦੇ ਜੋ ਕਾਂਗਰਸ ਦੇ ਦੋਨਾਂ ਸਦਨਾਂ ਵਿਚੋਂ ਕਿਸੇ ਵੀ ਸਦਨ ਦੇ ਮੈਂਬਰ ਹੁੰਦੇ ਹਨ। ਪ੍ਰਤੀਨਿਧੀ ਸਦਨ(House of Representatives) ਅਤੇ ਸੈਨੇਟ(Sanate) ਦੇ ਮੈਂਬਰ ਹੋਰ ਵਿਅਕਤੀ ਹੁੰਦੇ ਹਨ ਅਤੇ ਚੋਣ ਮੰਡਲ (Electoral College) ਦੇ ਮੈਂਬਰ ਦੂਜੇ ਵਿਅਕਤੀ ਹੁੰਦੇ ਹਨ। ਕਿਸੇ ਅਜਿਹੇ ਵਿਅਕਤੀ ਨੂੰ ਚੋਣਕਾਰ ਨਹੀਂ ਚੁਣਿਆ ਜਾ ਸਕਦਾ ਜੋ ਕਿਸੇ ਲਾਭਦਾਇਕ ਸਰਕਾਰੀ ਪਦਵੀ ਤੇ ਬਿਰਾਜਮਾਨ ਹੋਵੇ। ਚੋਣਕਾਰਾਂ ਦਾ ਇਕੋ ਇਕ ਕੰਮ ਰਾਸ਼ਟਰਪਤੀ ਦੀ ਚੋਣ ਕਰਨਾ ਹੁੰਦਾ ਹੈ। ਇਸ ਕੰਮ ਮਗਰੋਂ ਉਹਨਾਂ ਦੀ ਹੋਂਦ ਖਤਮ ਹੋ ਜਾਂਦੀ ਹੈ।

### ਰਾਂਸ਼ਟਰਪਤੀ ਦੀ ਚੋਣ ਵਿਧੀ ਦੀ ਆਲੋਚਨਾ:

ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਿਧੀ ਕਈ ਪੱਖਾਂ ਤੋਂ ਦੋਸ਼ਪੂਰਨ ਹੈ ਅਤੇ ਇਸ ਕਾਰਣ ਹੇਠ ਲਿਖੇ ਆਧਾਰਾਂ ਤੇ ਇਸ ਦੀ ਆਲੋਚਨਾ ਕੀਤੀ ਜਾਂਦੀ ਹੈ-

**1. ਅਸਲ ਵਿਚ ਇਹ ਪ੍ਰਤੱਖ ਚੋਣ ਹੈ(Virtually it is a direct election)** ਸੰਵਿਧਾਨ ਰਚਣਹਾਰਿਆਂ ਨੇ ਰਾਸ਼ਟਰਪਤੀ ਦੀ ਪ੍ਰਤੱਖ ਚੋਣ ਤੋਂ ਬਚਣ ਲਈ ਹਰ ਸੰਭਵ ਯਤਨ ਕੀਤਾ ਸੀ, ਪਰੰਤੂ ਰਾਜਨੀਤਿਕ ਦਲਾਂ ਦੇ ਵਿਕਾਸ ਨੇ ਉਹਨਾਂ ਦੇ ਸਫਲ ਯਤਨ ਨੂੰ ਵਿਵਹਾਰ ਵਿਚ ਨਿਸ਼ਫਲ ਬਣਾ ਦਿੱਤਾ ਹੈ। ਜਦੋਂ ਨਵੰਬਰ ਦੇ ਮਹੀਨੇ ਚੋਣ ਮੰਡਲ ਦੇ ਚੋਣਕਾਰਾਂ ਦੀ ਚੋਣ ਪ੍ਰਤੱਖ ਰੂਪ ਵਿਚ ਲੋਕਾਂ ਦੁਆਰਾ ਕੀਤੀ ਜਾਂਦੀ ਹੈ ਤਾਂ ਲੋਕ ਆਪਣੇ ਵੋਟ ਅਧਿਕਾਰ ਦੀ ਵਰਤੋਂ ਕਰਦੇ ਸਮੇਂ ਕਿਸੇ ਚੋਣਕਾਰ ਨੂੰ ਸਾਹਮਣੇ ਨਹੀਂ ਰੱਖਦੇ ਅਤੇ ਨਾ ਹੀ ਉਹ ਕਿਸੇ ਚੋਣਕਾਰ ਨੂੰ ਆਪਣੀ ਵੋਟ ਦਿੰਦੇ ਹਨ, ਸਗੋਂ ਵੋਟ ਦੇਣ ਸਮੇ ਂ ਉਹਨਾਂ ਦੇ ਮਨ ਵਿਚ ਰਾਜਨੀਤਿਕ ਦਲਾਂ ਦੁਆਰਾ ਰਾਸ਼ਟਰਪਤੀ ਦੀ ਪਦਵੀ ਲਈ ਨਾਮਜ਼ਦ ਕੀਤੇ ਉਮੀਦਵਾਰ ਹੀ ਹੁੰਦੇ ਹਨ। ਦੂਜੇ ਸ਼ਬਦਾਂ ਵਿਚ ਲੋਕ ਕਿਸੇ ਚੋਣਕਾਰ ਦੇ ਪੱਖ ਵਿਚ ਆਪਣੀ ਵੋਟ ਨਹੀਂ ਦਿੰਦੇ, ਸਗੋਂ ਉਹ ਉਸ ਰਾਜਨੀਤਿਕ ਦਲ ਦੇ ਪੱਖ ਵਿਚ ਕੀਤੇ ਉਮੀਦਵਾਰ ਹੀ ਹੁੰਦੇ ਹਨ। ਦੂਜੇ ਸ਼ਬਦਾਂ ਵਿਚ ਲੋਕ ਕਿਸੇ ਚੋਣਕਾਰ ਦੇ ਪੱਖ ਵਿਚ ਆਪਣੀ ਵੋਟ ਨਹੀਂ ਦਿੰਦੇ, ਸਗੋਂ ਉਹ ਉਸ ਰਾਜਨੀਤਿਕ ਦਲ ਦੇ ਪੱਖ ਵਿਚ ਆਪਣੀ ਵੋਟ ਦੀ ਵਰਤੋਂ ਕਰਦੇ ਹਨ। ਜਿਸ ਦਲ ਦੇ ਉਮੀਦਵਾਰ ਨੂੰ ਰਾਸ਼ਟਰਪਤੀ ਦੀ ਪਦਵੀ ਲਈ ਉਹ ਵਧੇਰੇ ਯੋਗ ਸਮਝਦੇ ਹਨ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਅਮਰੀਕਾ ਵਿਚ ਰਾਸ਼ਟਰਪਤੀ ਦੀ ਚੋਣ ਕੇਵਲ ਨਾਮ ਵਜੋਂ ਹੀ ਅਪ੍ਰਤੱਖ ਚੋਣ ਹੈ ਅਤੇ ਅਸਲ ਵਿਚ ਇਹ ਚੋਣ ਵਿਧੀ ਪ੍ਰਤੱਖ ਰੂਪ ਧਾਰਨ ਕਰ ਚੁੱਕੀ ਹੈ।

**2. ਚੋਣਾਂ ਵਿਚ ਅਮਰੀਕੀ ਲੋਕਾਂ ਦੀ ਘੱਟ ਰੁਚੀ(Americans take a little interest in the election)** ਇਹ ਚੋਣ ਵਿਧੀ ਇਸ ਪੱਖੋਂ ਵੀ ਦੋਸ਼ ਪੂਰਨ ਹੈ ਕਿ ਜੇਕਰ ਬਹੁਮਤ ਜ਼ਿਆਦਾ ਅਮਰੀਕੀ ਵੋਟਰ ਚੋਣਾਂ ਵਿਚ ਭਾਗ ਨਾ ਵੀ ਲੈਣ ਤਾਂ ਵੀ ਰਾਸ਼ਟਰਪਤੀ ਦੀ ਚੋਣ ਹੋ ਜਾਂਦੀ ਹੈ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਚੁਣਿਆ ਗਿਆ ਰਾ਼ਸਟਰਪਤੀ ਸਾਰੇ ਅਧਿਕਾਰਿਤ ਮਤਦਾਤਾਵਾਂ(Eligible Voters) ਦੇ ਬਹੁਮਤ ਦੀ ਚੋਣ ਨਹੀਂ ਹੁੰਦੀ, ਸਗੋਂ ਕੇਵਲ ਚੋਣ ਮੰਡਲ ( Electoral College) ਦੇ ਚੋਣਕਾਰਾਂ ਦੇ ਸਪੱਸ਼ਟ ਬਹੁਮਤ ਦੀ ਚੋਣ ਹੁੰਦੀ ਹੈ। 1992 ਦੀਆਂ ਚੋਣਾਂ ਵਿਚ ਲਗਪਗ 59 ਪ੍ਰਤੀਸ਼ਤ ਵੋਟਰਾਂ ਨੇ ਚੋਣ ਵਿਚ ਭਾਗ ਲਿਆ ਸੀ।

### 1.4.5 ਰਾਸ਼ਟਰਪਤੀ ਦੀਆਂ ਸ਼ਕਤੀਆਂ(Power of the president)

ਫਰਗੂਸਨ ਅਤੇ ਮੈਕ-ਹੈਨਰੀ ਦਾ ਕਥਨ ਹੈ ਕਿ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਦੀ ਪਦਵੀ ਕਿਸੇ ਲੋਕਤੰਤਰੀ ਰਾਸ਼ਟਰ ਦੁਆਰਾ ਸਥਾਪਿਤ ਕੀਤੀਆਂ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਪਦਵੀਆਂ ਵਿਚੋਂ ਇਕ ਹੈ। ਪ੍ਰੋ: ਆਗ ਅਨੁਸਾਰ, ਅਮਰੀਕਾ ਦਾ ਰਾਸ਼ਟਰਪਤੀ ਵਿਸ਼ਵ ਦਾ ਸਭ ਤੋਂ ਮਹਾਨ ਸਾਸ਼ਕ ਹੈ। ਇਹਨਾਂ ਕਥਨਾਂ ਵਿਚ ਬਹੁਤ ਸੱਚਾਈ ਹੈ ਕਿਉਂਕਿ ਅਮਰੀਕੀ ਰਾਸ਼ਟਰਪਤੀ ਬਹੁਤ ਮਹੱਤਵਪੂਰਨ ਸ਼ਕਤੀਆਂ ਦੀ ਵਰਤੋਂ ਕਰਦਾ ਹੈ। ਰਾਸ਼ਟਰਪਤੀ ਦੀਆਂ ਸਮੁੱਚੀਆਂ ਸ਼ਕਤੀਆਂ ਨੂੰ ਹੇਠ ਲਿਖੇ ਸਿਰਲੇਖਾਂ ਅਧੀਨ ਵਰਣਨ ਕੀਤਾ ਜਾ ਸਕਦਾ ਹੈ:-

## 1. ਕਾਰਜਕਾਰੀ ਸ਼ਕਤੀਆਂ (Executive Powers)

ਪ੍ਰੋ: ਆੱਗ ਅਤੇ ਰੇਅ ਦਾ ਕਥਨ ਹੈ ਕਿ ਰਾਸ਼ਟਰਪਤੀ ਭਾਵੇਂ ਮੁੱਖ ਕਾਨੂੰਨ ਨਿਰਮਾਤਾ, ਦਲ ਨੇਤਾ, ਰਾਸ਼ਟਰਪਤੀ ਹਿੱਤਾਂ ਦਾ ਸਾਧਾਰਨ ਰੱਖਵਾਲਾ ਹੈ, ਪਰੰਤੂ ਸਭ ਤੋਂ ਪਹਿਲਾਂ ਉਹ ਮੁੱਖ ਕਾਰਜਪਾਲਿਕਾ ਹੈ। ਪ੍ਰੋ: ਆੱਗ ਅਤੇ ਰੇਅ ਦੇ ਇਸ ਕਥਨ ਵਿਚ ਪੂਰਨ ਸੱਚਾਈ ਹੈ ਕਿਉਂਕਿ ਸੰਵਿਧਾਨ ਰਚਣਹਾਰਿਆਂ ਨੇ ਉਸ ਨੂੰ ਪ੍ਰਥਮ ਰੂਪ ਵਿਚ ਮੁੱਖ ਕਾਰਜਪਾਲਿਕਾ ਦੀ ਸਥਿਤੀ ਪ੍ਰਦਾਨ ਕੀਤੀ ਹੈ। ਸੰਵਿਧਾਨ ਦੇ ਅਨੁਛੇਦ 2 ਅਧੀਨ ਇਹ ਵਿਵਸਥਾ ਕੀਤੀ ਗਈ ਹੈ, ਕਾਰਜਪਾਲਿਕਾ ਸ਼ਕਤੀਆਂ ਸੰਯੁਕਤ ਰਾਜ ਦੇ ਰਾਸ਼ਟਰਪਤੀ ਦੇ ਹੱਥ ਵਿਚ ਕੇਂਦਰਿਤ ਹੋਣਗੀਆਂ।

1. ਕਾਨੂੰਨਾਂ ਨੂੰ ਲਾਗੂ ਕਰਨਾ (Enforcement of Laws)
2. ਵਿਵਸਥਾ ਬਣਾਈ ਰੱਖਣਾ (Maintenance of order)
3. ਨਿਯੁਕਤੀਆਂ ਕਰਨ ਦੀ ਸ਼ਕਤੀ (Power of appointments)
4. ਸੰਘੀ ਅਧਿਕਾਰੀਆਂ ਨੂੰ ਹਟਾਉਣ ਦੀ ਸ਼ਕਤੀ (Power to remove Federal officers)
5. ਸੈਨਿਕ ਸ਼ਕਤੀਆਂ (Military Powers)
6. ਵਿਦੇਸ਼ੀ ਮਾਮਲਿਆਂ ਸਬੰਧੀ ਸ਼ਕਤੀਆਂ (Power Concerning Foreign Affairs)
7. ਵਿਧਾਨਿਕ ਸ਼ਕਤੀਆਂ (legislative Powers)
8. ਨਿਆਂਇਕ ਸ਼ਕਤੀਆਂ (Judical Powers)
9. ਵਿੱਤੀ ਸ਼ਕਤੀਆਂ (Financial Powers)

**Presidential Powers**

1. One of the most powerful offices ever created by a democratic nation.
   - Ferguson and Mc. Henary.
2. The greatest ruler of the world. -Ogg
3. Whatever else he may be chief legislator, party leader general custodian of national interest, the president is, first of all a chief executive.
   -Prof. Ogg and Ray
4. The executive powers shall be vested in th president of the United States.
   -Article2
5. He shall take care that the Laws be faithfully executed Article 2 Section3
6. The United States shall guarantee to every State in this Union a Republican form of Govern ment , and shall protect each of them against invasion, and on application of the legislature of of the executive. (Whan the legislature cannot be convener) against domestic violence.
   Article 4 Section4
7. The President shall have power to fill up all vacancies that may happen during the recess of the Senate by the Senate by granting commissions which shall expire at the end of their next session. -Article 2 Section2
8. He is never for one day allowed to forget that he will be held accountable by people, Congress and history for the nation's readness to meet any enemy assault.
   -Mr. ossiter
9. In this epoch of cold wars, half wars and undeclared wars it appears at times that the president's power to make war has virtuatey swallowed the Congressional right to declare war.

(1) The President shall be Commander-in-Chief of the Army and Navy of the United States, and of the miletory of the several States, when called into the actual service of the United States; he may require the opinion, in writing, of the principal officer in each of the Executive Departments, upon any subject relating to the duties of their respective offices, and he shall have Power to grant Reprieves and Pardons for offenses against the United States, except in Cases of Impeachment.

(2) He shall have power, by and with the advice and consent of the Senate to make treaties, provided two-thirds of the senators present concur; and he shall nominate, and by and with the advice and consent of the Senate, shall appoint Ambassadors, other public Ministers and Consuls, Judges of the Supreme Court, and all other officers of the United States, whose appointments are not herein otherwise provided for, and which shall be established by law; but the Congress may by law vest the appointment of such inferior officers, as they think proper, in the President alone, in the Courts of law, or in the heads of departments.

(3) The President shall have Power to fill up all vacancies that may happen during the recess of the Senate, by granting commissions which shall expire at the end of their next Session.

### 1.4.6 ਅਮਰੀਕੀ ਰਾਸ਼ਟਰਪਤੀ ਦੀ ਸਥਿਤੀ (Position of American President)

ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਦੀਆਂ ਸਰਵ-ਪੱਖੀ ਸ਼ਕਤੀਆਂ ਦਾ ਅਧਿਐਨ ਕਰਨ ਮਗਰੋਂ ਇਕ ਸਾਧਾਰਨ ਪਾਠਕ ਨੂੰ ਵਿਸ਼ਵਾਸ ਹੋ ਜਾਣਾ ਬਿਲਕੁਲ ਸੁਭਾਵਿਕ ਹੈ ਕਿ ਅਮਰੀਕੀ ਸੰਵਿਧਾਨਿਕ ਪ੍ਰਣਾਲੀ ਵਿਚ ਰਾਸ਼ਟਰਪਤੀ ਦਾ ਸਥਾਨ ਅਤਿਅੰਤ ਮਹੱਤਵਪੂਰਨ ਅਤੇ ਸ਼ਕਤੀਸ਼ਾਲੀ ਹੈ। ਰਾਸ਼ਟਰਪਤੀ ਦੀਆਂ ਕਾਰਜਕਾਰੀ ਸ਼ਕਤੀਆਂ (Executive Powers) ਦਾ ਖੇਤਰ ਇਨ੍ਹਾਂ ਜ਼ਿਆਦਾ ਵਿਸ਼ਾਲ ਹੋ ਗਿਆ ਹੈ ਕਿ ਪ੍ਰੋ: ਮੁਨਰੋ ਇਹ ਕਹਿਣ ਲਈ ਮਜ਼ਬੂਰ ਹੋ ਗਏ ਸਨ ਕਿ "ਜਦੋਂ ਸੰਵਿਧਾਨ ਰਚਣਹਾਰਿਆਂ ਨੇ ਇਹ ਨਿਸ਼ਚਿਤ ਕੀਤਾ ਸੀ ਕਿ ਕਾਰਜਪਾਲਿਕਾ ਸ਼ਕਤੀ ਇਕ ਰਾਸ਼ਟਰਪਤੀ ਨੂੰ ਦਿੱਤੀ ਜਾਵੇਗੀ ਤਾਂ ਉਨ੍ਹਾਂ ਨੇ ਇਹ ਅਨੁਭਵ ਨਹੀਂ ਕੀਤਾ ਸੀ ਕਿ ਕਿਸੇ ਦਿਨ ਇਹ ਨੌ ਸ਼ਬਦ ਰਾਸ਼ਟਪਤੀ ਵਿਚ ਇਤਨੀਆਂ ਜ਼ਿਆਦਾ ਸ਼ਕਤੀਆਂ ਕੇਂਦਰਿਤ ਕਰ ਦੇਣਗੇ, ਜਿੰਨੀਆਂ ਕਿ ਲੋਕਤੰਤਰ ਵਿੱਚ ਕਦੇ ਇਕ ਵਿਅਕਤੀ ਦੁਆਰਾ ਵਰਤੋਂ ਵਿੱਚ ਨਹੀਂ ਲਿਆਂਦੀਆਂ ਗਈਆਂ ਹਨ।"

**Position of President**

The 43rd president of the USA George Walker Bush took office in 2001 after one of the most controversial presidential elections in history. He is the first president since 1888 to reach the White House despite losing the popular vote. Bush was plunged into one of the most challenging

---

1. "The American President Combines, in his person the offices of king and Prime Minster." - Brogan
2. "In the range of his powers, in the immensity of his influence, and his special situation the President is at once the great Head of a great State and his own Prime Minister, his position is unique. - Laski
3. "When they (Founding fathers) decreed 'that the executive power shall be vested in President they did not realise that some day these nine words would serve to consolidate the largest amount of authority ever wielded by any man in a democracy." - Munro

periods of any presidency after the USA was subjected to unprecedented attacks by Islamic militants on 11 Sept. 2001. In Feb. 2003, following a clash with the UN, Bush authorized US-led forces to attack Iraq and remove Saddam Hussein from power. He was re-elected in Nov. 2004 for a second term with 51% of the popular vote and inaugurated in Jan. 2005.

ਇਸ ਕਥਨ ਵਿੱਚ ਸੱਚਾਈ ਹੈ ਕਿ ਕਿਉਂਕਿ ਵਰਤਮਾਨ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਕੋਲ ਅਜਿਹੀਆਂ ਕਾਰਜਕਾਰੀ ਸ਼ਕਤੀਆਂ ਵੀ ਹਨ ਜੋ ਉਸ ਨੂੰ ਸੰਵਿਧਾਨ ਦੁਆਰਾ ਨਹੀਂ, ਸਗੋਂ ਕਾਂਗਰਸ ਦੇ ਕਾਨੂੰਨਾਂ, ਨਿਆਇਕ ਨਿਰਣਿਆਂ, ਪ੍ਰੰਪਰਾਵਾਂ ਅਤੇ ਰਾਸ਼ਟਰੀ ਸੰਕਟਾਂ ਦੇ ਕਾਰਨ ਪ੍ਰਾਪਤ ਹੋਈਆਂ ਹਨ।

## 1.4.7 ਅਮਰੀਕੀ ਰਾਜਨੀਤੀ ਦੀ ਤਾਜ਼ਾ ਰੌਅ

ਇਕ ਗੱਲ ਸ਼ੁਰੂ ਤੋਂ ਹੀ ਨਿਸ਼ਚਿਤ ਸੀ ਕਿ ਅਮਰੀਕਨ ਰਾਜਨੀਤੀ ਵੱਡੀ ਤਬਦੀਲੀ ਦੇ ਰੌਂਅ ਵਿੱਚ ਹੈ। ਪਿਛਲੇ ਸਾਲਾਂ ਦੇ ਪ੍ਰਸ਼ਾਸਨ ਦੌਰਾਨ ਅਮਰੀਕਾ ਇਕ ਮੁਸੀਬਤ ਵਿਚੋਂ ਨਿਕਲ ਕੇ ਦੂਸਰੀ ਵਿਚ ਡਿੱਗਿਆ ਹੈ। ਸਮਾਜਿਕ ਸੁਰੱਖਿਆ, ਬੇ ਰੁਜ਼ਗਾਰੀ, ਰੀਅਲ ਅਸਟੇਟ ਮਾਰਟਗੇਜ, ਸਿਹਤ ਸਹੂਲਤਾਂ ਅਤੇ ਡਿੱਗਦੀ ਆਰਥਿਕ ਵਿਕਾਸ ਦਰ ਨੇ ਅਮਰੀਕਨਾਂ ਦੀ ਵਿਸ਼ਵ 'ਚ ਸਰਦਾਰੀ ਨੂੰ ਹਿਲਾ ਦਿੱਤਾ ਹੈ। ਇਰਾਕ ਅਤੇ ਅਫਗਾਨਿਸਤਾਨ ਵਿਚਾਲੇ ਅਮਰੀਕਨ ਦਖਲ ਨੇ ਉਥੋਂ ਦੀ ਆਰਥਿਕਤਾ ਤੇ ਵੱਡਾ ਬੋਝ ਪਾਉਣ ਦੇ ਨਾਲ-ਨਾਲ ਹਜ਼ਾਰਾਂ ਅਮਰੀਕਨਾਂ ਦਾ ਜਾਨੀ ਨੁਕਸਾਨ ਕਰਾ ਕੇ ਮੁੜ ਵੀਅਤਨਾਮ ਦੌਰ ਯਾਦ ਕਰਾ ਦਿੱਤਾ ਹੈ। ਉਸ ਵਕਤ ਦੀ ਦੋ-ਧਰੁਵੀ ਵਿਸ਼ਵ ਰਾਜਨੀਤੀ ਦੀ ਅਣਹੋਂਦ ਅਮਰੀਕਨਾਂ ਦਾ ਤੌਖਲਾ ਹੋਰ ਵੀ ਵਧਾ ਰਹੀ ਹੈ। ਸਾਰੇ ਪਾਸਿਉਂ ਅਮਰੀਕਨ ਤੰਗੀ ਅਤੇ ਅਸਥਿਰਤਾ ਦਾ ਮਾਹੌਲ ਮਹਿਸੂਸ ਕਰ ਰਹੇ ਹਨ। ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਅਮਰੀਕਨ ਰਾਜਨੀਤੀ ਪੂਰੀ ਤਰ੍ਹਾਂ ਤਬਦੀਲੀ ਦੇ ਦੌਰ 'ਚ ਗੁਜ਼ਰ ਰਹੀ ਹੈ।

## 1.4.8 ਸਿੱਟਾ (Conclusion)

ਜਿੱਥੋਂ ਤੱਕ ਅਮਰੀਕੀ ਰਾਸ਼ਟਰਪਤੀ ਦੀਆਂ ਸ਼ਕਤੀਆਂ ਦਾ ਸੰਬੰਧ ਹੈ, ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਵਿਸ਼ਵ ਦੇ ਕਿਸੇ ਲੋਕਤੰਤਰੀ ਦੇਸ਼ ਵਿੱਚ ਇੰਨੀਆਂ ਸਰਵ-ਪੱਖੀ ਸ਼ਕਤੀਆਂ ਕਿਸੇ ਇਕ ਅਧਿਕਾਰੀ ਨੂੰ ਨਹੀਂ ਦਿੱਤੀਆਂ ਗਈਆਂ ਹਨ। ਮਿ: ਬਰੋਗਨ ਦਾ ਕਥਨ ਹੈ "ਅਮਰੀਕੀ ਰਾਸ਼ਟਰਪਤੀ ਦੀ ਪਦਵੀ ਵਿਚ ਸਮਰਾਟ ਅਤੇ ਪ੍ਰਧਾਨ ਮੰਤਰੀ ਦੋਹਾਂ ਦੀ ਪਦਵੀ ਸ਼ਾਮਿਲ ਹੈ।"[1] ਪ੍ਰੋ: ਲੱਸਕੀ ਨੇ ਠੀਕ ਕਿਹਾ ਹੈ ਕਿ "ਆਪਣੀਆਂ ਸ਼ਕਤੀਆਂ ਦੇ ਖੇਤਰ, ਆਪਣੇ ਪ੍ਰਭਾਵ ਦੀ ਵਿਸ਼ਾਲਤਾ ਅਤੇ ਵਿਸ਼ੇਸ਼ ਸਥਿਤੀ ਦੇ ਕਾਰਨ ਰਾਸ਼ਟਰਪਤੀ ਇਕ ਮਹਾਨ ਰਾਜ ਦਾ ਮਹਾਨ ਮੁਖੀ ਹੈ ਅਤੇ ਉਹ ਆਪਣਾ ਪ੍ਰਧਾਨ ਮੰਤਰੀ ਆਪ ਹੈ। ਉਸ ਦੀ ਸਥਿਤੀ ਬੜੀ ਅਨੋਖੀ ਹੈ।" ਪ੍ਰੋ: ਲੱਸਕੀ ਦੇ ਇਸ ਕਥਨ ਵਿੱਚ ਸਚਾਈ ਹੈ ਕਿਉਂਕਿ ਪ੍ਰਸ਼ਾਸਨ ਦੇ ਹਰ ਖੇਤਰ ਵਿੱਚ ਰਾਸ਼ਟਰਪਤੀ ਨੂੰ ਮਹੱਤਵਪੂਰਨ ਸ਼ਕਤੀਆਂ ਪ੍ਰਾਪਤ ਹਨ।

## 1.4.9 ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਅਮਰੀਕੀ ਰਾਜਨੀਤੀ ਦੀ ਤਾਜ਼ਾ ਰੌਅ ਬਾਰੇ ਲਿਖੋ?
2. ਅਮਰੀਕੀ ਰਾਸ਼ਟਰਪਤੀ ਦੀ ਚੋਣ ਬਾਰੇ ਲਿਖੋ?
3. ਅਮਰੀਕੀ ਰਾਸ਼ਟਰਪਤੀ ਦੀ ਤਨਖਾਹ ਅਤੇ ਭੱਤੇ ਬਾਰੇ ਚਰਚਾ ਕਰੋ?

## 1.4.10 ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਬਾਰੇ ਵਿਸਥਾਰ ਬਾਰੇ ਲਿਖੋ?
2. ਅਮਰੀਕੀ ਰਾਸ਼ਟਰਪਤੀ ਦੀ ਸਥਿਤੀ ਬਾਰੇ ਵਰਨਣ ਕਰੋ?
3. ਰਾਸ਼ਟਰਪਤੀ ਦੀ ਚੋਣ ਵਿਧੀ ਦੀ ਆਲੋਚਨਾ ਕਰੋ?

## 1.4.11 ਪੜ੍ਹਣਯੋਗ ਪੁਸਤਕਾਂ

1. **World Constitutions : A Comparative Study by Vishnoo Bhagwan and Vidya Bhushan(Sterling Publishers 2011, New Delhi.**

2. **Major World Political Systems By J.C. Johari (Sterling, 2007 New Delhi)**
3. **Comparative Politics By J.C.Johari (Sterling, New Delhi 2011.)**
4. **S.S. Nanda, Comparative Political Systems (Punjabi) Modern Publishing Jallandhar, 2011)**

ਪਾਠ ਨੰ. 1.5 ਸੈਕਸ਼ਨ ਬੀ, 3 (ਬੀ) ਲੇਖਕ : ਸੰਸਾਰ ਸਿੰਘ ਜੰਜੂਆ

## ਕਾਂਗਰਸ-ਪ੍ਰਤੀਨਿਧ ਸਦਨ ਅਤੇ ਸੈਨੇਟ
## (CONGRESS- HOUSE OF REPRESENTATIVES AND SENATE)

**1.5.0 ਭੂਮਿਕਾ**
**1.5.1 ਪਾਠ ਦਾ ਉਦੇਸ਼**
**1.5.2 ਪ੍ਰਤੀਨਿਧੀ ਸਦਨ**
**1.5.3 ਪ੍ਰਤੀਨਿਧ ਸਦਨ ਦੀਆਂ ਸ਼ਕਤੀਆਂ**
**1.5.4 ਪ੍ਰਤੀਨਿਧ ਸਦਨ ਦੀ ਸਥਿਤੀ**
**1.5.5 ਸਿੱਟਾ**
**1.5.6 ਸੈਨੇਟ**
**1.5.6.1 ਸੈਨੇਟ ਦੇ ਮੈਂਬਰਾਂ ਦੇ ਵਿਸ਼ੇਸ਼ ਅਧਿਕਾਰ**
**1.5.6.2 ਸੈਨੇਟ ਦੀਆਂ ਸ਼ਕਤੀਆਂ**
**1.5.6.3 ਸੈਨੇਟ ਦੀ ਸਥਿਤੀ**
**1.5.6.4 ਸਿੱਟਾ**
**1.5.7 ਛੋਟੇ ਉੱਤਰਾਂ ਵਾਲੇ ਪ੍ਰਸ਼ਨ**
**1.5.8 ਵੱਡੇ ਉੱਤਰਾਂ ਵਾਲੇ ਪ੍ਰਸ਼ਨ**
**1.5.9 ਪੜ੍ਹਣਯੋਗ ਪੁਸਤਕਾਂ**

### 1.5.0 ਭੂਮਿਕਾ

**ਦੋ ਸਦਨੀ ਵਿਧਾਨ ਮੰਡਲ (Bicameral Legislature)**:

ਸੰਯੁਕਤ ਰਾਜ ਅਮਰੀਕਾਂ ਦੇ ਸੰਵਿਧਾਨ ਅਨੁਸਾਰ ਅਮਰੀਕੀ ਵਿਧਾਨ ਮੰਡਲ ਨੂੰ ਕਾਂਗਰਸ ਦਾ ਨਾਮ ਦਿੱਤਾ ਗਿਆ ਹੈ। ਸੰਯੁਕਤ ਰਾਜ ਅਮਰੀਕਾ ਦੀ ਕਾਂਗਰਸ ਦੋ ਸਦਨੀ ਹੈ। ਹੇਠਲੇ ਸਦਨ ਨੂੰ **ਪ੍ਰਤੀਨਿਧ ਸਦਨ (House of Representatives)** ਅਤੇ ਉਪਰਲੇ ਸਦਨ ਨੂੰ **ਸੈਨੇਟ (Senate)** ਕਿਹਾ ਜਾਂਦਾ ਹੈ। ਸ਼ਕਤੀਆਂ ਦੀ ਅਲਹਿਦਗੀ ਦੇ ਸਿਧਾਂਤ ਤੇ ਆਧਾਰਿਤ ਅਮਰੀਕੀ ਸੰਵਿਧਾਨ ਨੇ ਵਿਧਾਨਿਕ ਸ਼ਕਤੀਆਂ ਕਾਂਗਰਸ ਵਿਚ ਕੇਂਦਰਿਤ ਕੀਤੀਆਂ ਹਨ। ਸੰਵਿਧਾਨ ਦੇ ਅਨੁਛੇਦ ਪਹਿਲੇ, ਸੈਕਸ਼ਨ ਪਹਿਲੇ ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ "ਇਸ ਸੰਵਿਧਾਨ ਅਧੀਨ ਦਿੱਤੀਆਂ ਵਿਧਾਨਿਕ ਸ਼ਕਤੀਆਂ ਸੰਯੁਕਤ ਰਾਜ ਦੀ ਕਾਂਗਰਸ ਵਿਚ ਕੇਂਦਰਿਤ ਹੋਣਗੀਆਂ। ਕਾਂਗਰਸ ਦੇ ਸੈਨੇਟ (Senate) ਅਤੇ ਪ੍ਰਤੀਨਿਧ ਸਦਨ (House of Representatives) ਨਾਮ ਦੇ ਦੋ-ਸਦਨ ਹੋਣਗੇ।"[1] ਭਾਵੇਂ ਇਸ ਅਨੁਛੇਦ ਵਿਚ ਸੈਨੇਟ ਦਾ ਨਾਮ ਪ੍ਰਥਮ ਸਥਾਨ ਤੇ ਵਰਤਿਆ ਗਿਆ ਹੈ, ਪਰੰਤੂ ਵਿਵਹਾਰ ਵਿਚ ਸੈਨੇਟ ਨੂੰ ਦੂਜਾ ਸਦਨ ਕਿਹਾ ਜਾਦਾ ਹੈ। ਪ੍ਰੋ. ਮੁਨਰੋ ਸੈਨੇਟ ਨੂੰ ਦੂਜੇ ਸਦਨ ਦਾ ਨਾਮ ਦੇਣ ਦੇ ਪੱਖ ਵਿੱਚ ਨਹੀਂ ਹੈ, ਪਰੰਤੂ ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਜਨਤਾ ਦੀ ਪ੍ਰਤੀਨਿਧਤਾ ਕਰਨ ਵਾਲੇ ਸਦਨ ਨੂੰ ਹੀ ਪਹਿਲੇ ਸਦਨ ਦਾ ਦਰਜਾ ਦਿੱਤਾ ਜਾ ਸਕੇਗਾ। ਸੈਨੇਟ ਰਾਜਾਂ ਦੀ ਅਤੇ ਪ੍ਰਤੀਨਿਧ ਸਦਨ ਸਮੁੱਚੇ ਦੇਸ਼ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਲਈ ਅਮਰੀਕੀ ਕਾਂਗਰਸ ਦੇ ਪ੍ਰਤੀਨਿਧ ਸਦਨ ਨੂੰ ਹੀ ਹੇਠਲਾ ਜਾਂ ਪਹਿਲਾ ਸਦਨ ਕਹਿਣਾ ਵਧੇਰੇ ਉਚਿਤ ਹੈ। ਇਥੇ ਇਹ ਵਰਣਨਯੋਗ ਹੈ ਕਿ ਸੰਵਿਧਾਨ ਨੇ ਕਾਂਗਰਸ ਦੇ ਕਿਸੇ ਸਦਨ

1. "All legislative powers herein granted shall be vested in a Congress of the United States which shall consist of Senate and House of Representative." - Art I. Section I.

ਨੂੰ ਪਹਿਲਾ ਜਾਂ ਦੂਜਾ ਸਦਨ, ਉਪਰਲਾ ਜਾਂ ਹੇਠਲਾ ਸਦਨ ਨਹੀਂ ਮੰਨਿਆ ਹੈ।

## 1.5.1 ਪਾਠ ਦਾ ਉਦੇਸ਼

ਇਸ ਪਾਠ ਰਾਹੀਂ ਅਸੀਂ ਸੰਯੁਕਤ ਰਾਜ ਅਮਰੀਕੀ ਵਿਧਾਨ ਮੰਡਲ ਕਾਂਗਰਸ ਪ੍ਰਤੀਨਿਧ ਸਦਨ, ਇਸ ਦੇ ਵਿਸ਼ੇਸ਼ ਅਧਿਕਾਰ, ਇਸ ਦੀਆਂ ਸ਼ਕਤੀਆਂ, ਇਸ ਦੀ ਸਥਿਤੀ, ਸੈਨੇਟ, ਇਸ ਦੀ ਚੋਣ ਵਿਧੀ, ਇਸ ਦਾ ਕਾਰਜ ਕਾਲ, ਇਸ ਦੇ ਮੈਂਬਰਾਂ ਦੇ ਵਿਸ਼ੇਸ਼ ਅਧਿਕਾਰ, ਇਸ ਦੀ ਸਥਿਤੀ ਨਿਰਧਾਰਿਤ ਕਰਨ ਵਾਲੇ ਤੱਤਾਂ ਬਾਰੇ ਪੜਾਂਗੇ।

## 1.5.2 ਪ੍ਰਤੀਨਿਧੀ ਸਦਨ (House of Representatives)

**ਬਣਤਰ** (Composition): ਪ੍ਰਤੀਨਿਧੀ ਸਦਨ ਵਿਚ ਬਾਲਗ ਵੋਟ ਅਧਿਕਾਰ ਦੇ ਆਧਾਰ ਤੇ ਚੁਣੇ ਗਏ ਲੋਕਾਂ ਦੇ ਪ੍ਰਤੀਨਿਧ ਹੁੰਦੇ ਹਨ। ਹਰੇਕ ਰਾਜ ਨੂੰ ਉਸ ਦੀ ਵਸੋਂ ਦੇ ਅਨੁਪਾਤ ਵਿੱਚ ਪ੍ਰਤੀਨਿਧ ਸਦਨ ਦੇ ਸਥਾਨ ਦਿੱਤੇ ਜਾਂਦੇ ਹਨ। 1929 ਵਿਚ ਕਾਂਗਰਸ ਨੇ ਇਕ ਕਾਨੂੰਨ ਪਾਸ ਕੀਤਾ ਸੀ। ਇਸ ਕਾਨੂੰਨ ਅਨੁਸਾਰ ਪ੍ਰਤੀਨਿਧੀ ਸਦਨ ਦੇ ਮੈਂਬਰਾਂ ਦੀ ਕੁੱਲ ਗਿਣਛੀ 435 ਨਿਸ਼ਚਿਤ ਕੀਤੀ ਗਈ ਹੈ। ਜਦੋਂ 1950 ਵਿਚ ਅਲਾਸਕਾ (Alaska) ਅਤੇ ਹਵਾਈ (Hawai) ਰਾਜਾਂ ਨੂੰ ਅਮਰੀਕੀ ਸੰਘ ਵਿਚ ਸ਼ਾਮਿਲ ਕੀਤਾ ਗਿਆ ਸੀ ਤਾਂ ਪ੍ਰਤੀਨਿਧ ਸਦਨ ਦੇ ਮੈਂਬਰਾਂ ਦੀ ਕੁੱਲ ਗਿਣਤੀ ਵਧਾ ਕੇ 437 ਕਰ ਦਿੱਤੀ ਗਈ ਸੀ ਪਰ 1961 ਵਿਚ ਸਦਨ ਦੇ ਮੈਂਬਰਾਂ ਦੀ ਕੁੱਲ ਸੰਖਿਆ ਵਿਚ ਫਿਰ ਪਰਿਵਰਤਨ ਕੀਤਾ ਗਿਆ ਅਤੇ 435 ਮੈਂਬਰਾਂ ਦੀ ਇਸ ਦੀ ਸੰਖਿਆ ਸਥਾਈ ਰੂਪ ਵਿੱਚ ਨਿਸ਼ਚਿਤ ਕਰ ਦਿੱਤੀ ਗਈ। ਹਰੇਕ ਰਾਜ ਪ੍ਰਤੀਨਿਧੀ ਸਦਨ ਵਿਚ ਘੱਟ ਤੋਂ ਘੱਟ ਇਕ ਮੈਂਬਰ ਜ਼ਰੂਰ ਭੇਜਦਾ ਹੈ।

**ਯੋਗਤਾਵਾਂ** (Qualification): ਜੋ ਉਮੀਦਵਾਰ ਪ੍ਰਤੀਨਿਧੀ ਸਦਨ ਦੀ ਚੋਣ ਲੜਨਾ ਚਾਹੁੰਦਾ ਹੈ ਉਨ੍ਹਾਂ ਵਿਚ ਹੇਠ ਲਿਖੀਆਂ ਯੋਗਤਾਵਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ:

(i) ਉਸ ਦੀ ਉਮਰ ਘੱਟ ਤੋਂ ਘੱਟ 25 ਸਾਲ ਦੀ ਹੋਵੇ।

(ii) ਉਹ ਅਮਰੀਕਾ ਦਾ ਨਾਗਰਿਕ ਹੋਵੇ।

(iii) ਉਹ ਸੰਯੁਕਤ ਰਾਜ ਵਿਚ ਘੱਟ ਤੋਂ ਘੱਟ 7 ਸਾਲ ਨਾਗਰਿਕ ਦੇ ਰੂਪ ਵਿਚ ਰਿਹਾ ਹੋਵੇ।

(iv) ਸੰਵਿਧਾਨ ਅਨੁਸਾਰ ਚੋਣ ਲੜਨ ਸਮੇਂ ਉਹ ਉਸ ਰਾਜ ਦਾ ਨਿਵਾਸੀ ਹੋਵੇ ਜਿਸ ਰਾਜ ਵਿਚੋਂ ਉਹ ਚੋਣ ਲੜਨਾ ਚਾਹੁੰਦਾ ਹੈ। ਇਕ ਪਰੰਪਰਾ ਅਨੁਸਾਰ ਇਹ ਜ਼ਰੂਰੀ ਹੋ ਗਿਆ ਹੈ ਕਿ ਉਮੀਦਵਾਰ ਉਸ ਚੋਣ-ਖੇਤਰ ਦਾ ਹੀ ਨਿਵਾਸੀ ਹੋਣਾ ਚਾਹੀਦਾ ਹੈ ਜਿੱਥੋਂ ਕਿ ਉਹ ਚੋਣ ਲੜਨਾ ਚਾਹੁੰਦਾ ਹੈ।

(v) ਉਹ ਅਮਰੀਕੀ ਸਰਕਾਰ ਦਾ ਤਨਖ਼ਾਹਦਾਰ ਅਧਿਕਾਰੀ ਨਾ ਹੋਵੇ। ਦੂਜੇ ਸ਼ਬਦਾਂ ਵਿਚ ਉਹ ਕਿਸੇ ਲਾਭਦਾਇਕ ਸਰਕਾਰੀ ਪਦਵੀਂ ਦੇ ਬਿਰਾਜਮਾਨ ਨਾ ਹੋਵੇ।

ਇੱਥੇ ਇਹ ਵਰਣਨਯੋਗ ਹੈ ਕਿ ਅਮਰੀਕੀ ਸਰਵ-ਉੱਚ ਅਦਾਲਤ ਦੇ ਨਿਰਣਿਆਂ ਅਨੁਸਾਰ ਇਹਨਾਂ ਨਿਸ਼ਚਿਤ ਯੋਗਤਾਵਾਂ ਨੂੰ ਨਾ ਤਾਂ ਘਟਾਇਆ ਜਾ ਸਕਦਾ ਹੈ ਅਤੇ ਨਾ ਹੀ ਇਹਨਾਂ ਵਿਚ ਵਾਧਾ ਕੀਤਾ ਜਾ ਸਕਦਾ ਹੈ ਪਰ ਪ੍ਰਤੀਨਿਧ ਸਦਨ ਕਿਸੇ ਚੁਣੇ ਹੋਏ ਮੈਂਬਰ ਨੂੰ ਸਦਨ ਦੀ ਮੈਂਬਰੀ ਗ੍ਰਹਿਣ ਕਰਨ ਤੋਂ ਕਿਸੇ ਵਿਸ਼ੇਸ਼ ਕਾਰਨ ਦੇ ਅਧਾਰ ਤੇ ਵਰਜਿਤ ਕਰ ਸਕਦਾ ਹੈ। ਉਦਾਹਰਣ ਵਜੋਂ 1900 ਵਿਚ ਬ੍ਰਿਗਹਮ ਐਚ. ਰੋਬਰਟਸ (Brigham H. Roberts) ਨੂੰ ਸਦਨ ਨੇ ਬਹੁਮਤ ਦੁਆਰਾ ਸਦਨ ਵਿਚ ਦਾਖਲ ਨਹੀਂ ਕੀਤਾ ਸੀ ਕਿਉਂਕਿ ਉਸ ਦੀਆਂ ਕਈ ਪਤਨੀਆਂ ਸਨ ਅਤੇ ਸਦਨ ਦੀ ਦ੍ਰਿਸ਼ਟੀ ਵਿਚ ਉਹ ਨੈਤਿਕ ਪੱਖ ਤੋਂ ਚੰਗਾ ਵਿਅਕਤੀ ਨਹੀਂ ਸੀ।

**ਚੋਣ-ਵਿਧੀ** (Election Procedure): ਸੰਵਿਧਾਨ ਰਚਣਹਾਰਿਆਂ ਵਿਚ ਇਸ ਸੰਬੰਧੀ ਕਾਫ਼ੀ ਮਤਭੇਦ ਸੀ ਕਿ ਪ੍ਰਤੀਨਿਧੀ ਸਦਨ ਦੇ ਮੈਂਬਰਾਂ ਨੂੰ ਚੁਣਨ ਲਈ ਵੋਟ ਦਾ ਅਧਿਕਾਰ ਕਿਸ ਪ੍ਰਕਾਰ ਦੇ ਵਿਅਕਤੀਆਂ ਨੂੰ ਦਿੱਤਾ ਜਾਵੇ? ਇਸ ਮਤਭੇਦ ਦੇ ਕਾਰਨ ਹੀ ਸੰਵਿਧਾਨ ਰਚਣਹਾਰਿਆਂ ਨੇ ਰਾਸ਼ਟਰੀ ਪੱਧਰ ਤੇ ਵੋਟ ਦੇਣ ਦਾ ਅਧਿਕਾਰ ਨਹੀਂ ਦਿੱਤਾ ਸਗੋਂ ਇਸ ਵਿਸ਼ੇ ਸੰਬੰਧੀ

---

1."The House of Representative shall be composed of members chosen every second year by the people of the several states, and the electors in each state shall have the qualification requisite for electors of the most numer ous branches of the State Legislature." - Article 1, Section 2

ਨਿਰਣਾ ਕਰਨ ਦਾ ਕੰਮ ਹਰੇਕ ਰਾਜ ਨੂੰ ਸੌਂਪ ਦਿੱਤਾ। ਸੰਵਿਧਾਨ ਵਿਚ ਕੇਵਲ ਇਹ ਵਿਵਸਥਾ ਕੀਤੀ ਗਈ ਹੈ ਕਿ "ਪ੍ਰਤੀਨਿਧੀ ਸਦਨ ਦੇ ਮੈਂਬਰ ਰਾਜਾਂ ਦੇ ਲੋਕਾਂ ਦੁਆਰਾ ਹਰ ਦੂਜੇ ਸਾਲ ਚੁਣੇ ਜਾਣਗੇ ਤੇ ਹਰੇਕ ਰਾਜ ਵਿਚ ਚੋਣਕਾਰਾਂ ਲਈ ਉਹੀ ਯੋਗਤਾਵਾਂ ਹੋਣਗੀਆਂ ਜੋ ਉਸ ਰਾਜ ਦੇ ਵਿਧਾਨ-ਮੰਡਲ ਦੇ ਬਹੁਤੇ ਮੈਂਬਰਾਂ ਵਾਲੇ ਸਦਨ ਦੇ ਮੈਂਬਰਾਂ ਨੂੰ ਚੁਣਨ ਲਈ ਨਿਸ਼ਚਿਤ ਕੀਤੀਆਂ ਜਾਣੀਆਂ।"[1] ਇਸ ਦਾ ਸਾਧਾਰਨ ਅਰਥ ਇਹ ਹੋਇਆ ਕਿ ਪ੍ਰਤੀਨਿਧ ਸਦਨ ਦੇ ਮੈਂਬਰਾਂ ਦੀ ਚੋਣ ਕਰਨ ਲਈ ਉਨ੍ਹਾਂ ਵਿਅਕਤੀਆਂ ਨੂੰ ਵੋਟ ਦੇਣ ਦਾ ਅਧਿਕਾਰ ਹੋਵੇਗਾ ਜਿਹਨਾਂ ਵਿਅਕਤੀਆਂ ਨੂੰ ਆਪਣੇ ਰਾਜਾਂ ਦੇ ਵਿਧਾਨ-ਮੰਡਲਾਂ ਦੇ ਹੇਠਲੇ ਸਦਨ ਦੇ ਮੈਂਬਰਾਂ ਨੂੰ ਚੁਣਨ ਲਈ ਵੋਟ ਦੇਣ ਦਾ ਅਧਿਕਾਰ ਪ੍ਰਾਪਤ ਹੈ।

ਇਸ ਤੋਂ ਇਲਾਵਾ ਨਾ ਤਾਂ ਸੰਘ ਸਰਕਾਰ ਅਤੇ ਨਾ ਹੀ ਕਿਸੇ ਰਾਜ ਦੀ ਸਰਕਾਰ ਸੰਯੁਕਤ ਰਾਜ ਅਮਰੀਕਾ ਦੇ ਨਾਗਰਿਕਾਂ ਨੂੰ ਨਸਲ, ਰੰਗ ਜਾਂ ਗੁਲਾਮੀ ਦੀ ਪਹਿਲੀ ਅਵਸਥਾ ਦੇ ਕਾਰਨ ਵੋਟ ਦੇ ਅਧਿਕਾਰ ਤੋਂ ਵੰਚਿਤ ਕਰ ਸਕਦੀ ਹੈ। ਇਸੇ ਤਰ੍ਹਾਂ ਨਾ ਤਾਂ ਸੰਘ ਸਰਕਾਰ ਅਤੇ ਨਾ ਹੀ ਕੋਈ ਰਾਜ ਸਰਕਾਰ ਲਿੰਗ (Sex) ਦੇ ਆਧਾਰ ਤੇ ਸੰਯੁਕਤ ਰਾਜ ਅਮਰੀਕਾ ਦੇ ਨਾਗਰਿਕਾਂ ਦੇ ਵੋਟ-ਅਧਿਕਾਰ ਨੂੰ ਸਮਾਪਤ ਜਾਂ ਸੀਮਿਤ ਕਰ ਸਕਦੀ ਹੈ। ਅਮਰੀਕਾ ਵਿਚ ਪ੍ਰਤੀਨਿਧ ਸਦਨ ਦੇ ਮੈਂਬਰਾਂ ਦੀ ਚੋਣ ਪ੍ਰਤੱਖ ਰੂਪ ਵਿਚ ਬਾਲਗ ਵੋਟ ਅਧਿਕਾਰ ਦੇ ਆਧਾਰ ਤੇ ਕੀਤੀ ਜਾਂਦੀ ਹੈ। ਹਰੇਕ ਰਾਜ ਵਿਚ ਇਕ ਮੈਂਬਰੀ ਚੋਣ ਖੇਤਰ (Single Member Constituency) ਦੀ ਪ੍ਰਣਾਲੀ ਅਪਣਾਈ ਗਈ ਹੈ। ਸਮੁੱਚੇ ਦੇਸ਼ ਵਿਚ ਪ੍ਰਤੀਨਿਧ ਸਦਨ ਦੀਆਂ ਚੋਣਾਂ ਇਕ ਹੀ ਦਿਹਾੜੇ ਹੁੰਦੀਆਂ ਹਨ ਅਤੇ ਮਤਦਾਨ ਗੁਪਤ ਰੂਪ ਵਿਚ ਕੀਤਾ ਜਾਂਦਾ ਹੈ। ਇਹ ਮਤਦਾਨ ਬਾਲਗ ਵੋਟ-ਅਧਿਕਾਰ ਦੇ ਸਿਧਾਂਤ ਦੇ ਆਧਾਰ ਤੇ ਹੁੰਦਾ ਹੈ ਅਤੇ 18 ਸਾਲ ਜਾਂ ਇਸ ਤੋਂ ਵੱਧ ਉਮਰ ਵਾਲੇ ਹਰੇਕ ਨਾਗਰਿਕ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਵੋਟ ਦਾ ਅਧਿਕਾਰ ਦਿੱਤਾ ਗਿਆ ਹੈ।

**ਕਾਰਜਕਾਲ** (Tenure): ਪ੍ਰਤੀਨਿਧ ਸਦਨ ਦੇ ਮੈਂਬਰ ਦੋ ਸਾਲਾਂ ਦੇ ਸਮੇਂ ਲਈ ਚੁਣੇ ਜਾਂਦੇ ਹਨ। ਇਸ ਨਿਸ਼ਚਿਤ ਦੋ ਸਾਲ ਦੇ ਕਾਰਜਕਾਲ ਤੋਂ ਪਹਿਲਾਂ ਪ੍ਰਤੀਨਿਧ ਸਦਨ ਨੂੰ ਭੰਗ ਨਹੀਂ ਕੀਤਾ ਜਾ ਸਕਦਾ। ਪ੍ਰਤੀਨਿਧ ਸਦਨ ਦੀਆਂ ਚੋਣਾਂ ਹਰੇਕ ਦੋ ਸਾਲਾਂ ਮਗਰੋਂ ਨਵੰਬਰ ਦੇ ਮਹੀਨੇ ਹੁੰਦੀਆਂ ਹਨ। ਪ੍ਰਤੀਨਿਧ ਸਦਨ ਦਾ ਦੋ ਸਾਲ ਦਾ ਕਾਰਜਕਾਲ ਕਾਫ਼ੀ ਥੋੜ੍ਹਾ ਹੈ ਅਤੇ ਕਈ ਵਾਰੀ ਇਸ ਕਾਰਨ ਰਾਜਨੀਤਿਕ ਸਮਸਿਆ ਉਤਪੰਨ ਹੋਣ ਦੀ ਸੰਭਾਵਨਾ ਹੁੰਦੀ ਹੈ। ਰਾਸ਼ਟਰਪਤੀ ਚਾਰ ਸਾਲ ਦੇ ਸਮੇਂ ਲਈ ਚੁਣਿਆ ਜਾਂਦਾ ਹੈ। ਇਸ ਤਰ੍ਹਾਂ ਸੰਭਵ ਹੈ ਕਿ ਦੋ ਸਾਲ ਦੇ ਸਮੇਂ ਮਗਰੋਂ ਪ੍ਰਤੀਨਿਧ ਸਦਨ ਦੀ ਜਿਹੜੀ ਚੋਣ ਹੁੰਦੀ ਹੈ। ਉਸ ਚੋਣ ਵਿਚ ਰਾਸ਼ਟਰਪਤੀ ਦੇ ਵਿਰੋਧੀ ਦਲ ਦਾ ਬਹੁਮਤ ਸਥਾਪਿਤ ਹੋ ਜਾਵੇ। ਨਵੰਬਰ, 1982 ਵਿਚ ਹੋਈਆਂ ਚੋਣਾਂ ਸਮੇਂ ਇਹੋ ਕੁਝ ਵਾਪਰਿਆ ਸੀ। ਇਨ੍ਹਾਂ ਚੋਣਾਂ ਦੇ ਫਲਸਰੂਪ ਪ੍ਰਤੀਨਿਧ ਸਦਨ ਵਿਚ ਲੋਕਤੰਤਰੀ ਦਲ (Democratic Party) ਨੂੰ ਬਹੁਮਤ ਪ੍ਰਾਪਤ ਹੋਇਆ ਜਦੋਂ ਕਿ ਰਾਸ਼ਟਰਪਤੀ ਰੀਗਨ ਗਣਤੰਤਰੀ ਦਲ (Reublican Party) ਨਾਨ ਸੰਬੰਧਿਤ ਸੀ। ਅਜਿਹੀ ਸਥਿਤੀ ਵਿਚ ਰਾਸ਼ਟਰਪਤੀ ਨੂੰ ਕੁਝ ਪ੍ਰਸ਼ਾਸਕੀ ਔਕੜਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਰ ਦੋ ਸਾਲ ਦੇ ਕਾਰਜਕਾਲ ਦੇ ਸਮਰਥਕ ਇਹ ਦਲੀਲ ਦਿੰਦੇ ਹਨ ਥੋੜ੍ਹਾ ਕਾਰਜਕਾਲ ਹੋਣ ਕਾਰਨ ਪ੍ਰਤੀਨਿਧੀ ਸਦਨ ਦੇ ਮੈਂਬਰਾਂ ਅਤੇ ਲੋਕਾਂ ਵਿਚ ਨਿਰੰਤਰ ਸੰਪਰਕ ਬਣਿਆ ਰਹਿੰਦਾ ਹੈ। ਕੁਝ ਵਿਚਾਰਕਾਂ ਦਾ ਸੁਝਾਅ ਹੈ ਕਿ ਪ੍ਰਤੀਨਿਧ ਸਦਨ ਦਾ ਕਾਰਜਕਾਲ ਰਾਸ਼ਟਰਪਤੀ ਦੇ ਕਾਰਜਕਾਲ ਦੇ ਬਰਾਬਰ ਕਰ ਦੇਣਾ ਚਾਹੀਦਾ ਹੈ, ਪਰ ਅਮਰੀਕੀ ਰਾਜਨੀਤੀਵਾਨਾਂ ਨੇ ਇਸ ਸੰਬੰਧੀ ਕਦੇ ਗੰਭੀਰ ਵਿਚਾਰ-ਵਟਾਂਦਰਾ ਨਹੀਂ ਕੀਤਾ।

**ਸਮਾਗਮ** (Session): ਸੰਵਿਧਾਨ ਦੀ ਵੀਹਵੀਂ ਸੋਧ ਅਨੁਸਾਰ ਕਾਂਗਰਸ ਦਾ ਸਮਾਗਮ ਸਾਲ ਵਿਚ ਇਕ ਵਾਰੀ ਜ਼ਰੂਰ ਹੁੰਦਾ ਹੈ। 1993 ਵਿਚ ਵੀਹਵੀਂ ਸੋਧ ਦੇ ਲਾਗੂ ਹੋਣ ਤੋਂ ਪਹਿਲਾਂ ਕਾਂਗਰਸ ਦਾ ਸਮਾਗਮ 4 ਮਾਰਚ ਨੂੰ ਆਰੰਭ ਹੁੰਦਾ ਸੀ, ਪਰੰਤੂ ਵੀਹਵੀਂ ਸੋਧ ਦੁਆਰਾ ਇਹ ਮਿਤੀ ਬਦਲ ਕੇ 3 ਜਨਵਰੀ ਕਰ ਦਿੱਤੀ ਗਈ ਹੈ। ਕਾਂਗਰਸ ਦੇ ਦੋਨੋਂ ਸਦਨਾਂ ਦਾ ਸਮਾਗਮ ਇਕ ਹੀ ਮਿਤੀ ਨੂੰ ਆਰੰਭ ਹੁੰਦਾ ਹੈ ਅਤੇ ਇਕ ਹੀ ਮਿਤੀ ਨੂੰ ਸਮਾਪਤ ਕੀਤਾ ਜਾਂਦਾ ਹੈ। ਜੇਕਰ ਸਮਾਗਮ ਨੂੰ ਸਥਗਿਤ ਕਰਨ ਦੀ ਮਿਤੀ ਸੰਬੰਧੀ ਦੋਨੋਂ ਸਦਨਾਂ ਵਿਚ ਮਤਭੇਦ ਹੋ ਜਾਵੇ ਤਾਂ ਰਾਸ਼ਟਰਪਤੀ ਇਸ ਮਤਭੇਦ ਨੂੰ ਦੂਰ ਕਰਨ ਲਈ ਆਪਣਾ ਨਿਰਣਾ ਦੇਵੇਗਾ। ਰਾਸ਼ਟਰਪਤੀ ਜੇ ਚਾਹੇ ਤਾਂ ਕਾਂਗਰਸ ਦੇ ਵਿਸ਼ੇਸ਼ ਸਮਾਗਮ ਵੀ ਬੁਲਾ ਸਕਦਾ ਹੈ।

---

1. "The House of Representatives shall choose their Speaker and other officers, and shall have the Sole power of impeachment. - Article 1, Section 2.

**ਕੋਰਮ** (Quorum): ਪ੍ਰਤੀਨਿਧੀ ਸਦਨ ਦਾ ਕੋਰਮ ਸਦਨ ਦੇ ਕੁਲ ਮੈਂਬਰਾਂ ਦਾ ਬਹੁਮਤ ਨਿਸ਼ਚਿਤ ਕੀਤਾ ਗਿਆ ਹੈ। ਦੂਜੇ ਸ਼ਬਦਾਂ ਵਿਚ ਸਦਨ ਦੀ ਕਾਰਵਾਈ ਨੂੰ ਕਾਨੂੰਨੀ ਰੂਪ ਵਿਚ ਚਲਾਉਣ ਲਈ ਸਦਨ ਦੀ ਬੈਠਕ ਵਿਚ ਘੱਟ ਤੋਂ ਘੱਟ 218 ਮੈਂਬਰ ਹਾਜ਼ਿਰ ਹੋਣੇ ਚਾਹੀਦੇ ਹਨ। ਸਦਨ ਦੇ ਕੋਰਮ ਦੀ ਇਹ ਸੰਖਿਆ ਬਹੁਤ ਹੀ ਜ਼ਿਆਦਾ ਹੈ ਅਤੇ ਇਸ ਕਾਰਨ ਕਈ ਵਾਰੀ ਸਦਨ ਦੀ ਬੈਠਕ ਨੂੰ ਸਥਗਿਤ ਕਰਨਾ ਪੈਂਦਾ ਹੈ। ਇਕ ਪੱਖੋਂ ਕੋਰਮ ਦੀ ਇਹ ਸੰਖਿਆ ਲਾਭਦਾਇਕ ਵੀ ਸਿੱਧ ਹੁੰਦੀ ਹੈ ਕਿਉਂਕਿ ਜ਼ਿਆਦਾ ਮੈਂਬਰ ਸਦਨ ਵਿਚ ਹਾਜ਼ਿਰ ਰਹਿਣ ਦਾ ਯਤਨ ਕਰਦੇ ਹਨ।

**ਅਧਿਅਕਸ਼** (Chairman): ਸੰਵਿਧਾਨ ਦੇ ਅਨੁਛੇਦ 1, ਸੈਕਸ਼ਨ ਦੇ ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ, "ਪ੍ਰਤੀਨਿਧ ਸਦਨ ਆਪਣਾ ਸਪੀਕਰ ਅਤੇ ਦੂਜੇ ਅਧਿਕਾਰੀ ਆਪ ਚੁਣਗੇ ਅਤੇ ਉਨ੍ਹਾਂ ਵਿਰੁੱਧ ਮਹਾਂਦੋਸ਼ ਦਾ ਮੁਕੱਦਮਾ ਚਲਾਉਣ ਦੀ ਸ਼ਕਤੀ ਵੀ ਨਿਵੇਕਲੇ ਰੂਪ ਵਿਚ ਪ੍ਰਤੀਨਿਧ ਸਦਨ ਕੋਲ ਹੋਵੇਗੀ।"[1] ਸਦਨ ਦੀਆਂ ਬੈਠਕਾਂ ਦੀ ਪ੍ਰਧਾਨਗੀ ਸਪੀਕਰ ਦੁਆਰਾ ਕੀਤੀ ਜਾਂਦੀ ਹੈ ਅਤੇ ਸਪੀਕਰ ਦੀ ਚੋਣ ਪ੍ਰਤੀਨਿਧ ਸਦਨ ਦੇ ਮੈਂਬਰ ਆਪਣੇ ਵਿਚੋਂ ਆਪ ਕਰਦੇ ਹਨ।

**ਪ੍ਰਤੀਨਿਧੀ ਸਦਨ ਦੇ ਮੈਂਬਰਾਂ ਦਾ ਵਿਸ਼ੇਸ਼ ਅਧਿਕਾਰ** (Privileges of the members of the House of Representatives): ਪ੍ਰਤੀਨਿਧੀ ਸਦਨ ਦੇ ਮੈਂਬਰਾਂ ਨੂੰ ਕੁਝ ਵਿਸ਼ੇਸ਼ ਅਧਿਕਾਰ ਅਤੇ ਰਿਆਇਤਾਂ ਪ੍ਰਾਪਤ ਹਨ। ਉਦਾਹਰਣ ਵਜੋਂ ਸਦਨ ਦਾ ਸਮਾਗਮ ਚਲ ਰਿਹਾ ਹੋਵੇ ਤਾਂ ਸਦਨ ਦੇ ਕਿਸੇ ਮੈਂਬਰ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ। ਸਮਾਗਮ ਦੇ ਸਮੇਂ ਉਨ੍ਹਾਂ ਨੂੰ ਕਿਸੇ ਵੀ ਅਦਾਲਤ ਵਿੱਚ ਗਵਾਹੀ ਦੇਣ ਜਾਂ ਜਿਊਰੀ ਦੇ ਮੈਂਬਰ ਦੇ ਰੂਪ ਵਿਚ ਕੰਮ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਸਦਨ ਦੇ ਅੰਦਰ ਮੈਂਬਰ ਨੂੰ ਭਾਸ਼ਣ ਦੇਣ ਦੀ ਪੂਰਨ ਸੁਤੰਤਰਤਾ ਹੈ। ਸਦਨ ਵਿਚ ਦਿੱਤੇ ਭਾਸ਼ਨ ਦੇ ਆਧਾਰ ਤੇ ਕਿਸੇ ਮੈਂਬਰ ਵਿਰੁੱਧ ਕਿਸੇ ਅਦਾਲਤ ਵਿਚ ਜਾਂ ਸਦਨ ਦੇ ਬਾਹਰ ਕਿਸੇ ਹੋਰ ਅਧਿਕਾਰੀ ਦੁਆਰਾ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕਦੀ। ਇਥੇ ਇਹ ਵਰਣਨਯੋਗ ਹੈ ਕਿ ਪ੍ਰਤੀਨਿਧ ਸਦਨ ਦੇ ਮੈਂਬਰਾ ਵਿਰੁੱਧ ਦੇਸ਼ ਧਰੋਹ, ਭ੍ਰਿਸ਼ਟਾਚਾਰ ਜਾਂ ਸ਼ਾਤੀ ਭੰਗ ਕਰਨ ਦੇ ਦੋਸ਼ ਕਾਰਨ ਮੁਕੱਦਮਾ ਚਲਾਇਆ ਜਾ ਸਕਦਾ ਹੈ।

**ਤਨਖਾਹ** (Salary): ਪ੍ਰਤੀਨਿਧ ਸਦਨ ਦੇ ਹਰੇਕ ਮੈਂਬਰ ਨੂੰ 75000 ਡਾਲਰ ਵਾਰਸ਼ਿਕ ਤਨਖਾਹ ਦੇ ਰੂਪ ਵਿਚ ਮਿਲਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਆਵਾਜਾਈ ਭੱਤਾ ਅਤੇ ਅਨੇਕਾਂ ਪ੍ਰਕਾਰ ਦੀਆਂ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਵਾਰਸ਼ਿਕ ਤਨਖਾਹ ਤੋਂ ਇਲਾਵਾ ਹਰੇਕ ਮੈਂਬਰ ਨੂੰ ਆਪਣੀ ਸਹਾਇਤਾ ਲਈ ਨਿੱਜੀ ਦਫ਼ਤਰ ਬਣਾਉਣ ਲਈ ਵੱਧ ਤੋਂ ਵੱਧ 60,000 ਡਾਲਰ ਵਾਰਸ਼ਿਕ ਭੱਤੇ ਦੇ ਰੂਪ ਵਿਚ ਦਿੱਤੇ ਜਾਂਦੇ ਹਨ। ਪ੍ਰਤੀਨਿਧ ਸਦਨ ਦੇ ਮੈਂਬਰਾਂ ਨੂੰ ਆਪਣੇ ਸਰਕਾਰੀ ਪੱਤਰ (Official Papers) ਆਦਿ ਡਾਕ ਰਾਹੀਂ ਮੁਫ਼ਤ ਭੇਜਣ ਦਾ ਅਧਿਕਾਰ ਹੁੰਦਾ ਹੈ।

### 1.5.3 ਪ੍ਰਤੀਨਿਧ ਸਦਨ ਦੀਆਂ ਸ਼ਕਤੀਆ (Powers of House of Representatives)

ਪ੍ਰਤੀਨਿਧ ਸਦਨ ਕਾਂਗਰਸ ਦਾ ਹੇਠਲਾ ਸਦਨ ਹੈ। ਜਿਥੋਂ ਤੱਕ ਇਸ ਦੀਆਂ ਸ਼ਕਤੀਆਂ ਦਾ ਸੰਬੰਧ ਹੈ ਨਿਰਸੰਦੇਹ ਅਸੀਂ ਇਹ ਕਹਿ ਸਕਦੇ ਹਾ ਕਿ ਇਹ ਸਦਨ ਸੈਨੇਟ ਦੇ ਮੁਕਾਬਲੇ ਘੱਟ ਸ਼ਕਤੀਸ਼ਾਲੀ ਹੈ। ਕੁਝ ਖੇਤਰਾਂ ਵਿਚ ਇਸ ਨੂੰ ਸੈਨੇਟ ਦੇ ਸਮਾਨ ਸ਼ਕਤੀਆਂ ਪ੍ਰਾਪਤ ਹਨ ਪਰੰਤੂ ਕੁਝ ਦੂਜੇ ਮਹੱਤਵਪੂਰਨ ਖੇਤਰਾਂ ਵਿਚ ਸੈਨੇਟ ਦਾ ਪਲੜਾ ਭਾਰੀ ਹੈ। ਪ੍ਰਤੀਨਿਧ ਸਦਨ ਦੀਆਂ ਸ਼ਕਤੀਆਂ ਦਾ ਵਰਣਨ ਸੰਖੇਪ ਰੂਪ ਵਿਚ ਅਸੀਂ ਹੇਠ ਲਿਖੇ ਸਿਰਲੇਖਾਂ ਅਧੀਨ ਕਰ ਸਕਦੇ ਹਾਂ–

1.**ਵਿਧਾਨਿਕ ਸ਼ਕਤੀਆਂ** (Legislative Powers): ਸਾਧਾਰਨ ਬਿੱਲ ਕਾਂਗਰਸ ਦੇ ਕਿਸੇ ਵੀ ਸਦਨ ਵਿਚ ਪੇਸ਼ ਕੀਤੇ ਜਾ ਸਕਦੇ ਹਨ। ਪ੍ਰਤੀਨਿਧ ਸਦਨ ਦੇ ਮੈਂਬਰ ਅਜਿਹੇ ਵਿਸ਼ਿਆਂ ਸੰਬੰਧੀ ਸਦਨ ਵਿਚ ਬਿਲ ਪੇਸ਼ ਕਰ ਸਕਦੇ ਹਨ ਜਿਹੜੇ ਵਿਸ਼ੇ ਸੰਵਿਧਾਨ ਦੁਆਰਾ ਸੰਘ ਸਰਕਾਰ ਨੂੰ ਸੌਂਪੇ ਗਏ ਹਨ। ਇਹ ਠੀਕ ਹੈ ਕਿ ਪ੍ਰਤੀਨਿਧ ਸਦਨ ਨਿਵੇਕਲੇ ਰੂਪ ਵਿਚ ਕਿਸੇ ਕਾਨੂੰਨ ਦਾ ਨਿਰਮਾਣ ਨਹੀਂ ਕਰ ਸਕਦਾ ਪਰੰਤੂ ਸੈਨੇਟ ਦੀ ਵੀ ਅਜਿਹੀ ਸ਼ਕਤੀ ਸੀਮਿਤ ਹੈ ਕਿਉਂਕਿ ਕਾਨੂੰਨ ਦਾ ਨਿਰਮਾਣ ਕਰਨ ਲਈ ਬਿੱਲ ਦਾ ਦੋਹਾਂ ਸਦਨਾਂ ਦੁਆਰਾ ਪਾਸ ਹੋਣਾ ਜ਼ਰੂਰੀ ਹੈ। ਕਾਂਗਰਸ ਦੇ ਦੋਵੇਂ ਸਦਨ ਜਦੋਂ ਕਿਸੇ ਬਿੱਲ ਨੂੰ ਪਾਸ ਕਰ ਦਿੰਦੇ ਹਨ ਤਾਂ ਬਿੱਲ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਪੇਸ਼ ਕੀਤਾ ਜਾਂਦਾ ਹੈ। ਜੇਕਰ ਰਾਸ਼ਟਰਪਤੀ ਬਿੱਲ ਨੂੰ ਇਤਰਾਜ਼ਾਂ ਸਹਿਤ ਵਾਪਿਸ ਕਰ ਦੇਵੇ ਤਾਂ ਬਿਲ ਨੂੰ ਪ੍ਰਤੀਨਿਧੀ ਸਦਨ ਅਤੇ ਸੈਨੇਟ ਦੋ ਤਿਹਾਈ ਬਹੁਮਤ ਦੁਆਰਾ ਫਿਰ ਪਾਸ ਕਰ ਸਕਦੇ ਹਨ। ਜੇਕਰ ਉਹ ਬਿਲ ਨੂੰ ਫਿਰ ਪਾਸ ਕਰ ਦੇਣ ਤਾਂ ਰਾਸ਼ਟਰਪਤੀ ਦੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਹੀ ਅਜਿਹਾ ਬਿੱਲ ਦੇਸ਼ ਦਾ ਕਾਨੂੰਨ ਬਣ ਜਾਂਦਾ ਹੈ।

2.**ਸੰਵਿਧਾਨਕ ਸ਼ਕਤੀਆਂ** (Constituent Powers): ਸੰਵਿਧਾਨ ਵਿਚ ਸੋਧ ਕਰਨ ਲਈ ਇਹ ਜ਼ਰੂਰੀ ਹੈ ਕਿ ਸੋਧ ਸੰਬੰਧੀ ਪ੍ਰਸਤਾਵ ਕਾਂਗਰਸ ਦੇ ਦੋਨੋਂ ਸਦਨਾਂ ਦੁਆਰਾ ਆਪਣੇ ਆਪਣੇ ਦੋ-ਤਿਹਾਈ ਬਹੁਮਤ ਨਾਲ ਪਾਸ ਕੀਤਾ ਜਾਵੇ। ਇਸ

ਦਾ ਭਾਵ ਇਹ ਹੋਇਆ ਕਿ ਪ੍ਰਤੀਨਿਧ ਸਦਨ ਸੰਵਿਧਾਨਿਕ ਸੋਧ ਨੂੰ ਅਜਿਹੇ ਦੋ-ਤਿਹਾਈ ਬਹੁਮਤ ਦੁਆਰਾ ਪਾਸ ਕਰਕੇ ਸੈਨੇਟ ਨੂੰ ਭੇਜ ਸਕਦਾ ਹੈ। ਪ੍ਰਤੀਨਿਧ ਸਦਨ ਦੇ ਸਹਿਯੋਗ ਤੋਂ ਬਿਨਾਂ ਸੈਨੇਟ ਇਕੱਲੇ ਤੌਰ ਤੇ ਸੰਵਿਧਾਨ ਵਿਚ ਤਰਮੀਮ ਨਹੀਂ ਕਰ ਸਕਦਾ।

3.**ਨਿਆਇਕ ਸ਼ਕਤੀਆਂ** (Judicial Powers): ਪ੍ਰਤੀਨਿਧੀ ਸਦਨ ਦੇਸ਼-ਧਰੋਹ, ਭ੍ਰਿਸ਼ਟਾਚਾਰ, ਦੁਰਾਚਾਰ ਜਾਂ ਦੂਜੇ ਗੰਭੀਰ ਅਪਰਾਧਾਂ ਕਾਰਨ ਰਾਸ਼ਟਰਪਤੀ, ਉਪ-ਰਾਸ਼ਟਰਪਤੀ ਅਤੇ ਸੰਯੁਕਤ ਰਾਜ ਦੇ ਦੂਜੇ ਅਸੈਨਿਕ ਅਧਿਕਾਰੀਆਂ ਦੇ ਵਿਰੁੱਧ ਮਹਾਂਦੋਸ਼ ਦਾ ਮੁਕੱਦਮਾ ਚਲਾ ਸਕਦਾ ਹੈ। ਸਰਵ-ਉੱਚ ਅਦਾਲਤ ਦੇ ਜੱਜ ਵੀ ਨਿਸ਼ਚਿਤ ਕਾਰਜ-ਕਾਲ ਤੋਂ ਪਹਿਲਾਂ ਮਹਾਂਦੋਸ਼ ਦੇ ਮੁਕੱਦਮੇ ਦੁਆਰਾ ਹਟਾਏ ਜਾ ਸਕਦੇ ਹਨ। ਅਜਿਹੇ ਮਹਾਂਦੋਸ਼ ਦੇ ਮੁਕੱਦਮੇ ਸੰਬੰਧੀ ਪਹਿਲ ਪ੍ਰਤੀਨਿਧ ਸਦਨ ਕਰ ਸਕਦਾ ਹੈ। ਪ੍ਰਤੀਨਿਧ ਸਦਨ ਆਪਣੇ ਮੈਂਬਰਾਂ ਦੀ ਚੋਣ-ਸੰਬੰਧੀ ਝਗੜਿਆਂ ਦਾ ਨਿਰਣਾ ਕਰਦਾ ਹੈ ਅਤੇ ਆਪਣੇ ਕਿਸੇ ਮੈਂਬਰ ਨੂੰ ਸਦਨ ਦਾ ਅਨੁਸ਼ਾਸਨ ਭੰਗ ਕਰਨ ਜਾਂ ਸਦਨ ਦਾ ਅਪਮਾਨ ਕਰਨ ਦੇ ਦੋਸ਼ ਕਾਰਨ ਸਦਨ ਦੀ ਮੈਂਬਰੀ ਤੋਂ ਹਟਾ ਵੀ ਸਕਦਾ ਹੈ। ਜੇਕਰ ਕੋਈ ਬਾਹਰਲਾ ਵਿਅਕਤੀ ਸਦਨ ਦੇ ਗੌਰਵ ਦਾ ਅਪਮਾਨ ਕਰਦਾ ਹੈ ਤਾਂ ਸਦਨ ਅਜਿਹੇ ਵਿਅਕਤੀ ਨੂੰ ਦੰਡ ਦੇ ਸਕਦਾ ਹੈ।

4.**ਕਾਰਜਪਾਲਿਕਾ ਉੱਤੇ ਨਿਰਯੰਤਰਣ** (Control over the Executive): ਕਾਰਜਪਾਲਿਕਾ ਉੱਤੇ ਨਿਯੰਤਰਣ ਵਧੇਰੇ ਕਰਕੇ ਪ੍ਰਤੀਨਿਧੀ ਸਦਨ ਨੂੰ ਨਹੀਂ ਸਗੋਂ ਸੈਨੇਟ ਨੂੰ ਪ੍ਰਾਪਤ ਹੈ। ਪ੍ਰਤੀਨਿਧੀ ਸਦਨ ਤਾਂ ਕੇਵਲ ਆਪਣੇ ਮੈਂਬਰਾਂ ਦੀਆਂ ਪੜਤਾਲੀਆਂ ਸੰਮਤੀਆਂ ਨਿਯੁਕਤ ਕਰਦਾ ਹੈ ਅਤੇ ਇਹ ਸੰਮਤੀਆਂ ਵੱਖ-ਵੱਖ ਕਾਰਜਕਾਰੀ ਵਿਭਾਗਾਂ ਦੇ ਕੰਮਾਂ ਦੀ ਜਾਂਚ-ਪੜਤਾਲ ਕਰਦੀਆਂ ਹਨ। ਪ੍ਰਤੀਨਿਧੀ ਸਦਨ ਨੂੰ ਪ੍ਰਤੱਖ ਰੂਪ ਵਿਚ ਕਾਰਜਪਾਲਿਕਾ ਉੱਤੇ ਕੋਈ ਵਿਸ਼ੇਸ਼ ਨਿਯੰਤਰਨ ਪ੍ਰਾਪਤ ਨਹੀਂ ਹੈ।

5.**ਚੋਣ ਸੰਬੰਧੀ ਕੰਮ** (Electoral Functions): ਜਦੋਂ ਰਾਸ਼ਟਰਪਤੀ ਦੀ ਪਦਵੀ ਲਈ ਕਿਸੇ ਵੀ ਉਮੀਦਵਾਰ ਨੂੰ ਚੋਣ-ਮੰਡਲ ਦੇ ਕੁਲ ਮੈਂਬਰਾਂ ਦਾ ਸਪੱਸ਼ਟ ਬਹੁਮਤ ਪ੍ਰਾਪਤ ਨਹੀਂ ਹੁੰਦਾ ਤਾਂ ਪ੍ਰਤੀਨਿਧੀ ਸਦਨ ਨਿਸ਼ਚਿਤ ਵਿਧੀ ਅਨੁਸਾਰ ਪਹਿਲੇ ਤਿੰਨ ਉਮੀਦਵਾਰਾਂ ਵਿਚੋਂ ਕਿਸੇ ਇਕ ਉਮੀਦਵਾਰ ਨੂੰ ਰਾਸ਼ਟਰਪਤੀ ਦੀ ਪਦਵੀ ਲਈ ਚੁਣਦਾ ਹੈ। ਇਸ ਤੋਂ ਇਲਾਵਾ ਜਦੋਂ ਉਪ-ਰਾਸ਼ਟਰਪਤੀ ਦੀ ਪਦਵੀ ਕਿਸੇ ਕਾਰਨ ਖਾਲੀ ਹੁੰਦੀ ਹੈ ਅਤੇ ਰਾਸ਼ਟਰਪਤੀ ਇਸ ਪਦਵੀ ਉੱਤੇ ਕਿਸੇ ਵਿਅਕਤੀ ਨੂੰ ਨਾਮਜ਼ਦ ਕਰਦਾ ਹੈ, ਤਾਂ ਅਜਿਹੀ ਨਾਮਜ਼ਦਗੀ ਦੀ ਪ੍ਰਵਾਨਗੀ ਦੇਣ ਵਿਚ ਪ੍ਰਤੀਨਿਧ ਸਦਨ ਸੈਨੇਟ ਦੇ ਨਾਲ ਸਮਾਨ ਅਧਿਕਾਰ ਰੱਖਦਾ ਹੈ। ਅਜਿਹੀ ਨਾਮਜ਼ਦਗੀ ਕਾਂਗਰਸ ਦੇ ਦੋਹਾਂ ਸਦਨਾਂ ਦੁਆਰਾ ਆਪਣੇ-ਆਪਣੇ ਦੋ-ਤਿਹਾਈ ਬਹੁਮਤ ਨਾਲ ਪ੍ਰਵਾਨ ਹੋਣੀ ਜ਼ਰੂਰੀ ਹੈ। ਇਸ ਤੋਂ ਇਲਾਵਾ ਪ੍ਰਤੀਨਿਧ ਸਦਨ ਦੇ ਮੈਂਬਰ ਆਪਣੇ ਵਿਚੋਂ ਕਿਸੇ ਇਕ ਮੈਂਬਰ ਨੂੰ ਸਪੀਕਰ ਦੀ ਪਦਵੀ ਲਈ ਚੁਣਦੇ ਹਨ।

6.**ਵਿੱਤੀ ਕੰਮ** (Financial Functions): ਧਨ ਬਿੱਲ ਕੇਵਲ ਪ੍ਰਤੀਨਿਧ ਸਦਨ ਵਿਚ ਹੀ ਪੇਸ਼ ਕੀਤੇ ਜਾ ਸਕਦੇ ਹਨ। ਇਸ ਪੱਖੋਂ ਪ੍ਰਤੀਨਿਧ ਸਦਨ ਸੈਨੇਟ ਦੇ ਮੁਕਾਬਲੇ ਵਧੇਰੇ ਸ਼ਕਤੀਸ਼ਾਲੀ ਹੈ। ਇਸ ਤੋਂ ਇਲਾਵਾ ਰਾਸ਼ਟਰਪਤੀ ਦੀ ਨਿਗਰਾਨੀ ਅਧੀਨ ਜਿਹੜਾ ਵਾਰਸ਼ਿਕ ਬਜਟ ਤਿਆਰ ਕੀਤਾ ਜਾਂਦਾ ਹੈ ਉਸ ਨੂੰ ਪਾਸ ਕਰਨ ਲਈ ਪ੍ਰਤੀਨਿਧ ਸਦਨ ਸੈਨੇਟ ਦੇ ਬਰਾਬਰ ਸ਼ਕਤੀ ਰੱਖਦਾ ਹੈ। ਦੂਜੇ ਸ਼ਬਦਾਂ ਵਿਚ ਬਜਟ ਦੋਹਾਂ ਸਦਨਾਂ ਦੁਆਰਾ ਪਾਸ ਹੋਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਸੈਨਿਕ ਕੰਮਾਂ ਲਈ ਰਾਸ਼ਟਰਪਤੀ ਦੁਆਰਾ ਪ੍ਰਸਤਾਵਿਤ ਕੀਤੇ ਸਾਰੇ ਖ਼ਰਚਿਆਂ ਦੀ ਪ੍ਰਵਾਨਗੀ ਕਾਂਗਰਸ ਦੇ ਦੋਨਾਂ ਸਦਨਾਂ ਦੁਆਰਾ ਹੀ ਦਿੱਤੀ ਜਾਂਦੀ ਹੈ। ਯੁੱਧ ਦੀ ਘੋਸ਼ਣਾ ਸੈਨੇਟ ਇਕੱਲੇ ਤੌਰ ਤੇ ਨਹੀਂ ਕਰ ਸਕਦਾ ਸਗੋਂ ਦੋਵੇਂ ਸਦਨ ਹੀ ਮਿਲ ਕੇ ਕਰਦੇ ਹਨ।

### 1.5.4 ਪ੍ਰਤੀਨਿਧ ਸਦਨ ਦੀ ਸਥਿਤੀ (Position of the House of Representatives)

ਪ੍ਰਤੀਨਿਧ ਸਦਨ ਦੀਆਂ ਉਪਰੋਕਤ ਸ਼ਕਤੀਆਂ ਤੋਂ ਇਹ ਸਪੱਸ਼ਟ ਪ੍ਰਤੀਤ ਹੁੰਦਾ ਹੈ ਕਿ ਅਮਰੀਕੀ ਸੰਵਿਧਾਨਿਕ ਪ੍ਰਣਾਲੀ ਵਿਚ ਪ੍ਰਤੀਨਿਧ ਸਦਨ ਦਾ ਮਹੱਤਵਪੂਰਨ ਸਥਾਨ ਹੈ। ਸੰਘ ਸਰਕਾਰ ਨੂੰ ਸੌਂਪੇ ਗਏ ਵਿਸ਼ਿਆਂ ਸਬੰਧੀ ਕਾਨੂੰਨ ਬਣਾਉਣ ਦੇ ਕੰਮ ਵਿਚ ਇਹ ਸਦਨ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸੰਵਿਧਾਨ ਵਿਚ ਸੋਧ ਕਰਨ ਸੰਬੰਧੀ ਵੀ ਇਸ ਸਦਨ ਨੂੰ ਪ੍ਰਭਾਵਸ਼ਾਲੀ ਸ਼ਕਤੀ ਪ੍ਰਾਪਤ ਹੈ। ਧਨ ਬਿੱਲ ਕੇਵਲ ਇਸ ਸਦਨ ਵਿਚ ਹੀ ਆਰੰਭ ਕੀਤੇ ਜਾ ਸਕਦੇ ਹਨ ਅਤੇ ਰਾਸ਼ਟਰਪਤੀ, ਉਪ-ਰਾਸ਼ਟਰਪਤੀ ਆਦਿ ਦੇ ਵਿਰੁੱਧ ਮਹਾਂਦੋਸ਼ ਦਾ ਮੁਕੱਦਮਾ ਚਲਾਉਣ ਦੀ ਪਹਿਲ ਵੀ ਪ੍ਰਤੀਨਿਧੀ ਸਦਨ ਹੀ ਕਰ ਸਕਦਾ ਹੈ। ਯੁੱਧ ਦੀ ਘੋਸ਼ਣਾ, ਸੈਨੇਟ ਇਕੱਲੇ ਤੌਰ ਤੇ ਨਹੀਂ ਕਰਦਾ, ਸਗੋਂ ਇਸ ਖੇਤਰ ਵਿਚ ਪ੍ਰਤੀਨਿਧ ਸਦਨ ਬਰਾਬਰ ਦਾ

ਹਿੱਸੇਦਾਰ ਹੈ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਵਿਧਾਨਿਕ ਅਤੇ ਸੰਵਿਧਾਨਿਕ ਖੇਤਰ ਵਿਚ ਪ੍ਰਤੀਨਿਧੀ ਸਦਨ ਦੀ ਸਥਿਤੀ ਕਾਫ਼ੀ ਸ਼ਕਤੀਸ਼ਾਲੀ ਹੈ। ਪਰ ਜਿੱਥੋਂ ਤੱਕ ਕਾਰਜਪਾਲਿਕਾ ਉੱਤੇ ਨਿਯੰਤਰਨ ਦਾ ਸੰਬੰਧ ਹੈ ਇਸ ਖੇਤਰ ਵਿੱਚ ਪ੍ਰਤੀਨਿਧ ਸਦਨ ਦੀ ਸਥਿਤੀ ਮਹੱਤਵਹੀਣ ਜਿਹੀ ਪ੍ਰਤੀਤ ਹੁੰਦੀ ਹੈ। ਰਾਸ਼ਟਰਪਤੀ ਉੱਚ-ਅਧਿਕਾਰੀ ਦੀਆਂ ਨਿਯੁਕਤੀਆਂ ਕਰਦਾ ਹੈ ਪਰੰਤੂ ਉਨ੍ਹਾਂ ਦੀ ਪ੍ਰਵਾਨਗੀ ਦੇਣ ਵਿਚ ਪ੍ਰਤੀਨਿਧ ਸਦਨ ਦਾ ਕੋਈ ਹੱਥ ਨਹੀਂ ਹੈ। ਇਸੇ ਤਰ੍ਹਾਂ ਵਿਦੇਸ਼ੀ ਮਾਮਲਿਆਂ ਸੰਬੰਧੀ ਵੀ ਪ੍ਰਤੀਨਿਧ ਸਦਨ ਇਕ ਨਿਗੁਣਾ ਜਿਹਾ ਸਦਨ ਹੈ ਕਿਉਂਕਿ ਰਾਸ਼ਟਰਪਤੀ ਜਿਹੜੀਆਂ ਸੰਧੀਆਂ ਦੂਜੇ ਦੇਸ਼ਾਂ ਨਾਲ ਕਰਦਾ ਹੈ ਉਸ ਦੀ ਪ੍ਰਵਾਨਗੀ ਪ੍ਰਤੀਨਿਧੀ ਸਦਨ ਕੋਲੋ ਨਹੀਂ ਸਗੋਂ ਸੈਨੇਟ ਕੋਲੋਂ ਪ੍ਰਾਪਤ ਕੀਤੀ ਜਾਂਦੀ ਹੈ।

## 1.5.5 ਸਿੱਟਾ (Conclusion)

ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਕੁਝ ਖੇਤਰਾਂ ਵਿਚ ਪ੍ਰਤੀਨਿਧ ਸਦਨ ਸੈਨੇਟ ਦੇ ਮੁਕਾਬਲੇ ਇਕ ਕਮਜ਼ੋਰ ਸਦਨ ਹੈ ਅਤੇ ਕੁਝ ਦੂਜੇ ਖੇਤਰਾਂ ਵਿਚ ਇਸ ਨੂੰ ਸੈਨੇਟ ਦੇ ਸਮਾਨ ਸ਼ਕਤੀਆਂ ਪ੍ਰਾਪਤ ਹਨ। ਕਾਰਜਪਾਲਿਕਾ ਉੱਤੇ ਨਿਯੰਤਰਣ ਸੰਬੰਧੀ ਇਸ ਦੀ ਸਥਿਤੀ ਅਵੱਸ਼ ਹੀ ਮਹੱਤਵਹੀਣ ਹੈ ਪਰ ਇਸ ਦੀਆਂ ਵਿਧਾਨਿਕ ਅਤੇ ਵਿੱਤੀ ਸ਼ਕਤੀਆਂ ਇਸ ਦੀ ਸਥਿਤੀ ਨੂੰ ਬਿਲਕੁਲ ਹੀ ਪ੍ਰਭਾਵਹੀਣ ਨਹੀਂ ਹੋਣ ਦਿੰਦੀਆਂ। ਇਹ ਠੀਕ ਹੈ ਕਿ ਅਮਰੀਕਾ ਦੇ ਪ੍ਰਤੀਨਿਧ ਸਦਨ ਨੂੰ ਇੰਗਲੈਂਡ ਦੇ ਕਾਮਨਜ਼ ਸਦਨ ਵਾਲੀ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਸਥਿਤੀ ਪ੍ਰਾਪਤ ਨਹੀਂ ਹੈ ਪਰੰਤੂ ਨਿਰਸੰਦੇਹ ਅਸੀਂ ਇਹ ਕਹਿ ਸਕਦੇ ਹਾਂ ਕਿ ਵਿਧਾਨਿਕ, ਵਿੱਤੀ, ਸੰਵਿਧਾਨਿਕ ਅਤੇ ਨਿਆਇਕ ਕੰਮਾਂ ਸੰਬੰਧੀ ਇਸ ਦੀ ਸਥਿਤੀ ਕਾਫ਼ੀ ਮਹੱਤਵਪੂਰਣ ਹੈ।

## 1.5.6.0 ਸੈਨੇਟ (Senate)

ਸੈਨੇਟ ਅਮਰੀਕੀ ਕਾਂਗਰਸ ਦਾ ਉਪਰਲਾ (Upper) ਜਾਂ ਦੂਜਾ (Second) ਸਦਨ ਹੈ। ਸੰਵਿਧਾਨ ਦੇ ਅਨੁਛੇਦ ਪਹਿਲੇ ਅਧੀਨ ਸੈਨੇਟ ਦਾ ਵਰਣਨ ਪ੍ਰਤੀਨਿਧ ਸਦਨ ਤੋਂ ਪਹਿਲਾਂ ਆਉਂਦਾ ਹੈ ਪਰ ਵਿਵਹਾਰ ਵਿਚ ਇਸ ਨੂੰ ਦੂਜਾ ਸਦਨ ਕਿਹਾ ਜਾਂਦਾ ਹੈ। ਸੰਘਾਤਮਕ ਪ੍ਰਣਾਲੀ ਵਿਚ ਪਹਿਲਾ ਸਦਨ ਉਹ ਹੀ ਹੋ ਸਕਦਾ ਹੈ ਜੋ ਦੇਸ਼ ਦੇ ਸਮੁੱਚੇ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੋਵੇ। ਸੈਨੇਟ ਸੰਯੁਕਤ ਰਾਜ ਅਮਰੀਕਾ ਦੇ ਲੋਕਾਂ ਦੀ ਪ੍ਰਤੀਨਿਧਤਾ ਨਹੀਂ ਕਰਦਾ, ਸਗੋਂ ਇਹ ਅਮਰੀਕੀ ਸੰਘ ਦੀਆਂ ਇਕਾਈਆਂ (Units) ਭਾਵ ਰਾਜਾਂ ਦੀ ਪ੍ਰਤੀਨਿਧਤਾ ਕਰਦਾ ਹੈ। ਲੋਕਤੰਤਰੀ ਸਿਧਾਂਤਾਂ ਅਨੁਸਾਰ ਪ੍ਰਤੀਨਿਧ ਸਦਨ ਨੂੰ ਪਹਿਲਾ ਅਤੇ ਸੈਨੇਟ ਨੂੰ ਦੂਜਾ ਸਦਨ ਕਹਿਣਾ ਹੀ ਉੱਚਿਤ ਹੈ। ਸੈਨੇਟ ਦੀ ਬਣਤਰ, ਸ਼ਕਤੀਆਂ ਆਦਿ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

**ਬਣਤਰ** (Composition): ਅਮਰੀਕੀ ਸੰਘ ਦਾ ਨਿਰਮਾਣ 13 ਸੁਤੰਤਰ ਰਾਜਾਂ ਨੇ ਕੀਤਾ ਸੀ। ਇਹਨਾਂ ਵਿਚ ਕੁਝ ਛੋਟੇ ਰਾਜਾਂ ਨੂੰ ਇਹ ਸ਼ੰਕਾ ਸੀ ਕਿ ਸੰਘ ਵਿਚ ਸ਼ਾਮਲ ਹੋ ਰਹੇ ਵੱਡੇ ਰਾਜ ਉਨ੍ਹਾਂ ਉੱਤੇ ਆਪਣੀ ਪ੍ਰਮੁੱਖਤਾ ਸਥਾਪਿਤ ਕਰ ਲੈਣਗੇ ਅਤੇ ਇਸ ਤਰ੍ਹਾਂ ਉਨ੍ਹਾਂ ਲਈ ਸੁਤੰਤਰਤਾ ਪੂਰਵਕ ਵਿਕਾਸ ਕਰਨਾ ਸੰਭਵ ਨਹੀਂ ਰਹੇਗਾ। ਇਸ ਲਈ ਇਹ ਜ਼ਰੂਰੀ ਸੀ ਕਿ ਛੋਟੇ ਰਾਜਾਂ ਦੇ ਅਜਿਹੇ ਸ਼ੰਕੇ ਨੂੰ ਦੂਰ ਕੀਤਾ ਜਾਂਦਾ। ਇਸ ਮੰਤਵ ਲਈ ਸੰਵਿਧਾਨ ਰਚਣਹਾਰਿਆਂ ਨੇ ਸੰਵਿਧਾਨ ਵਿਚ ਅਨੇਕਾਂ ਲੋੜੀਂਦੀਆਂ ਵਿਵਸਥਾਵਾਂ ਕੀਤੀਆਂ ਅਤੇ ਉਨ੍ਹਾਂ ਵਿਚੋਂ ਇਕ ਵਿਵਸਥਾ ਸਾਰੇ ਰਾਜਾਂ ਨੂੰ ਸੈਨੇਟ ਵਿਚ ਸਮਾਨ ਪ੍ਰਤੀਨਿਧਤਾ ਦੇਣ ਦੀ ਵੀ ਹੈ। ਸੈਨੇਟ ਵਿੱਚ ਅਮਰੀਕੀ ਸੰਘ ਦੇ ਰਾਜਾਂ ਨੂੰ ਸਮਾਨ ਪ੍ਰਤੀਨਿਧਤਾ ਦਿੱਤੀ ਗਈ ਹੈ। ਕਿਸੇ ਰਾਜ ਦੀ ਵਸੋਂ ਭਾਵੇਂ ਕਿੰਨੀ ਵੀ ਜ਼ਿਆਦਾ ਜਾਂ ਘੱਟ ਹੈ ਹਰੇਕ ਰਾਜ ਸੈਨੇਟ ਵਿਚ ਦੋ ਮੈਂਬਰ ਭੇਜਦਾ ਹੈ। ਸਾਰੇ ਰਾਜਾਂ ਨੂੰ ਸੈਨੇਟ ਵਿਚ ਸਮਾਨ ਪ੍ਰਤੀਨਿਧਤਾ ਦੇਣ ਦੀ ਵਿਧੀ ਦੋਸ਼-ਪੂਰਨ ਹੈ ਪਰੰਤੂ ਸੰਵਿਧਾਨ ਰਚਣਹਾਰਿਆਂ ਲਈ ਰਾਸ਼ਟਰੀ ਹਿੱਤਾਂ ਵਿਚ ਅਜਿਹਾ ਕਰਨਾ ਜ਼ਰੂਰੀ ਸੀ। ਇਥੇ ਹੀ ਬੱਸ ਨਹੀਂ ਸਗੋਂ ਸੰਵਿਧਾਨ ਦੇ ਪੰਜਵੇਂ ਅਨੁਛੇਦ ਵਿਚ ਇਹ ਸਪੱਸ਼ਟ ਵਿਵਸਥਾ ਕੀਤੀ ਗਈ ਹੈ ਕਿ "ਕਿਸੇ ਰਾਜ ਨੂੰ ਉਸ ਦੀ ਸਹਿਮਤੀ ਤੋਂ ਬਿਨਾਂ ਸੈਨੇਟ ਵਿਚ ਉਸ ਦੀ ਸਮਾਨ ਪ੍ਰਤੀਨਿਧਤਾ ਤੋਂ ਵਾਂਝਿਆਂ ਨਹੀਂ ਕੀਤਾ ਜਾ ਸਕਦਾ ਹੈ।"[1] ਵਰਤਮਾਨ ਸਮੇਂ ਅਮਰੀਕੀ ਸੰਘ ਵਿਚ ਪੰਜਾਹ ਰਾਜ ਹਨ ਤੇ ਇਸ ਤਰ੍ਹਾਂ ਸੈਨੇਟ ਦੇ ਕੁਲ ਮੈਂਬਰਾਂ ਦੀ ਗਿਣਤੀ 100 ਹੈ।

**ਮੈਂਬਰਾਂ ਦੀਆਂ ਯੋਗਤਾਵਾਂ** (Qualifications of Members): ਜੋ ਉਮੀਦਵਾਰ ਸੈਨੇਟ ਦੀ ਚੋਣ ਲੜਨਾ ਚਾਹੁੰਦਾ ਹੈ ਉਸ ਵਿਚ ਹੇਠ ਲਿਖੀਆਂ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ:

(i) ਉਸ ਦੀ ਉਮਰ 30 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ।

---

1. "No state, without its consent, shall be deprived of its equal suffrage in the Senate." - Article 5.

(ii) ਚੋਣ ਲੜਨ ਤੋਂ ਪਹਿਲਾਂ ਉਹ ਸੰਯੁਕਤ ਰਾਜ ਦਾ ਘੱਟ ਤੋਂ ਘੱਟ 9 ਸਾਲ ਲਈ ਨਾਗਰਿਕ ਰਿਹਾ ਹੋਵੇ।

(iii) ਉਹ ਉਸ ਰਾਜ ਦਾ ਵਾਸੀ ਹੋਣਾ ਚਾਹੀਦਾ ਹੈ ਜਿਸ ਰਾਜ ਵਿਚੋਂ ਉਹ ਚੋਣ ਲੜਨਾ ਚਾਹੁੰਦਾ ਹੈ।

(iv) ਉਹ ਕਿਸੇ ਸਰਕਾਰੀ ਤਨਖਾਹਦਾਰ ਅਹੁਦੇ ਤੇ ਨਹੀਂ ਲੱਗਾ ਹੋਣਾ ਚਾਹੀਦਾ।

ਸੰਵਿਧਾਨ ਦੁਆਰਾ ਸੈਨੇਟ ਨੂੰ ਇਹ ਸ਼ਕਤੀ ਦਿੱਤੀ ਗਈ ਹੈ ਕਿ ਸੈਨੇਟ ਆਪਣੇ ਮੈਂਬਰਾਂ ਦੀਆਂ ਚੋਣਾਂ, ਯੋਗਤਾਵਾਂ ਆਦਿ ਸੰਬੰਧੀ ਝਗੜਿਆਂ ਦਾ ਨਿਰਣਾ ਕਰ ਸਕਦਾ ਹੈ। ਸੈਨੇਟ ਆਪਣੇ ਕੁੱਲ ਮੈਂਬਰਾਂ ਦੇ ਬਹੁਮਤ ਦੁਆਰਾ ਕਿਸੇ ਚੁਣੇ ਹੋਏ ਮੈਂਬਰ ਨੂੰ ਸਦਨ ਵਿਚ ਸਥਾਨ ਪ੍ਰਾਪਤ ਕਰਨ ਤੋਂ ਵਰਜਿਤ ਕਰ ਸਕਦਾ ਹੈ। ਉਦਾਹਰਣ ਵਜੋਂ 1962 ਵਿਚ ਇਲੀਓਨਿਸ (Illionis) ਰਾਜ ਤੋਂ ਫਰੈਕ ਐਲ. ਸਮਿਥ (Frank L. Smith) ਨੂੰ ਤੇ ਪੈਨਸਾਈਲਵੇਨੀਆ (Pennsylvania) ਰਾਜ ਤੋਂ ਵਿਲੀਅਮ ਐਸ. ਵੇਅਰ (William S. Vare) ਨੂੰ ਸੈਨੇਟ ਦੇ ਕੁਲ ਮੈਂਬਰਾਂ ਦੇ ਬਹੁਮਤ ਦੁਆਰਾ ਸੈਨੇਟ ਵਿਚ ਸਥਾਨ ਗ੍ਰਹਿਣ ਕਰਨ ਤੋਂ ਇਸ ਆਧਾਰ ਤੋਂ ਵਰਜਿਤ ਕਰ ਦਿੱਤਾ ਸੀ ਕਿ ਉਨ੍ਹਾਂ ਨੇ ਆਪਣੀਆਂ ਚੋਣਾਂ ਤੇ ਬਹੁਤ ਜ਼ਿਆਦਾ ਧਨ ਖ਼ਰਚ ਕੀਤਾ ਸੀ।

ਸੈਨੇਟ ਆਪਣੇ ਕਿਸੇ ਮੈਂਬਰ ਨੂੰ ਅਨੈਤਿਕ ਗਤੀਵਿਧੀਆਂ ਕਾਰਨ ਸੈਨੇਟ ਦੀ ਮੈਂਬਰੀ ਤੋਂ ਵੰਚਿਤ ਵੀ ਕਰ ਸਕਦਾ ਹੈ। 3 ਦਸਬਰ,1995 ਨੂੰ ਸੈਨੇਟ ਦੀ ਨੈਤਿਕਤਾ ਸੰਮਤੀ (Senate Ethics Committee) ਨੇ ਬੋਬ ਪੈਕਵੁਡ (Bob Packwood) ਨਾਮ ਦੇ ਸੈਨੇਟਰ ਨੂੰ ਲਿੰਗਕ ਦੁਰਵਿਹਾਰ (Sexual Misbehaviour) ਕਾਰਨ ਸੈਨੇਟ ਵਿਚੋਂ ਕੱਢੇ ਜਾਣ ਦੀ ਸਿਫਾਰਸ਼ ਕੀਤੀ ਸੀ। ਇਸ ਤੋਂ ਪਹਿਲਾਂ ਕਿ ਸੈਨੇਟ ਨੈਤਿਕਤਾ ਸੰਮਤੀ ਦੀ ਸਿਫਾਰਸ਼ ਅਨੁਸਾਰ ਪੈਕਵੁਡ ਨੂੰ ਸੈਨੇਟ ਵਿਚੋਂ ਕੱਢਣ ਲਈ ਪ੍ਰਸਤਾਵ ਪਾਸ ਕਰਦਾ ਮਿ: ਪੈਕਵੁਡ ਨੇ 8 ਦਸਬਰ 1995 ਨੂੰ ਸੈਨੇਟ ਵਿਚੋਂ ਕੱਢਣ ਲਈ ਪ੍ਰਸਵਾਤ ਪਾਸ ਕਰਦਾ ਪਰ ਪੈਕਵੁਡ ਨੇ 8 ਦਸਬਰ 1995 ਨੂੰ ਸੈਨੇਟ ਦੀ ਮੈਂਬਰੀ ਤੋਂ ਤਿਆਗ ਪੱਤਰ ਦੇ ਦਿੱਤਾ ਸੀ। ਬੋਬ ਪੈਕਵੁਡ ਉਸ ਸਮੇਂ ਸੈਨੇਟ ਦੀ ਵਿਤੀ ਸੰਮਤੀ (Senate Finance Committee) ਦਾ ਅਧਿਅਕਸ਼ ਵੀ ਸੀ। ਇਸ ਤੋਂ ਪਹਿਲਾਂ 1982 ਵਿਚ ਵੀ ਹੈਰੀਸਨ ਵਿਲੀਅਮ (Harrison Williams) ਨਾਮ ਦੇ ਸੈਨੇਟਰ ਨੇ ਸੈਨੇਟ ਦੀ ਮੈਂਬਰੀ ਤੋਂ ਤਿਆਗ ਪੱਤਰ ਦੇ ਦਿੱਤਾ ਸੀ ਕਿਉਂਕਿ ਸਦਨ ਦੀ ਨੈਤਿਕਤਾ ਸੰਮਤੀ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਉਸਨੂੰ ਸੈਨੇਟ ਵਿਚੋਂ ਕੱਢਣ ਦੀ ਸਿਫਾਰਸ਼ ਕੀਤੀ ਸੀ।

**ਚੋਣ ਵਿਧੀ** (Method of Election): ਸੰਵਿਧਾਨ ਦੇ ਮੌਲਿਕ ਰੂਪ ਵਿਚ ਇਹ ਵਿਵਸਥਾ ਕੀਤੀ ਗਈ ਸੀ ਕਿ ਸੈਨੇਟ ਦੇ ਮੈਂਬਰ ਰਾਜਾਂ ਦੇ ਵਿਧਾਨ-ਮੰਡਲਾਂ ਦੁਆਰਾ ਚੁਣੇ ਜਾਣਗੇ। ਇਹ ਵਿਧੀ ਬੜੀ ਦੋਸ਼-ਪੂਰਨ ਸੀ ਕਿਉਂਕਿ ਕੁਝ ਪੂੰਜੀਪਤੀ ਭ੍ਰਿਸ਼ਟਾਚਾਰੀ ਸਾਧਨਾਂ ਦੁਆਰਾ ਰਾਜਾਂ ਦੇ ਵਿਧਾਨ-ਮੰਡਲਾਂ ਨੂੰ ਪ੍ਰਭਾਵਿਤ ਕਰਕੇ ਚੋਣ ਜਿੱਤਣ ਦਾ ਪ੍ਰਬੰਧ ਕਰ ਲੈਂਦੇ ਸਨ। ਇਸ ਤਰ੍ਹਾਂ ਸੈਨੇਟ ਅਮੀਰਜ਼ਾਦਿਆਂ ਦਾ ਸਦਨ ਹੀ ਬਣ ਕੇ ਰਹਿ ਗਿਆ ਸੀ। 1913 ਵਿਚ ਸੰਵਿਧਾਨ ਵਿਚ 17ਵੀਂ ਸੋਧ ਕੀਤੀ ਗਈ ਸੀ। ਇਸ ਸੋਧ ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ ਸੈਨੇਟ ਦੇ ਮੈਂਬਰ ਪ੍ਰਤੱਖ ਰੂਪ ਵਿਚ ਲੋਕਾਂ ਦੁਆਰਾ ਚੁਣੇ ਜਾਣਗੇ। ਸੈਨੇਟ ਦੇ ਮੈਂਬਰਾਂ ਦੀ ਚੋਣ ਕਰਨ ਲਈ ਉਨ੍ਹਾਂ ਵਿਅਕਤੀਆਂ ਨੂੰ ਵੋਟ ਦੇਣ ਦਾ ਅਧਿਕਾਰ ਹੋਵੇਗਾ ਜਿਹਨਾਂ ਵਿਅਕਤੀਆਂ ਨੂੰ ਰਾਜ ਵਿਧਾਨ-ਮੰਡਲਾਂ ਦੇ ਮੈਂਬਰਾਂ ਦੀ ਚੋਣ ਕਰਨ ਲਈ ਵੋਟ ਅਧਿਕਾਰ ਪ੍ਰਾਪਤ ਹੈ।

**ਕਾਰਜਕਾਲ** (Tenure): ਸੈਨੇਟ ਦੇ ਮੈਂਬਰ 6 ਸਾਲਾਂ ਦੇ ਸਮੇਂ ਲਈ ਚੁਣੇ ਜਾਂਦੇ ਹਨ। ਪ੍ਰਤੀਨਿਧੀ ਸਦਨ ਦੇ ਮੈਂਬਰਾਂ ਦੇ ਦੋ ਸਾਲ ਦੇ ਕਾਰਜਕਾਲ ਦੇ ਮੁਕਾਬਲੇ ਸੈਨੇਟ ਦੇ ਮੈਂਬਰਾਂ ਦਾ ਕਾਰਜਕਾਲ ਕਾਫੀ ਲੰਬਾ ਹੈ ਜੋ ਉਨ੍ਹਾਂ ਦੀ ਸਥਿਤੀ ਨੂੰ ਪ੍ਰਭਾਵਸ਼ਾਲ ਬਣਾਉਂਦਾ ਹੈ। ਸੈਨੇਟ ਸਮੁੱਚੇ ਰੂਪ ਵਿਚ ਕਦੇ ਭੰਗ ਨਹੀਂ ਹੁੰਦਾ ਸਗੋਂ ਇਹ ਇਕ ਸਥਾਈ ਸਦਨ ਹੈ। ਇਸ ਦੇ ਇਕ ਤਿਹਾਈ (1/3) ਮੈਂਬਰ ਹਰ ਦੋ ਸਾਲ ਮਗਰੋਂ ਰਿਟਾਇਰ ਹੋ ਜਾਂਦੇ ਹਨ ਅਤੇ ਉਨ੍ਹਾਂ ਦੀ ਥਾਂ ਤੇ ਨਵੇਂ ਮੈਂਬਰਾਂ ਦੀ ਚੋਣ ਕਰ ਲਈ ਜਾਂਦੀ ਹੈ।

**ਸਮਾਗਮ** (Session): ਕਾਂਗਰਸ ਦੇ ਦੋਵੇਂ ਸਦਨਾਂ ਦਾ ਸਮਾਗਮ ਇਕੋ ਹੀ ਮਿਤੀ ਤੋਂ ਆਰੰਭ ਹੁੰਦਾ ਹੈ ਅਤੇ ਇਕ ਹੀ ਮਿਤੀ ਤੇ ਸਥਗਿਤ ਹੁੰਦਾ ਹੈ। 1933 ਤੋਂ ਪਹਿਲਾਂ ਇਹ ਸਮਾਗਮ ਹਰੇਕ ਸਾਲ 4 ਮਾਰਚ ਨੂੰ ਆਰੰਭ ਹੁੰਦਾ ਸੀ। ਪਰ 1993 ਵਿਚ

---

"The Vice-President of the United States shall be the President of the Senate." - Article 1 Section 3.

"The Senate shall choose their other officers and also a President pro-tempore, in the absence of the Vice-President, or when he shall exercise the office of President of the United States." - Article 1. Section 3 (5)

20ਵੀਂ ਸੋਧ ਦੁਆਰਾ ਇਹ ਵਿਵਸਥਾ ਕਰ ਦਿੱਤੀ ਗਈ ਹੈ ਕਿ ਕਾਂਗਰਸ ਦੇ ਦੋਨੋਂ ਸਦਨਾਂ ਦਾ ਸਮਾਗਮ 3 ਜਨਵਰੀ ਨੂੰ ਆਰੰਭ ਹੋਇਆ ਕਰੇਗਾ। ਦੋਨੋਂ ਸਦਨਾਂ ਦਾ ਸਮਾਗਮ ਇਕ ਹੀ ਮਿਤੀ ਉੱਤੇ ਸਥਗਿਤ ਹੁੰਦਾ ਹੈ ਅਤੇ ਇਸ ਮਿਤੀ ਸੰਬੰਧੀ ਦੋਵੇਂ ਸਦਨ ਮਿਲ ਕੇ ਨਿਰਣਾ ਕਰ ਲੈਂਦੇ ਹਨ ਪਰ ਜੇਕਰ ਦੋਹਾਂ ਸਦਨਾਂ ਵਿਚ ਕੋਈ ਮਤਭੇਦ ਪੈਦਾ ਹੋ ਜਾਵੇ ਤਾਂ ਰਾਸ਼ਟਰਪਤੀ ਸਮਾਗਮ ਦੇ ਸਥਗਨ ਦੀ ਮਿਤੀ ਸੰਬੰਧੀ ਨਿਰਣਾ ਕਰਦਾ ਹੈ।

**ਕੋਰਮ** (Quorum): ਸੈਨੇਟ ਦੀ ਕਾਰਵਾਈ ਚਲਾਉਣ ਲਈ ਕੁਲ ਮੈਂਬਰਾਂ ਦਾ ਬਹੁਮਤ ਹਾਜ਼ਿਰ ਹੋਣਾ ਜ਼ਰੂਰੀ ਹੈ। ਇਸ ਦਾ ਭਾਵ ਇਹ ਹੋਇਆ ਕਿ ਸੈਨੇਟ ਦੀ ਬੈਠਕ ਨੂੰ ਕਾਨੂੰਨੀ ਰੂਪ ਵਿਚ ਉੱਚਿਤ ਹੋਣ ਲਈ ਇਸ ਵਿਚ 51 ਮੈਂਬਰਾਂ ਦੀ ਹਾਜ਼ਰੀ ਜ਼ਰੂਰੀ ਹੈ। ਜੇਕਰ ਇਹ ਨਿਸ਼ਚਿਤ ਕਰਮ ਕਿਸੇ ਬੈਠਕ ਵਿਚ ਪੂਰਾ ਨਾ ਹੋਵੇ ਤਾਂ ਸਦਨ ਦੀ ਬੈਠਕ ਕੁਝ ਸਮੇਂ ਲਈ ਸਥਗਿਤ ਕਰ ਦਿੱਤੀ ਜਾਂਦੀ ਹੈ।

**ਸੈਨੇਟ ਦਾ ਪ੍ਰਧਾਨ** (President of Senate): ਸੰਵਿਧਾਨ ਦੇ ਅਨੁਛੇਦ ਪਹਿਲੇ ਸੈਕਸ਼ਨ 3 ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ "ਸੰਯੁਕਤ ਰਾਜ ਦਾ ਉਪ-ਰਾਸ਼ਟਰਪਤੀ ਸੈਨੇਟ ਦਾ ਪ੍ਰਧਾਨ ਹੋਵੇਗਾ।" ਉਪ-ਰਾਸ਼ਟਰਪਤੀ ਸਦਨ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ ਪਰ ਇਸ ਦੇ ਨਾਲ ਸੰਵਿਧਾਨ ਵਿਚ ਇਹ ਵਿਵਸਥਾ ਵੀ ਕੀਤੀ ਗਈ ਹੈ ਕਿ "ਸੈਨੇਟ ਆਪਣੇ ਕੁਝ ਅਧਿਕਾਰੀ ਅਤੇ ਇਕ ਅੰਤ੍ਰਿਮ ਪ੍ਰਧਾਨ ਵੀ ਚੁਣੇਗਾ ਜੋ ਉਪ-ਰਾਸ਼ਟਰਪਤੀ ਦੇ ਗੈਰ-ਹਾਜ਼ਰੀ ਵਿਚ ਜਾਂ ਜਦੋਂ ਉਪ-ਰਾਸ਼ਟਰਪਤੀ ਦੇਸ਼ ਦੇ ਰਾਸ਼ਟਰਪਤੀ ਦੀ ਪਦਵੀ ਸੰਭਾਲ ਲੈਂਦਾ ਹੈ ਸਦਨ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰੇਗਾ।" ਇੱਥੇ ਇਹ ਵਰਣਨਯੋਗ ਹੈ ਕਿ ਉਪ-ਰਾਸ਼ਟਰਪਤੀ ਨੂੰ ਸੈਨੇਟ ਵਿਚ ਵੋਟ ਦੇਣ ਦਾ ਅਧਿਕਾਰ ਪ੍ਰਾਪਤ ਨਹੀਂ ਹੁੰਦਾ ਪਰੰਤੂ ਜੇਕਰ ਕਿਸੇ ਮਾਮਲੇ ਸੰਬੰਧੀ ਸੈਨੇਟ ਦੇ ਮੈਂਬਰਾਂ ਦੀ ਵੰਡ ਦੋ ਧਿਰਾਂ ਵਿੱਚ ਇਕੋ ਜਿਹੀ ਗਿਣਤੀ ਵਿਚ ਹੋਵੇ ਤਾਂ ਉਹ ਆਪਣੇ ਨਿਰਣਾਇਕ ਮਤ (Casting Vote) ਦੀ ਵਰਤੋਂ ਕਰ ਸਕਦਾ ਹੈ। ਇਸ ਦੇ ਉਲਟ ਸੈਨੇਟ ਦੇ ਅੰਤ੍ਰਿਮ ਪ੍ਰਧਾਨ (President Protempore) ਨੂੰ ਦੂਜੇ ਮੈਂਬਰਾਂ ਵਾਂਗ ਵੋਟ ਦੇਣ ਦਾ ਅਧਿਕਾਰ ਹੁੰਦਾ ਹੈ ਅਤੇ ਉਹ ਨਿਰਣਾਇਕ ਮਤ ਦੀ ਵਰਤੋਂ ਨਹੀਂ ਕਰ ਸਕਦਾ।

**ਸੈਨੇਟ ਦੇ ਮੈਂਬਰਾਂ ਦੇ ਵਿਸ਼ੇਸ਼ ਅਧਿਕਾਰ** (Privileges of the members of the Senate): ਪ੍ਰਤੀਨਿਧੀ ਸਦਨ ਦੇ ਮੈਂਬਰਾਂ ਵਾਂਗ ਸੈਨੇਟ ਦੇ ਮੈਂਬਰਾਂ ਨੂੰ ਵੀ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ। ਸਮਾਗਮ ਦੇ ਦਿਨਾਂ ਵਿਚ ਉਨ੍ਹਾਂ ਨੂੰ ਕਿਸੇ ਦੀਵਾਨੀ ਮੁਕੱਦਮੇ ਸੰਬੰਧੀ ਕੈਦੀ ਨਹੀਂ ਬਣਾਇਆ ਜਾ ਸਕਦਾ। ਉਨ੍ਹਾਂ ਨੂੰ ਅਦਾਲਤ ਵਿਚ ਗਵਾਹੀ ਦੇਣ ਲਈ ਜਾਂ ਜਿਊਰੀ ਦੇ ਮੈਂਬਰ ਦੇ ਰੂਪ ਵਿਚ ਕੰਮ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਸੈਨੇਟ ਦੇ ਮੈਂਬਰ ਸਦਨ ਵਿਚ ਜੋ ਭਾਸ਼ਣ ਦਿੰਦੇ ਹਨ ਉਸ ਦੇ ਆਧਾਰ ਤੇ ਉਨ੍ਹਾਂ ਵਿਰੁੱਧ ਸਦਨ ਤੋਂ ਬਾਹਰ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ। ਸੈਨੇਟ ਦੇ ਮੈਂਬਰਾਂ ਨੂੰ ਸਦਨ ਵਿਚ ਭਾਸ਼ਣ ਦੇਣ ਦੀ ਪੂਰੀ ਸੁਤੰਤਰਤਾ ਹੈ ਅਤੇ ਇਸ ਸੁਤੰਤਰਤਾ ਦਾ ਖੇਤਰ ਪ੍ਰਤੀਨਿਧੀ ਸਦਨ ਦੇ ਮੈਂਬਰਾਂ ਦੀ ਭਾਸ਼ਣ ਦੇਣ ਦੀ ਸੁਤੰਤਰਤਾ ਦੇ ਖੇਤਰ ਨਾਲੋਂ ਬਹੁਤ ਵਿਸ਼ਾਲ ਹੈ। ਪ੍ਰਤੀਨਿਧੀ ਸਦਨ ਵਿਚ ਮੈਂਬਰ ਨੂੰ ਨਿਸ਼ਚਿਤ ਸਮੇਂ ਦੇ ਅੰਦਰ ਆਪਣਾ ਭਾਸ਼ਣ ਸਮਾਪਤ ਕਰਦਾ ਪੈਂਦਾ ਹੈ ਪਰੰਤੂ ਸੈਨੇਟ ਦੇ ਮੈਂਬਰ ਦੀ ਸੁਤੰਤਰਤਾ ਤੇ ਕੋਈ ਅਜਿਹੀ ਵਿਸ਼ੇਸ਼ ਪਾਬੰਦੀ ਨਹੀਂ ਹੈ। ਇਕ ਠੀਕ ਹੈ ਕਿ ਸੈਨੇਟ ਦਾ ਹਾਜ਼ਰ ਮੈਂਬਰਾਂ ਦਾ ਦੋ ਤਿਹਾਈ (2/3) ਬਹੁਮਤ ਕਿਸੇ ਮੈਂਬਰ ਦੇ ਭਾਸ਼ਣ ਨੂੰ ਸਮਾਪਤ ਕਰ ਸਕਦਾ ਹੈ, ਪਰੰਤੂ ਵਿਵਹਾਰ ਵਿਚ ਇਸ ਵਿਧੀ ਨੂੰ ਬਹੁਤ ਹੀ ਘੱਟ ਅਪਨਾਇਆ ਜਾਂਦਾ ਹੈ। ਸੈਨੇਟ ਦੇ ਮੈਂਬਰ ਜਿਤਨੇ ਸਮੇਂ ਲਈ ਚਾਹੁਣ ਸਦਨ ਵਿਚ ਭਾਸ਼ਨ ਦੇ ਸਕਦੇ ਹਨ। ਸੈਨੇਟ ਦੇ ਮੈਂਬਰਾਂ ਨੂੰ 75000 ਡਾਲਰ ਵਾਰਸ਼ਿਕ ਤਨਖਾਹ ਦੇ ਰੂਪ ਵਿਚ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਨਿੱਜੀ ਦਫ਼ਤਰ ਬਣਾਉਣ ਲਈ ਵੀ ਸੈਨੇਟ ਦੇ ਮੈਂਬਰਾਂ ਨੂੰ ਕਾਫ਼ੀ ਧਨ ਦਿੱਤਾ ਜਾਂਦਾ ਹੈ।

### 1.5.6.2 ਸੈਨੇਟ ਦੀਆਂ ਸ਼ਕਤੀਆਂ (Powers of the Senate)

ਸੈਨੇਟ ਦੀਆਂ ਸ਼ਕਤੀਆਂ ਨੂੰ ਅਸੀਂ ਮੁੱਖ ਰੂਪ ਵਿਚ ਹੇਠ ਲਿਖੇ ਸਿਰਲੇਖਾਂ ਅਧੀਨ ਵਰਣਨ ਕਰ ਸਕਦੇ ਹਾਂ:

1.**ਵਿਧਾਨਿਕ ਸ਼ਕਤੀਆਂ** (Legislative Powers): ਵਿਵਹਾਰ ਵਿਚ ਸੈਨੇਟ ਨੂੰ ਭਾਵੇਂ ਕਾਂਗਰਸ ਦਾ ਉਪਰਲਾ ਸਦਨ ਮੰਨਿਆ ਜਾਂਦਾ ਹੈ ਪਰੰਤੂ ਸ਼ਕਤੀਆਂ ਦੇ ਖੇਤਰ ਵਿਚ ਇਸ ਦੀ ਸਥਿਤੀ ਪ੍ਰਤੀਨਿਧ ਸਦਨ ਦੀ ਸਥਿਤੀ ਨਾਲੋਂ ਮਹੱਤਵਹੀਣ ਨਹੀਂ ਹੈ। ਵਿਧਾਨਿਕ ਖੇਤਰ ਵਿਚ ਸੈਨੇਟ ਦੀਆਂ ਸ਼ਕਤੀਆਂ ਪ੍ਰਤੀਨਿਧ ਸਦਨ ਦੀਆਂ ਸ਼ਕਤੀਆਂ ਦੇ ਸਮਾਨ ਹਨ। ਸਾਧਾਰਨ ਬਿੱਲ ਸੈਨੇਟ ਵਿਚ ਵੀ ਪੇਸ਼ ਕੀਤਾ ਜਾ ਸਕਦਾ ਹੈ ਅਤੇ ਕੋਈ ਬਿੱਲ ਸੈਨੇਟ ਦੁਆਰਾ ਪ੍ਰਵਾਨ ਹੋਣ ਤੋਂ ਬਿਨਾਂ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਪੇਸ਼ ਨਹੀਂ ਕੀਤਾ ਜਾ ਸਕਦਾ। ਜੇਕਰ ਕਿਸੇ ਬਿੱਲ ਸੰਬੰਧੀ ਪ੍ਰਤੀਨਿਧ ਸਦਨ ਅਤੇ ਸੈਨੇਟ ਵਿਚ ਮਤਭੇਦ ਉਤਪੰਨ ਹੋ ਜਾਵੇ ਤਾਂ ਦੋਹਾਂ ਸਦਨਾਂ ਦੀ ਇਕ ਸਾਂਝੀ ਸੰਮਤੀ ਬਣਾਈ ਜਾਂਦੀ ਹੈ ਜਿਸ ਨੂੰ ਸੰਮੇਲਨ ਸੰਮਤੀ (Conference

Committee) ਕਿਹਾ ਜਾਂਦਾ ਹੈ। ਇਸ ਸੰਮਤੀ ਦੇ ਮੈਂਬਰ ਭਾਵੇਂ ਦੋਹਾਂ ਸਦਨਾਂ ਵਿਚੋਂ ਇਕੋ ਜਿਹੀ ਸੰਖਿਆ ਵਿਚ ਲਏ ਜਾਂਦੇ ਹਨ ਪਰੰਤੂ ਅਮਰੀਕੀ ਕਾਂਗਰਸ ਦਾ ਇਤਿਹਾਸ ਇਹ ਦੱਸਦਾ ਹੈ ਕਿ ਆਮ ਤੌਰ ਤੇ ਅਜਿਹੀ ਸੰਮਤੀ ਵਿਚ ਸੈਨੇਟ ਦੇ ਵਿਚਾਰ ਜਾਂ ਮਤ ਨੂੰ ਪ੍ਰਵਾਨ ਕਰ ਲਿਆ ਜਾਂਦਾ ਹੈ। ਜੇਕਰ ਇਹ ਸੰਮਤੀ ਕਿਸੇ ਬਿੱਲ ਸੰਬੰਧੀ ਦੋਹਾਂ ਸਦਨਾਂ ਦੇ ਮਤਭੇਦ ਸਮਾਪਤ ਨਾ ਕਰਾ ਸਕੇ ਤਾਂ ਉਸ ਬਿੱਲ ਦਾ ਅੰਤ ਹੋ ਜਾਂਦਾ ਹੈ। ਇਸ ਤੋਂ ਇਲਾਵਾ ਰਾਸ਼ਟਰਪਤੀ ਦੁਆਰਾ ਇਤਰਾਜ਼ਾਂ ਸਹਿਤ ਵਾਪਸ ਭੇਜੇ ਬਿੱਲ ਤਾਂ ਹੀ ਕਾਨੂੰਨ ਬਣ ਸਕਦੇ ਹਨ ਜੇਕਰ ਪ੍ਰਤੀਨਿਧ ਸਦਨ ਤੋਂ ਇਲਾਵਾ ਸੈਨੇਟ ਵੀ ਆਪਣੇ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਦੁਆਰਾ ਉਸ ਬਿੱਲ ਨੂੰ ਦੁਬਾਰਾ ਪਾਸ ਕਰ ਦੇਵੇ।

2.**ਸੰਵਿਧਾਨਿਕ ਸ਼ਕਤੀਆਂ** (Constituent Powers): ਸੰਵਿਧਾਨ ਵਿਚ ਸੋਧ ਕਰਨ ਲਈ ਇਹ ਜ਼ਰੂਰੀ ਹੈ ਕਿ ਸੋਸੰਬੰਧੀ ਪ੍ਰਸਤਾਵ ਕਾਂਗਰਸ ਦੇ ਦੋਨੋਂ ਸਦਨਾਂ ਦੁਆਰਾ ਆਪਣੇ ਆਪਣੇ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਨਾਲ ਪਾਸ ਕੀਤਾ ਜਾਵੇ। ਸੰਵਿਧਾਨਿਕ ਸੋਧ ਬਿੱਲ ਨੂੰ ਸੈਨੇਟ ਵਿਚ ਵੀ ਆਰੰਭ ਕੀਤਾ ਜਾ ਸਕਦਾ ਹੈ। ਜੇਕਰ ਸੰਵਿਧਾਨਿਕ ਸੋਧ ਬਿੱਲ ਪ੍ਰਤੀਨਿਧ ਸਦਨ ਖ਼ਵਿਚ ਵੀ ਆਰੰਭ ਕੀਤਾ ਜਾਵੇ ਤਾਂ ਉਸ ਬਿੱਲ ਨੂੰ ਵੀ ਸੈਨੇਟ ਦੇ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਦੁਆਰਾ ਪਾਸ ਕੀਤਾ ਜਾਣਾ ਜ਼ਰੂਰੀ ਹੈ। ਸੰਵਿਧਾਨ ਵਿਚ ਸੋਧ ਕਰਨ ਲਈ ਸ਼ਕਤੀ ਕਾਂਗਰਸ ਦੇ ਦੋਨੋਂ ਸਦਨਾਂ ਨੂੰ ਸਮਾਨ ਰੂਪ ਵਿਚ ਪ੍ਰਾਪਤ ਹੈ ਅਤੇ ਕੋਈ ਵੀ ਸਦਨ ਨਿਵੇਕਲੇ ਰੂਪ ਵਿਚ ਸੰਵਿਧਾਨ ਵਿਚ ਸੋਧ ਨਹੀਂ ਕਰ ਸਕਦਾ।

3.**ਨਿਆਇਕ ਸ਼ਕਤੀਆਂ** (Judicial Powers): ਸੰਵਿਧਾਨ ਅਨੁਸਾਰ ਰਾਸ਼ਟਰਪਤੀ, ਉਪ-ਰਾਸ਼ਟਰਪਤੀ ਅਤੇ ਦੂਜੇ ਅਸੈਨਿਕ ਅਧਿਕਾਰੀਆਂ ਨੂੰ ਦੇਸ਼ ਧਰੋਹ, ਭ੍ਰਿਸ਼ਟਾਚਾਰ, ਦੁਰਾਚਾਰ ਜਾਂ ਦੂਜੇ ਗੰਭੀਰ ਅਪਰਾਧਾਂ ਕਾਰਨ ਮਹਾਂਦੋਸ਼ ਦੇ ਮੁਕੱਦਮੇ ਦੁਆਰਾ ਪਦਵੀਂ ਤੋਂ ਹਟਾਇਆ ਜਾ ਸਕਦਾ ਹੈ। ਸੰਵਿਧਾਨ ਵਿਚ ਇਹ ਸਪੱਸ਼ਟ ਵਿਵਸਥਾ ਕੀਤੀ ਗਈ ਹੈ ਕਿ ਮਹਾਂਦੋਸ਼ ਮੁਕੱਦਮੇ ਦੀ ਸੁਣਵਾਈ ਕਰਨ ਦੀ ਸ਼ਕਤੀ ਕੇਵਲ ਸੈਨੇਟ ਕੋਲ ਹੈ। ਮਹਾਂਦੋਸ਼ ਦਾ ਮੁਕੱਦਮਾ ਚਲਾਉਣ ਲਈ ਦੋਸ਼ ਪ੍ਰਤੀਨਿਧ ਸਦਨ ਦੁਆਰਾ ਲਗਾਏ ਜਾਂਦੇ ਹਨ ਅਤੇ ਉਨ੍ਹਾਂ ਸੰਬੰਧੀ ਅੰਤਿਮ ਫੈਸਲਾ ਸੈਨੇਟ ਦੁਆਰਾ ਕੀਤਾ ਜਾਂਦਾ ਹੈ।ਰਾਸ਼ਟਰਪਤੀ ਨੂੰ ਪਦਵੀ ਤੋਂ ਹਟਾਉਣ ਲਈ ਇਹ ਜ਼ਰੂਰੀ ਹੈ ਕਿ ਸੈਨੇਟ ਆਪਣੇ ਹਾਜ਼ਰ ਮੈਂਬਰਾਂ ਦੇ ਦੋ ਤਿਹਾਈ ਬਹੁਮਤ ਦੁਆਰਾ ਪ੍ਰਤੀਨਿਧ ਸਦਨ ਦੁਆਰਾ ਲਗਾਏ ਦੋਸ਼ਾਂ ਨੂੰ ਪ੍ਰਵਾਨ ਕਰੇ। ਸਰਵ-ਉੱਚ ਅਦਾਲਤ ਦੇ ਜੱਜਾਂ ਨੂੰ ਵੀ ਮਹਾਂਦੋਸ਼ ਦੇ ਮੁਕੱਦਮੇ ਦੁਆਰਾ ਹੀ ਨਿਸ਼ਚਿਤ ਕਾਰਜ ਕਾਲ ਤੋਂ ਪਹਿਲਾਂ ਉਨ੍ਹਾਂ ਦੀ ਪਦਵੀ ਤੋਂ ਹਟਾਇਆ ਜਾ ਸਕਦਾ ਹੈ। ਜੇਕਰ ਸੈਨੇਟ ਕਿਸੇ ਵੀ ਅਧਿਕਾਰੀ ਦੇ ਵਿਰੁੱਧ ਨਿਸ਼ਚਿਤ ਵਿਧੀ ਅਨੁਸਾਰ ਦੋਸ਼ਾਂ ਨੂੰ ਸਵੀਕਾਰ ਕਰ ਲਵੇ ਤਾਂ ਉਸ ਅਧਿਕਾਰੀ ਨੂੰ ਸੈਨੇਟ ਕਿਸੇ ਪ੍ਰਕਾਰ ਦਾ ਕੋਈ ਦੰਡ ਨਹੀਂ ਦੇ ਸਕਦਾ ਸਗੋਂ ਉਸ ਅਧਿਕਾਰੀ ਨੂੰ ਕੇਵਲ ਪਦਵੀ ਤੋਂ ਹਟਾ ਦਿੱਤਾ ਜਾਂਦਾ ਹੈ। ਉਸ ਅਧਿਕਾਰੀ ਵਿਰੁੱਧ ਦੇਸ਼ ਦੇ ਕਾਨੂੰਨ ਅਧੀਨ ਲੋੜੀਂਦੀ ਕਾਰਵਾਈ ਕੀਤੀ ਜਾ ਸਕਦੀ ਹੈ।

4.**ਕਾਰਜਪਾਲਿਕਾ ਉੱਤੇ ਨਿਯੰਤਰਣ** (Control over the Executive): ਬਰਤਾਨਵੀ ਸੰਵਿਧਾਨਿਕ ਪ੍ਰਣਾਲੀ ਦੇ ਉਲਟ ਅਮਰੀਕਾ ਵਿਚ ਕਾਰਜਪਾਲਿਕਾ ਉੱਤੇ ਨਿਯੰਤਰਤਣ ਸੰਬੰਧੀ ਹੇਠਲੇ ਸਦਨ ਦੇ ਮੁਕਾਬਲੇ ਉਪਰਲੇ ਸਦਨ ਨੂੰ ਵਧੇਰੇ ਸ਼ਕਤੀਆਂ ਦਿੱਤੀਆਂ ਗਈਆਂ ਹਨ। ਰਾਸ਼ਟਰਪਤੀ ਸੰਯੁਕਤ ਰਾਜ ਅਮਰੀਕਾ ਦੀ ਮੁੱਖ ਕਾਰਜਪਾਲਿਕਾ ਹੈ। ਸੰਘ ਸਰਕਾਰ ਦੇ ਅਧਿਕਾਰੀਆਂ ਦੀਆਂ ਨਿਯੁਕਤੀਆਂ ਰਾਸ਼ਟਰਪਤੀ ਦੁਆਰਾ ਕੀਤੀਆਂ ਜਾਂਦੀਆਂ ਹਨ ਪਰ ਰਾਸ਼ਟਰਪਤੀ ਦੁਆਰਾ ਕੀਤੀਆਂ ਅਜਿਹੀਆਂ ਨਿਯੁਕਤੀਆਂ ਸੈਨੇਟ ਦੀ ਪ੍ਰਵਾਨਗੀ ਤੋਂ ਬਿਨਾਂ ਲਾਗੂ ਨਹੀਂ ਕੀਤੀਆਂ ਜਾ ਸਕਦੀਆਂ। ਰਾਸ਼ਟਪਤੀ ਦੀ ਨਿਯੁਕਤੀਆਂ ਕਰਨ ਦੀ ਸ਼ਕਤੀ ਅਧੂਰੀ ਹੈ ਅਤੇ ਉਸ ਦੁਆਰਾ ਕੀਤੀਆਂ ਨਿੱਯੁਕਤੀਆਂ ਸੈਨੇਟ ਦੇ ਸਾਧਾਰਨ ਬਹੁਮਤ ਦੁਆਰਾ ਪ੍ਰਵਾਨ ਹੋਣੀਆਂ ਜ਼ਰੂਰੀ ਹਨ। ਸੈਨੇਟ ਦੀ ਇਹ ਸ਼ਕਤੀ ਬੜੀ ਪ੍ਰਭਾਵਸ਼ਾਲੀ ਹੈ ਕਿਉਂਕਿ ਇਸ ਸ਼ਕਤੀ ਦੇਸਾਧਨ ਦੁਆਰਾ ਸੈਨੇਟ ਕਾਰਜਪਾਲਿਕਾ ਉੱਤੇ ਨਿਯੰਤਰਤਨ ਰੱਖ ਸਕਦਾ ਹੈ ਅਤੇ ਰਾਸ਼ਟਰਪਤੀ ਨੂੰ ਨਿੱਯੁਕਤੀਆਂ ਕਰਨ ਦੇ ਕੰਮ ਵਿਚ ਮਨਮਾਨੀ ਕਰਨ ਦੀ ਆਗਿਆ ਨਹੀਂ ਦੇ ਸਕਦਾ। ਇਸ ਤੋਂ ਇਲਾਵਾ ਸੈਨੇਟ ਆਪਣੀਆਂ ਪੜਤਾਲੀਆਂ ਸੰਮਤੀਆਂ (Investigating Committees) ਦੁਆਰਾ ਵੀ ਪ੍ਰਸ਼ਾਸਨ ਉੱਤੇ ਨਿਯੰਤਰਨ ਰੱਖ ਸਕਦਾ ਹੈ। ਕਿਸੇ ਵਿਸ਼ੇ ਸੰਬੰਧੀ ਕਾਨੂੰਨ ਦਾ ਨਿਰਮਾਣ ਕਰਨ ਲਈ ਲੋੜੀਂਦੇ ਅੰਕੜੇ ਪ੍ਰਾਪਤ ਕਰਨ ਦੇ ਮੰਤਵ ਨਾਲ ਸੈਨੇਟ ਆਪਣੇ ਮੈਂਬਰਾਂ ਦੀ ਪੜਤਾਲੀਆ ਸੰਮਤੀ ਨਿੱਯੁਕਤ ਕਰ ਸਕਦਾ ਹੈ। ਸੈਨੇਟ ਦੀਆਂ ਅਜਿਹੀਆਂ ਸੰਮਤੀਆਂ ਕਈ ਵਾਰੀ ਪ੍ਰਸ਼ਾਸਨ ਵਿਚ ਕੀਤੀਆਂ ਗਈਆਂ ਹੇਰਾਫੇਰੀਆਂ ਨੂੰ ਉਜਾਗਰ ਕਰਦੀਆਂ ਹਨ। ਇਸ ਤੋਂ ਇਲਾਵਾ ਕਿਸੇ ਪ੍ਰਸ਼ਾਸਕੀ ਵਿਭਾਗ ਦੀ ਛਾਣ-ਬੀਤ ਕਰਨ ਲਈ ਸੈਨੇਟ ਆਪਣੇ ਮੈਂਬਰਾਂ ਦੀ ਵਿਸ਼ੇਸ਼ ਸੰਮਤੀ ਵੀ ਨਿੱਯੁਕਤ ਕਰ ਸਕਦਾ ਹੈ। ਇਸ ਤਰ੍ਹਾਂ ਸੈਨੇਟ ਇਹਨਾਂ ਸੰਮਤੀਆਂ ਦੁਆਰਾ ਵੀ ਕਾਰਜਪਾਲਿਕਾ ਉੱਤੇ ਪ੍ਰਭਾਵਸ਼ਾਲੀ ਨਿਯੰਤਰਣ ਰੱਖਦਾ ਹੈ।

5.**ਵਿਦੇਸ਼ੀ ਨੀਤੀ ਉੱਤੇ ਨਿਯੰਤਰਣ** (Control over Foreign Policy): ਵਿਦੇਸ਼ੀ ਨੀਤੀ ਦਾ ਮੁੱਖ ਨਿਰਮਾਤਾ ਅਤੇ

ਸੰਚਾਲਕ ਰਾਸ਼ਟਰਪਤੀ ਹੁੰਦਾ ਹੈ ਪਰ ਸੈਨੇਟ ਵੀ ਵਿਦੇਸ਼ ਨੀਤੀ ਉੱਤੇ ਪ੍ਰਭਾਵਸ਼ਾਲੀ ਨਿਯੰਤਰਣ ਰੱਖਦਾ ਹੈ। ਸੰਵਿਧਾਨ ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਸ਼ਟਰਪਤੀ ਦੂਜੇ ਦੇਸ਼ਾਂ ਨਾਲ ਸੰਧੀਆਂ ਕਰ ਸਕਦਾ ਹੈ ਪਰ ਅਜਿਹੀਆਂ ਸੰਧੀਆਂ ਅੰਤਿਮ ਰੂਪ ਵਿਚ ਤਾਂ ਹੀ ਲਾਗੂ ਹੋ ਸਕਦੀਆਂ ਹਨ ਜੇਕਰ ਸੈਨੇਟ ਆਪਣੇ ਹਾਜ਼ਿਰ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਦੁਆਰਾ ਉਹਨਾਂ ਸੰਧੀਆਂ ਨੂੰ ਪ੍ਰਵਾਨ ਕਰ ਲਵੇ। ਅੰਤਰ-ਰਾਸ਼ਟਰੀ ਸੰਧੀਆਂ ਦੀ ਪ੍ਰਵਾਨਗੀ ਸੰਬੰਧੀ ਸੈਨੇਟ ਦੇ ਹੱਥ ਵਿਚ ਇਹ ਇੰਨੀ ਜ਼ਿਆਦਾ ਮਹੱਤਵਪੂਰਨ ਸ਼ਕਤੀ ਹੈ ਕਿ ਸੈਨੇਟ ਦੀ ਸਹਿਮਤੀ ਤੋਂ ਬਿਨਾਂ ਰਾਸ਼ਟਰਪਤੀ ਆਪਣੀ ਵਿਦੇਸ਼ ਨੀਤੀ ਦਾ ਸੰਚਾਲਨ ਕੁਸ਼ਲਤਾ ਪੂਰਵਕ ਨਹੀਂ ਕਰ ਸਕਦਾ। ਸੰਧੀਆਂ ਦੀ ਪ੍ਰਵਾਨਗੀ ਦੇਣ ਦੀ ਸੈਨੇਟ ਦੀ ਸ਼ਕਤੀ ਨੇ ਹੀ ਸੰਯੁਕਤ ਰਾਜ ਅਮਰੀਕਾ ਨੂੰ ਰਾਸ਼ਟਰ ਸੰਘ (League of Nations) ਦਾ ਮੈਂਬਰ ਨਹੀਂ ਬਣਨ ਦਿੱਤਾ ਸੀ ਕਿਉਂਕਿ ਸੈਨੇਟ ਨੇ ਰਾਸ਼ਟਰਪਤੀ ਵੁਡਰੋ ਵਿਲਸਨ ਦੀ 'ਵਰਸੇਲਜ਼ ਦੀ ਸੰਧੀ' (Treaty of Versailles) ਪ੍ਰਵਾਨ ਨਹੀਂ ਕੀਤੀ ਸੀ।ਸੰਧੀਆਂ ਦੀ ਪ੍ਰਵਾਨਗੀ ਦੇਣ ਦੀ ਸ਼ਕਤੀ ਤੋਂ ਇਲਾਵਾ ਵਿਦੇਸ਼ੀ ਮਾਮਲਿਆਂ ਸੰਬੰਧੀ ਸੈਨੇਟ ਦੀ ਸੰਮਤੀ (Senate Foreign Affairs Committee) ਕੋਲੋਂ ਰਾਸ਼ਟਰਪਤੀ ਵਿਦੇਸ਼ੀ ਮਾਮਲਿਆਂ ਸੰਬੰਧੀ ਸਲਾਹ ਲੈਂਦਾ ਹੈ।

6. **ਵਿੱਤੀ ਕੰਮ** (FinancialFunctions): ਇਹ ਠੀਕ ਹੈ ਕਿ ਕਿਸੇ ਵੀ ਪ੍ਰਕਾਰ ਦਾ ਵਿੱਤੀ ਬਿੱਲ ਸੈਨੇਟ ਵਿੱਚ ਆਰੰਭ ਨਹੀਂ ਕੀਤਾ ਜਾ ਸਕਦਾ ਪਰ ਸੈਨੇਟ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਵੀ ਧਨ ਬਿੱਲ ਅੰਤਿਮ ਰੂਪ ਵਿਚ ਪਾਸ ਨਹੀਂ ਹੋ ਸਕਦਾ। ਇਸ ਤੋਂ ਇਲਾਵਾ ਸੈਨੇਟ ਧਨ ਬਿੱਲਾਂ ਵਿਚ ਹਰ ਪ੍ਰਕਾਰ ਦੀ ਤਰਮੀਮ ਕਰ ਸਕਦਾ ਹੈ। ਉਹ ਕੇਵਲ ਬਿੱਲ ਦੇ ਸਿਰਲੇਖ ਨੂੰ ਨਹੀਂ ਬਦਲ ਸਕਦਾ ਅਤੇ ਬਾਕੀ ਦੇ ਬਿੱਲ ਵਿੱਚ ਅਜਿਹੀਆਂ ਤਰਮੀਮਾਂ ਕਰ ਸਕਦਾ ਹੈ ਜੋ ਬਿੱਲ ਨੂੰ ਇਕ ਨਵਾਂ ਰੂਪ ਹੀ ਪ੍ਰਦਾਨ ਕਰ ਸਕਦੀਆਂ ਹਨ। ਕਈ ਆਲੋਚਕਾਂ ਦਾ ਵਿਚਾਰ ਹੈ ਕਿ ਧਨ ਬਿੱਲ ਵਿਚ ਤਰਮੀਮਾਂ ਕਰਨ ਦੀ ਸੈਨੇਟ ਦੀ ਸ਼ਕਤੀ ਇੰਨੀ ਜ਼ਿਆਦਾ ਵਿਆਪਕ ਹੈ ਕਿ ਇਹ ਸ਼ਕਤੀ ਸੈਨੇਟ ਵਿਚ ਨਵਾਂ ਧਨ ਬਿੱਲ ਆਰੰਭ ਕਰਨ ਦੇ ਸਮਾਨ ਹੀ ਪ੍ਰਤੀਤ ਹੁੰਦੀ ਹੈ। ਯੁੱਧ ਸੰਬੰਧੀ ਜਾਂ ਰਾਸ਼ਟਰਪਤੀ ਦੇ ਦੂਜੇ ਸੈਨਿਕ ਕੰਮਾਂ ਲਈ ਪ੍ਰਸਤਾਵਿਤ ਖ਼ਰਚਿਆਂ ਦੀ ਪ੍ਰਵਾਨਗੀ ਕਾਂਗਰਸ ਦੇ ਦੋਹਾਂ ਸਦਨਾਂ ਦੁਆਰਾ ਹੀ ਦਿੱਤੀ ਜਾਂਦੀ ਹੈ।

7.**ਚੋਣ ਸੰਬੰਧੀ ਕੰਮ** (Electoral Functions): ਜਦੋਂ ਉਪ-ਰਾਸ਼ਟਰਪਤੀ ਦੀ ਪਦਵੀ ਲਈ ਕਿਸੇ ਵੀ ਉਮੀਦਵਾਰ ਨੂੰ ਚੋਣ-ਮੰਡਲ ਦੇ ਕੁੱਲ ਮੈਂਬਰਾਂ ਦਾ ਸਪੱਸ਼ਟ ਬਹੁਮਤ ਪ੍ਰਾਪਤ ਨਹੀਂ ਹੁੰਦਾ ਤਾਂ ਸੈਨੇਟ ਨਿਸ਼ਚਿਤ ਵਿਧੀ ਅਨੁਸਾਰ ਪਹਿਲੇ ਦੋ ਉਮੀਦਵਾਰਾਂ ਵਿਚੋਂ ਕਿਸੇ ਇਕ ਉਮੀਦਵਾਰ ਨੂੰ ਉਪ-ਰਾਸ਼ਟਰਪਤੀ ਦੀ ਪਦਵੀ ਲਈ ਚੁਣਦਾ ਹੈ। ਇਸ ਤੋਂ ਇਲਾਵਾ ਜਦੋਂ ਉਪ-ਰਾਸ਼ਟਰਪਤੀ ਦੀ ਪਦਵੀ ਕਿਸੇ ਕਾਰਨ ਖਾਲੀ ਹੁੰਦੀ ਹੈ ਅਤੇ ਰਾਸ਼ਟਰਪਤੀ ਇਸ ਪਦਵੀਂ ਉੱਤੇ ਕਿਸੇ ਵਿਅਕਤੀ ਨੂੰ ਨਾਮਜ਼ਦ ਕਰਦਾ ਹੈ ਤਾਂ ਅਜਿਹੀ ਨਾਮਜ਼ਦਗੀ ਦੀ ਪ੍ਰਵਾਨਗੀ ਦੇਣ ਲਈ ਸੈਨੇਟ ਪ੍ਰਤੀਨਿਧੀ ਸਦਨ ਦੇ ਨਾਲ ਸਮਾਨ ਅਧਿਕਾਰ ਰੱਖਦਾ ਹੈ। ਅਜਿਹੀ ਨਾਮਜ਼ਦਗੀ ਕਾਂਗਰਸ ਦੇ ਦੋਹਾਂ ਸਦਨਾਂ ਦੁਆਰਾ ਆਪਣੇ-ਆਪਣੇ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਨਾਲ ਪ੍ਰਵਾਨ ਹੋਣੀ ਜ਼ਰੂਰੀ ਹੈ। ਇਸ ਤੋਂ ਇਲਾਵਾ ਸੈਨੇਟ ਦੇ ਮੈਂਬਰ ਆਪਣੇ ਵਿਚੋਂ ਕਿਸੇ ਇਕ ਮੈਂਬਰ ਨੂੰ ਅੰਤ੍ਰਿਮ ਪ੍ਰਧਾਨ (President Protempore) ਚੁਣਦੇ ਹਨ ਜੋ ਉਪ-ਰਾਸ਼ਟਰਪਤੀ ਦੀ ਗੈਰ-ਹਾਜ਼ਰੀ ਵਿਚ ਸੈਨੇਟ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ।

### 1.5.6.3 ਸੈਨੇਟ ਦੀ ਸਥਿਤੀ (Position of the Senate)

ਸੈਨੇਟ ਅਮਰੀਕੀ ਸੰਵਿਧਾਨਿਕ ਪ੍ਰਣਾਲੀ ਦਾ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਅੰਗ ਹੈ। ਜੇਕਰ ਸੈਨੇਟ ਨੂੰ ਅਮਰੀਕੀ ਸੰਵਿਧਾਨਿਕ ਪ੍ਰਣਾਲੀ ਵਿਚੋਂ ਕੱਢ ਦਿੱਤਾ ਜਾਵੇ ਤਾਂ ਸੰਯੁਕਤ ਰਾਜ ਅਮਰੀਕਾ ਦਾ ਸੰਘਾਤਮਕ ਢਾਂਚਾ ਢਹਿ ਢੇਰੀ ਹੋ ਜਾਵੇਗਾ। ਇਹ ਠੀਕ ਹੈ ਕਿ ਸੈਨੇਟ ਵਿਚ ਬਣਤਰ ਦੇ ਪੱਖ ਤੋਂ ਕੁਝ ਮਹੱਤਵਪੂਰਨ ਦੋਸ਼ ਵੀ ਹਨ। ਉਦਾਹਰਣ ਵਜੋਂ ਸਾਰੇ ਰਾਜਾਂ ਨੂੰ ਸਮਾਨ ਪ੍ਰਤੀਨਿਧਤਾ ਦੇਣ ਨਾਲ ਸਦਨ ਦੇ ਪ੍ਰਤੀਨਿਧੀ ਸਰੂਪ ਉੱਤੇ ਮੰਦਾ ਪ੍ਰਭਾਵ ਪੈਂਦਾ ਹੈ। ਕੁਝ ਲੱਖਾਂ ਦੀ ਵਸੋਂ ਵਾਲੇ ਰਾਜ ਨੂੰ ਸੈਨੇਟ ਵਿਚ ਕਰੋੜਾਂ ਦੀ ਵਸੋਂ ਵਾਲੇ ਰਾਜ ਦੇ ਸਮਾਨ ਪ੍ਰਤੀਨਿਧਤਾ ਦੇਣੀ ਲੋਕਤੰਤਰੀ ਪੱਖ ਤੋਂ ਕੋਈ

1."There are things which the President and the Senate may do without the co sent of the House of Representatives and the things which the House and Senate may do without the assent of the President yet the President and the House can do comparatively little without the assent of the Senate." - F. J. Huskin.

ਤਰਕ ਪੂਰਨ ਸਿਧਾਂਤ ਪ੍ਰਤੀਤ ਨਹੀਂ ਹੁੰਦਾ। ਇਸ ਤੋਂ ਇਲਾਵਾ ਸੈਨੇਟ ਵਿਚ ਪੂੰਜੀਪਤੀ ਹੀ ਚੋਣ ਜਿੱਤ ਕੇ ਆਉਂਦੇ ਹਨ ਅਤੇ ਇਸੇ ਕਾਰਨ ਕਈ ਵਾਰੀ **ਸੈਨੇਟ ਨੂੰ ਅਮੀਰਜ਼ਾਦਿਆਂ ਦੀ ਸਭਾ ਵੀ ਕਿਹਾ ਜਾਂਦਾ ਹੈ।** ਸੈਨੇਟ ਵਿੱਚ ਭਾਸ਼ਣ ਦੇਣ ਦੀ ਅਸੀਮਿਤ ਸੁਤੰਤਰਤਾ ਦਾ ਅਨੇਕਾਂ ਵਾਰੀ ਦੁਰਉਪਯੋਗ ਕੀਤਾ ਜਾਂਦਾ ਹੈ ਜੋ ਇਸ ਦੀ ਯੋਗਤਾ ਉੱਤੇ ਮੰਦਾ ਪ੍ਰਭਾਵ ਪਾਉਂਦਾ ਹੈ। ਧਨ ਬਿੱਲ ਸੈਨੇਟ ਵਿਚ ਆਰੰਭ ਨਹੀਂ ਕੀਤੇ ਜਾ ਸਕਦੇ ਅਤੇ ਨਾ ਹੀ ਇਹ ਸਦਨ ਰਾਸ਼ਟਰਪਤੀ; ਉਪ-ਰਾਸ਼ਟਰਪਤੀ ਜਾਂ ਕਿਸੇ ਦੂਜੇ ਅਸੈਨਿਕ ਅਧਿਕਾਰੀ ਦੇ ਵਿਰੁੱਧ ਮਹਾਂਦੋਸ਼ ਆਰੰਭ ਕਰ ਸਕਦਾ ਹੈ। ਇਹਨਾਂ ਕਮਜ਼ੋਰੀਆਂ ਦੇ ਬਾਵਜੂਦ ਵੀ ਬਿਨਾਂ ਸੰਕੋਚ ਇਹ ਕਿਹਾ ਜਾ ਸਕਦਾ ਹੈ ਕਿ ਅਮਰੀਕੀ ਸੰਵਿਧਾਨਿਕ ਪ੍ਰਣਾਲੀ ਵਿਚ ਸੈਨੇਟ ਪ੍ਰਤੀਨਿਧ ਸਦਨ ਦੇ ਮੁਕਾਬਲੇ ਵਧੇਰੇ ਪ੍ਰਭਾਵਸ਼ਾਲੀ ਸ਼ਕਤੀਸ਼ਾਲੀ ਅਤੇ ਮਹੱਤਵਪੂਰਣ ਹੈ।

### 1.5.6.4 ਸਿੱਟਾ (Conclusion)

ਸੈਨੇਟ ਦੀ ਸਮੁੱਚੀ ਸਥਿਤੀ ਸੰਬੰਧੀ ਅਸੀਂ ਮਿ: ਹਸਕਿਨ ਦੇ ਸ਼ਬਦਾਂ ਵਿਚ ਸੰਖੇਪ ਵਿਚ ਇਹ ਕਹਿ ਸਕਦੇ ਹਾਂ ਕਿ "ਬਹੁਤ ਸਾਰੇ ਅਜਿਹੇ ਕੰਮ ਹਨ ਜਿਨ੍ਹਾਂ ਨੂੰ ਰਾਸ਼ਟਰਪਤੀ ਅਤੇ ਸੈਨੇਟ ਪ੍ਰਤੀਨਿਧ ਸਦਨ ਦੀ ਸਹਿਮਤੀ ਤੋਂ ਬਿਨਾਂ ਕਰ ਸਕਦੇ ਹਨ। ਅਜਿਹੇ ਕੰਮ ਵੀ ਹਨ ਜੋ ਪ੍ਰਤੀਨਿਧ ਸਦਨ ਅਤੇ ਸੈਨੇਟ ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਿਨਾਂ ਕਰ ਸਕਦੇ ਹਨ ਪਰੰਤੂ ਇਸ ਦੇ ਮੁਕਾਬਲੇ ਵਿਚ ਰਾਸ਼ਟਰਪਤੀ ਅਤੇ ਪ੍ਰਤੀਨਿਧ ਸਦਨ ਸੈਨੇਟ ਦੀ ਪ੍ਰਵਾਨਗੀ ਤੋਂ ਬਿਨਾਂ ਕੁਝ ਨਹੀਂ ਕਰ ਸਕਦੇ"। ਇਸ ਦਾ ਭਾਵ ਇਹ ਹੈ ਕਿ ਅਮਰੀਕੀ ਸੰਵਿਧਾਨਿਕ ਪ੍ਰਣਾਲੀ ਵਿਚ "ਸੈਨੇਟ ਇਕ ਅਜਿਹੀ ਸੰਸਥਾ ਹੈ ਜਿਸਦੇ ਸਹਿਯੋਗ ਤੋਂ ਬਿਨਾਂ ਨਾ ਤਾਂ ਰਾਸ਼ਟਰਪਤੀ ਆਪਣੇ ਕਾਰਜਾਂ ਨੂੰ ਪੂਰਾ ਕਰ ਸਕਦਾ ਹੈ ਅਤੇ ਨਾ ਹੀ ਪ੍ਰਤੀਨਿਧ ਸਦਨ ਆਪਣੇ ਕਾਨੂੰਨੀ ਕਰਤੱਵਾਂ ਨੂੰ ਨਿਭਾ ਸਕਦਾ ਹੈ"।

## 1.5.7 ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਸੰਯੁਕਤ ਰਾਜ ਅਮਰੀਕਾ ਕਾਂਗਰਸ ਦੇ ਕਿਹੜੇ ਦੋ ਸਦਨ ਹਨ?
2. ਪ੍ਰਤੀਨਿਧ ਸਦਨ ਦੇ ਮੈਂਬਰਾਂ ਦੇ ਵਿਸ਼ੇਸ਼ ਅਧਿਕਾਰ ਕਿਹੜੇ ਹਨ?
3. ਕੀ ਸੈਨੇਟ ਸ਼ਕਤੀਸ਼ਾਲੀ ਸਦਨ ਹੈ ਕਿਉ?

## 1.5.8 ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਕਾਂਗਰਸ ਪ੍ਰਤੀਨਿਧ ਸਦਨ ਅਤੇ ਸੈਨੇਟ ਬਾਰੇ ਚਰਚਾ ਕਰੋ?
2. ਸੈਨੇਟ ਵਿਸ਼ਵ ਦਾ ਸ਼ਕਤੀਸ਼ਾਲੀ ਸਦਨ ਕਿਉਂ ਹੈ? ਵਿਆਖਿਆ ਕਰੋ।

## 1.5.9 Major World Political Systems by J.C. Johari.

ਪਾਠ ਨੰ. 1.6 ਸੈਕਸ਼ਨ ਬੀ, 4(ਏ) ਯੂਨਿਟ ਨੰ. 4 ਲੇਖਕ : ਸੰਸਾਰ ਸਿੰਘ ਜੰਜੂਆ

## ਸੰਯੁਕਤ ਰਾਜ ਅਮਰੀਕਾ ਅਤੇ ਇੰਗਲੈਂਡ ਵਿੱਚ ਪਾਰਟੀ ਪ੍ਰਣਾਲੀ
## (PARTY SYSTEM IN U.S.A. AND U.K.)

**1.6.0 ਭੂਮਿਕਾ**
**1.6.1 ਪਾਠ ਦਾ ਉਦੇਸ਼**
**1.6.2 ਬਰਤਾਨਵੀ ਪਾਰਟੀਆਂ ਦੇ ਵਿਸ਼ੇਸ਼ ਲੱਛਣ** (Special features of British Political Parties)
**1.6.3 ਅਮਰੀਕੀ ਪਾਰਟੀ ਪ੍ਰਣਾਲੀ ਦੇ ਮੁੱਖ ਲੱਛਣ** (Main features of the American Party System)
**1.6.4 ਅਮਰੀਕੀ ਅਤੇ ਬਰਤਾਨਵੀ ਪਾਰਟੀ ਪ੍ਰਣਾਲੀ ਦਾ ਮੁਕਾਬਲਾ** (Comparasion between American and British Political Parties)
**1.6.5 ਸਿੱਟਾ**
**1.6.6 ਛੋਟੇ ਉੱਤਰਾਂ ਵਾਲੇ ਪ੍ਰਸ਼ਨ**
**1.6.7 ਵੱਡੇ ਉੱਤਰਾਂ ਵਾਲੇ ਪ੍ਰਸ਼ਨ**
**1.6.8 ਪੜ੍ਹਨਯੋਗ ਪੁਸਤਕਾਂ**

### 1.6.0 ਭੂਮਿਕਾ

**ਆਰੰਭ** (Origin): ਬਰਤਾਨੀਆ ਅੰਦਰ ਪਾਰਟੀ ਪ੍ਰਣਾਲੀ ਦਾ ਆਰੰਭ ਲਗਭਗ ਸਤਾਰ੍ਹਵੀਂ ਸਦੀ ਵਿਚ ਹੋਇਆ ਅਤੇ ਇਸ ਨੇ ਆਧੁਨਿਕ ਸ਼ਕਲ ਉਨ੍ਹੀਵੀਂ ਸਦੀ ਦੇ ਅੰਤ ਵਿਚ ਅਖਤਿਆਰ ਕੀਤੀ।

ਇਸ ਵੇਲੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੈਵਿਡ ਕਮਰਾਨ ਹਨ। ਉਹ ਸੱਤਾਧਾਰੀ ਰੂੜੀਵਾਦੀ ਪਾਰਟੀ ਨਾਲ ਸੰਬੰਧਿਤ ਹਨ।

### 1.6.1 ਪਾਠ ਦਾ ਉਦੇਸ਼

ਇਸ ਪਾਠ ਰਾਹੀਂ ਅਸੀਂ ਸੰਯੁਕਤ ਰਾਜ ਅਮਰੀਕਾ ਅਤੇ ਬ੍ਰਿਟੇਨ ਦੀ ਪਾਰਟੀ ਪ੍ਰਣਾਲੀ ਬਾਰੇ, ਵਿਸ਼ੇਸ਼ ਲੱਛਣ, ਕਾਰਜ, ਪਾਰਟੀ ਪ੍ਰੋਗ੍ਰਾਮ,ਅਮਰੀਕੀ ਅਤੇ ਬਰਤਾਨਵੀ ਪਾਰਟੀ ਦਾ ਮੁਕਾਬਲਾ ਅਤੇ ਇਸ ਨਿਰਧਾਰਿਤ ਕਰਨ ਵਾਲੇ ਤੱਤਾਂ ਬਾਰੇ ਪੜਾਂਗੇ।

### 1.6.2 ਬਰਤਾਨਵੀ ਪਾਰਟੀਆਂ ਦੇ ਵਿਸ਼ੇਸ਼ ਲੱਛਣ (Special features of British Political Parties):

(i)**ਬਰਤਾਨੀਆਂ ਵਿਚ ਦੋ-ਦਲ ਪ੍ਰਣਾਲੀ ਹੈ** (There is two party system in Britain): ਭਾਰਤ ਵਿਚ ਬਹੁ-ਦਲ ਪ੍ਰਣਾਲੀ ਹੈ ਪਰ ਇਸਦੇ ਮੁਕਾਬਲੇ ਬਰਤਨੀਆ ਅੰਦਰ ਦੋ ਦਲ ਪ੍ਰਣਾਲੀ ਹੈ। ਬਹੁਮਤ ਵਾਲੀ ਪਾਰਟੀ ਸਰਕਾਰ ਬਣਾਉਂਦੀ ਹੈ ਅਤੇ ਦੂਜੀ ਉਸਦਾ ਵਿਰੋਧ ਕਰਦੀ ਹੈ। ਇਸ ਸਮੇਂ ਦੋ ਪਾਰਟੀਆਂ ਕਨਜ਼ਰਵੇਟਿਵ ਅਤੇ ਲੇਬਰ ਹਨ। ਪਹਿਲਾਂ ਲਿਬਰਲ ਪਾਰਟੀ ਵਖਰੀ ਸੀ, ਪਰ ਹੁਣ ਉਹ ਲੇਬਰ ਦਾ ਭਾਗ ਹੀ ਬਣ ਕੇ ਰਹਿ ਗਈ ਹੈ।

(ii)**ਬਰਤਾਨਵੀਂ ਦਲਾਂ ਦੇ ਕਾਰਜ** (Functions of British Parties):

1.ਰਾਜਨੀਤਿਕ ਦਲ ਲੋਕਾਂ ਦੀਆ ਮੰਗਾਂ ਨੂੰ ਸਰਕਾਰ ਤਕ ਪਹੁੰਚਾਉਂਦੇ ਹਨ ਅਤੇ ਇਸ ਜਤਨ ਵਿਚ ਲੱਗੇ ਰਹਿੰਦੇ ਹਨ ਕਿ ਲੋਕਾਂ ਦੀਆਂ ਮੰਗਾਂ ਨੂੰ ਸਰਕਾਰ ਤੋਂ ਪੂਰਾ ਕਰਵਾਉਣ।

2.ਰਾਜਨੀਤਿਕ ਦਲ ਦੇਸ਼ ਦੇ ਸਾਹਮਣੇ ਮੌਜੂਦ ਵੱਖ ਵੱਖ ਸਮੱਸਿਆਵਾਂ ਦੇ ਸਬੰਧ ਵਿਚ ਆਪਣੇ ਹਲ ਸੁਲਝਾਉਂਦੇ ਹਨ। ਇਹ ਹਲ ਉਹ ਨੇਤਾਵਾਂ ਦੇ ਭਾਸ਼ਣਾਂ ਰਾਹੀਂ ਲੋਕਾਂ ਤਕ ਪਹੁੰਚਾਉਂਦੇ ਹੱਲ। ਚੋਣਾਂ ਸਮੇਂ ਆਪਣੇ ਮੈਨੀਫ਼ੈਸਟੋਂ ਰਾਹੀਂ ਵੀ ਰਾਜਨੀਤਿਕ ਦਲ ਇਨ੍ਹਾਂ ਹਲਾਂ ਨੂੰ ਆਮ ਜਨਤਾ ਤਕ ਪਹੁੰਚਾਉਂਦੇ ਹਨ। ਇਸ ਪ੍ਰਕਾਰ ਉਹ ਲੋਕਾਂ ਨੂੰ ਰਾਜਨੀਤਿਕ ਸਿਖਿਆ ਦਿੰਦੇ ਹਨ।

3. ਉਹ ਇਸ ਪੱਖ ਤੋਂ ਵੀ ਲੋਕਾਂ ਨੂੰ ਰਾਜਨੀਤਿਕ ਸਿਖਿਆ ਦਿੰਦੇ ਹਨ ਕਿ ਉਹ ਵੋਟਰ ਨੂੰ ਆਪਣਾ ਫਰਜ਼ ਸਮਝਾਉਂਦੇ ਹਨ। ਵੋਟਰ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਉਸ ਨੂੰ ਸਪੱਸ਼ਟ ਕਰਦੇ ਹਨ।
4. ਰਾਜਨੀਤਿਕ ਦਲ ਦੇਸ਼ ਨੂੰ ਖੂਨੀ ਇਨਕਲਾਬ ਤੋਂ ਬਚਾਉਂਦੇ ਹਨ।
5. ਲੋਕਾਂ ਦੀ ਪ੍ਰਕਿਰਤੀ ਉਪਰ ਆਧਾਰਿਤ ਹੋਣ ਕਰਕੇ ਇਹ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ।
6. ਇਹ ਲੋਕਾਂ ਦੇ ਅਧਿਕਾਰਾਂ ਦੀ ਰਾਖੀ ਕਰਦੇ ਹਨ। ਅਤੇ ਇਹ ਵੀ ਦਸਦੇ ਹਨ ਕਿ ਵੋਟ ਦੇ ਅਧਿਕਾਰ ਦੀ ਵਰਤੋਂ ਕਿਸ ਢੰਗ ਨਾਲ ਕਰਨੀ ਹੈ।
7. ਉਹ ਸਰਕਾਰ ਨੂੰ ਚਲਾਉਂਦੇ ਹਨ। ਜਿਹੜੀ ਪਾਰਟੀ ਤਾਕਤ ਵਿਚ ਆ ਜਾਂਦੀ ਹੈ ਉਹ ਸਰਕਾਰ ਨੂੰ ਚਲਾਉਂਦੀ ਹੈ।
8. ਪਾਰਟੀਆਂ ਸਰਕਾਰ ਦੀਆਂ ਗ਼ਲਤ ਨੀਤੀਆਂ ਦੀ ਵਿਰੋਧਤਾ ਕਰਦੀਆਂ ਹਨ। ਵਿਰੋਧੀ ਦਲ ਤਾਕਤ ਵਿਚ ਆਈ ਪਾਰਟੀ ਦੁਆਰਾ ਕੀਤੇ ਜਾਣ ਵਾਲੇ ਕੰਮਾਂ ਉਪਰ ਨਜ਼ਰ ਰਖਦਾ ਹੈ ਅਤੇ ਗ਼ਲਤ ਢਗ ਨਾਲ ਕੀਤੇ ਜਾਣ ਵਾਲੇ ਕੰਮਾਂ ਦੇ ਸਬੰਧ ਵਿਚ ਤੁਰੰਤ ਜਨਤਾ ਨੂੰ ਖ਼ਬਰਦਾਰ ਕਰਦਾ ਹੈ।
9. ਵਿਰੋਧੀ ਦਲ ਗ਼ਲਤ ਬਣਾਏ ਗਏ ਕਾਨੂੰਨਾਂ ਦੀ ਵਿਰੋਧਤਾ ਕਰਦੇ ਹਨ।ਉਹ ਪਾਰਟੀ ਦੇ ਨੇਤਾ ਦੇ ਤੌਰ ਤੇ ਗ਼ਲਤ ਬਣੇ ਕਿਸੇ ਕਾਨੂੰਨ ਨੂੰ ਅਦਾਲਤ ਵਿਚ ਚੈਲੰਜ ਕਰ ਸਕਦੇ ਹਨ।
10. ਰਾਜਨੀਤਿਕ ਦਲ ਕਈ ਪ੍ਰਕਾਰ ਦੇ ਸੁਧਾਰ ਵੀ ਦੇਸ਼ ਅੰਦਰ ਲਿਆਉਣ ਲਈ ਜ਼ਿੰਮੇਵਾਰ ਹੁੰਦੇ ਹਨ। ਉਹ ਇਸ ਗਲ ਦਾ ਪੂਰਾ ਪੂਰਾ ਧਿਆਨ ਰੱਖਦੇ ਹਨ ਕਿ ਦੇਸ਼ ਅੰਦਰ ਕਿਸ ਪ੍ਰਕਾਰ ਦੇ ਸੁਧਾਰਾਂ ਦੀ ਲੋੜ ਹੈ।
11. ਰਾਜਨੀਤਿਕ ਦਲ ਸਰਕਾਰ ਦੀ ਕਾਰਜਸ਼ੀਲਤਾ ਅੰਦਰ ਇਕ ਪ੍ਰਕਾਰ ਦੀ ਲਚਕ ਲਿਆਉਣ ਲਈ ਜ਼ਿੰਮੇਵਾਰ ਹੁੰਦੇ ਹਨ।
12. ਲੋਕਤੰਤਰ ਲੋਕ ਦਲਾਂ ਤੋਂ ਬਿਨ੍ਹਾਂ ਚਲ ਹੀ ਨਹੀਂ ਸਕਦਾ। ਲੋਕਤੰਤਰ ਵਿਚ ਇਕ ਪਾਰਟੀ ਸਰਕਾਰ ਚਲਾਉਂਦੀ ਹੈ ਅਤੇ ਦੂਜੀਆਂ ਉਸ ਪਾਰਟੀ ਦਾ ਵਿਰੋਧ ਕਰਦੀਆਂ ਹਨ।
13. ਰਾਜਨੀਤਿਕ ਦਲ ਵੱਖ ਵੱਖ ਵਿਸ਼ਿਆਂ ਤੇ ਲੋਕ ਰਾਏ ਦਾ ਨਿਰਮਾਣ ਕਰਦੇ ਹਨ। ਉਹ ਵੱਖ ਵੱਖ ਰਾਸ਼ਟਰੀ, ਪ੍ਰਾਂਤਿਕ ਅਤੇ ਸਥਾਨਕ ਸਮੱਸਿਆਵਾਂ ਬਾਰੇ ਆਪਣੀ ਰਾਏ ਬਣਾ ਕੇ ਉਸ ਦਾ ਪ੍ਰਚਾਰ ਕਰਦੇ ਰਹਿੰਦੇ ਹਨ। ਇਸ ਪ੍ਰਕਾਰ ਲੋਕ ਰਾਏ ਬਣਦੀ ਰਹਿੰਦੀ ਹੈ। ਕਈ ਰਾਜਨੀਤਿਕ ਦਲਾਂ ਦੇ ਆਪਣੇ ਅਖ਼ਬਾਰ ਹੁੰਦੇ ਹਨ। ਉਹ ਇਨ੍ਹਾਂ ਅਖ਼ਬਾਰਾਂ ਰਾਹੀਂ ਵੀ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਦੇ ਹਨ। ਇਨ੍ਹਾਂ ਅਖ਼ਬਾਰਾਂ ਦੇ ਐਡੀਟਰ ਐਡੀਟੋਰੀਅਲ ਵੀ ਲਿਖਦੇ ਹਨ। ਇਹ ਸਭ ਗਤੀਆਂ ਵਿਧੀਆਂ ਲੋਕ ਰਾਏ ਦਾ ਨਿਰਮਾਣ ਕਰਦੀਆਂ ਹਨ।
15. ਰਾਜਨੀਤਿਕ ਦਲ ਰਾਜਨੀਤਿਕ ਪ੍ਰਣਾਲੀ ਨੂੰ ਜਾਇਜ਼ਗੀ ਦਿੰਦੇ ਹਨ।

iii. ਇਨ੍ਹਾਂ ਅੰਦਰ ਪੂਰਾ ਅਨੁਸ਼ਾਸਨ ਹੁੰਦਾ ਹੈ। ਤਾਕਤ ਵਿਚ ਮੌਜੂਦ ਪਾਰਟੀ ਇਸ ਦੇ ਇਸ਼ਾਰੇ ਤੇ ਸਾਰਾ ਸਾਸ਼ਨ ਚਲਦਾ ਹੈ। ਵਿਰੋਧੀ ਦਲ ਵੀ ਸਦਨ ਅੰਦਰ ਫਜ਼ੂਲ ਕਿਸਮ ਦਾ ਸ਼ੋਰ ਸ਼ਰਾਬਾ ਨਹੀਂ ਪਾਉਂਦਾ।

iv. ਰਾਜਨੀਤਿਕ ਪਾਰਟੀਆਂ ਵਧੇਰੇ ਰਾਸ਼ਟਰੀ ਮਾਮਲਿਆਂ ਨੂੰ ਛੂੰਹਦੀਆਂ ਹਨ।

v. ਪਾਰਟੀਆਂ ਇਕ ਦੂਜੇ ਵਲ ਠੀਕ ਰਵੱਈਆ ਰਖ ਕੇ ਚਲਦੀਆਂ ਹਨ।

vi. ਪਾਰਟੀਆਂ ਪ੍ਰਚਾਰ ਸਮੇਂ ਸੰਜਮ ਤੋਂ ਕੰਮ ਲੈਂਦੀਆਂ ਹਨ।

vii. ਇੰਗਲੈਂਡ ਅੰਦਰ ਆਪੋਜ਼ੀਸਨ ਕਾਫੀ ਮਜ਼ਬੂਤ ਹੁੰਦੀ ਹੈ ਕਿਉਂਕਿ ਉਥੇ ਦੋ ਦਲ ਪ੍ਰਣਾਲੀ ਹੈ।

viii. ਦੋ ਪਾਰਟੀ ਪ੍ਰਣਾਲੀ ਹੋਣ ਕਰਕੇ ਸਥਾਈ ਸਰਕਾਰ ਬਣਦੀ ਹੈ ਜਿਹੜੀ ਪੂਰਾ ਸਮਾਂ ਕੱਟਦੀ ਹੈ।

ix. ਕਿਸੇ ਵੀ ਪਾਰਟੀ ਦੀ ਸਰਕਾਰ ਬਣ ਜਾਵੇ ਦੇਸ਼ ਨੂੰ ਪ੍ਰਭਾਵਸ਼ਾਲੀ ਲੀਡਰਸ਼ਿਪ ਦੀ ਪ੍ਰਾਪਤੀ ਹੁੰਦੀ ਹੈ।

3. **ਪਾਰਟੀ ਪ੍ਰੋਗਰਾਮ** (Party Programmes)

(i) ਕਨਜ਼ਰਵੇਟਿਵ ਪਾਰਟੀ ਰੂੜ੍ਹੀਵਾਦੀ ਹੈ। ਇਹ ਪੁਰਾਤਨ ਸੰਸਥਾਵਾਂ ਨੂੰ ਕਾਇਮ ਰੱਖਣ ਦੇ ਹੱਕ ਵਿਚ ਹੈ। ਇਹ ਪਾਰਟੀ ਅੰਗਰੇਜ਼ਾਂ ਨੂੰ ਸ੍ਰੇਸ਼ਟ ਸਮਝਦੀ ਹੈ। ਇਹ ਪੂੰਜੀਵਾਦ ਅਤੇ ਪੂੰਜੀਵਾਦੀਆਂ ਦੀ ਹਮਾਇਤੀ ਹੈ। ਨਿੱਜੀ ਸੰਪਤੀ ਕਾਇਮ ਰੱਖਣ ਦੇ ਹੱਕ ਵਿੱਚ ਹੈ। ਇਸ ਨੇ ਹੁਣ ਕਿਰਤੀਆਂ ਦੀ ਹਾਲਤ ਨੂੰ ਸੁਧਾਰਨ ਵਲ ਵੀ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਲੋਕ-ਪ੍ਰਿਯ ਹੋ ਸਕੇ।

(ii) ਲੇਬਰ ਪਾਰਟੀ ਕਿਰਤੀਆਂ ਦੀ ਹਮਾਇਤੀ ਹੈ। ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਹੱਕ ਵਿਚ ਹੈ। ਇਹ ਖੁਲ੍ਹੇ ਵਪਾਰ ਦੇ ਹੱਕ ਵਿਚ ਨਹੀਂ। ਇਹ ਲੋਕਾਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਚਾਹੁੰਦੀ ਹੈ। ਨਸਲੀ ਵਿਤਕਰੇ ਦਾ ਵਿਰੋਧ ਕਰਦੀ ਹੈ। ਪੂੰਜੀਵਾਦ ਅਤੇ ਬਸਤੀਵਾਦ ਦੇ ਵਿਰੋਧ ਵਿਚ ਹੈ। ਯੋਜਨਾਬੰਦੀ ਦੇ ਪੱਖ ਵਿਚ ਹੈ।

### 1.6.3 ਅਮਰੀਕੀ ਪਾਰਟੀ ਪ੍ਰਣਾਲੀ ਦੇ ਮੁੱਖ ਲੱਛਣ (Main features of the American Party System)

1. ਅਮਰੀਕਾ ਅੰਦਰ ਦੋ-ਪਾਰਟੀ ਪ੍ਰਣਾਲੀ ਹੈ। ਇਕ ਡੀਮਾਕ੍ਰੇਟਿਕ ਅਤੇ ਦੂਜੀ ਰੀਪਬਲੀਕਨ। ਬੀਅਰਡ (Beard) ਅਨੁਸਾਰ, ਅਮਰੀਕਾਂ ਅੰਦਰ ਦੋਵੇਂ ਪਾਰਟੀਆਂ ਬਲਦਵੇਂ ਰੂਪ ਵਿਚ ਹਕੂਮਤ ਕਰਦੀਆਂ ਰਹੀਆਂ ਹਨ।
2. ਅਮਰੀਕਾ ਅੰਦਰ ਨਿਸ਼ਚਿਤ ਮੈਂਬਰਸ਼ਿਪ ਨਹੀਂ। ਲੋਕ ਕਦੇ ਇਕ ਪਾਰਟੀ ਨੂੰ ਵੋਟ ਪਾਉਦੇ ਹਨ ਕਦੇ ਦੂਜੀ ਪਾਰਟੀ ਨੂੰ।
3. ਲੋਕ ਜੱਦੀ ਤੋਰ ਤੇ ਵੀ ਕਿਸੇ ਇਕ ਪਾਰਟੀ ਦੀ ਹਮਾਇਮ ਕਰਦੇ ਰਹਿੰਦੇ ਹਨ।
4. ਅਮਰੀਕਾ ਪਾਰਟੀ ਪ੍ਰਣਾਲੀ ਦਾ ਆਧਾਰ ਖੇਤਰੀ (Regional) ਹੈ। ਕਈ ਰਾਜ ਰੀਪਬਲੀਕਨ (Republican) ਹਨ ਅਤੇ ਕਈ ਲੋਕਤੰਤਰੀ (Democratic)
5. ਦੋਹਾਂ ਪਾਰਟੀਆਂ ਵਿਚਕਾਰ ਸਿਧਾਂਤਕ ਤੌਰ ਤੇ ਕੋਈ ਖਾਸ ਅੰਤਰ ਨਹੀਂ। ਦੋਵੇਂ ਪਾਰਟੀਆਂ ਪੂੰਜੀਵਾਦ ਦੇ ਹੱਕ ਵਿਚ ਹਨ।
6. ਅਮਰੀਕਾ ਪਾਰਟੀ ਪ੍ਰਣਾਲੀ ਅੰਦਰ ਦਬਾਉ-ਸਮੂਹਾਂ ਦਾ ਵਿਸ਼ੇਸ਼ ਸਥਾਨ ਹੁੰਦਾ ਹੈ। ਇਹ ਸਰਕਾਰੀ ਨੀਤੀ ਉਪਰ ਆਪਣਾ ਪ੍ਰਭਾਵ ਪਾਉਂਦੇ ਰਹਿੰਦੇ ਹਨ।
7. ਸੰਵਿਧਾਨ ਅੰਦਰ ਰਾਜਨੀਤਿਕ ਪਾਰਟੀਆਂ ਦਾ ਕੋਈ ਜ਼ਿਕਰ ਨਹੀਂ। ਸੰਵਿਧਾਨ ਨਿਰਮਾਤਾ ਰਾਜਨੀਤਿਕ ਦਲਾਂ ਦੇ ਪੱਖ ਵਿਚ ਨਹੀਂ ਸਨ। ਇਨ੍ਹਾਂ ਦਾ ਵਿਕਾਸ ਸੰਵਿਧਾਨ ਤੋਂ ਬਾਹਰ ਹੋਇਆ ਹੈ।
8. ਪਾਰਟੀਆਂ ਅੰਦਰ ਅਨੁਸ਼ਾਸਨ ਦੀ ਘਾਟ ਹੈ।
9 ਹੇਠਲੇ ਪੱਧਰ ਤੇ ਪਾਰਟੀਆਂ ਠੀਕ ਪ੍ਰਕਾਰ ਨਾਲ ਸੰਗਠਿਤ ਹਨ ਪਰ ਉਪਰਲੇ ਪੱਧਰ ਤੇ ਨਹੀਂ।

**ਰਾਜਨੀਤਿਕ ਪਾਰਟੀਆਂ ਦੇ ਕਾਰਜ** (Functions of Political Parties)

1. ਅਮਰੀਕਾ ਅੰਦਰ ਸ਼ਕਤੀਆਂ ਦਾ ਵਿਭਾਜਨ (Sepration of Powers) ਹੁੰਦਾ ਹੈ। ਇਥੇ ਕਾਰਜਕਾਰੀ ਅਤੇ ਵਿਧਾਨ ਮੰਡਲ ਦਾ ਆਪੋ ਵਿਚਕਾਰ ਕੋਈ ਸਬੰਧ ਨਹੀਂ। ਇਹ ਸੰਬੰਧ ਪਾਰਟੀਆਂ ਦੁਆਰਾ ਕਾਇਮ ਕੀਤਾ ਜਾਂਦਾ ਹੈ।
2. ਪਾਰਟੀਆਂ ਸੰਘ ਅਤੇ ਰਾਜਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਂਦੀਆਂ ਹਨ।
3. ਇਥੇ ਪਾਰਟੀਆਂ ਹਮੇਸ਼ਾਂ ਸਰਗਰਮ ਰਹਿੰਦੀਆਂ ਹਨ, ਕਿਉਂਕਿ ਪ੍ਰਤਿਨਿਧ ਸਦਨ ਦੀ ਚੋਣ ਦੋ ਸਾਲਾਂ ਬਾਅਦ ਹੋ ਜਾਂਦੀ ਹੈ। ਕਈ ਰਾਜਾਂ ਵਿਚ ਜੱਜ ਵੀ ਲੋਕਾਂ ਦੁਆਰਾ ਚੁਣੇ ਜਾਂਦੇ ਹਨ।
4. ਵਿਰੋਧੀ ਰਾਜਨੀਤਿਕ ਦਲ ਸਰਕਾਰ ਦੀਆਂ ਗ਼ਲਤ ਨੀਤੀਆਂ ਦਾ ਵਿਰੋਧ ਕਰਦਾ ਹੈ।
5. ਰਾਜਨੀਤਿਕ ਦਲ ਪ੍ਰਸ਼ਾਸਨ ਅੰਦਰ ਲਚਕ ਲਿਆਉਂਦੇ ਹਨ।
6. ਲੋਕਤੰਤਰ ਨੂੰ ਠੀਕ ਤਰ੍ਹਾਂ ਚਲਾਉਣ ਵਿਚ ਪਾਰਟੀਆਂ ਸਹਾਈ ਹੁੰਦੀਆਂ ਹਨ।
7. ਸ੍ਰੀ ਸ਼ੈਰਿਲ ਅਤੇ ਵੋਗਲਰ (Sherell and Vogler) ਅਨੁਸਾਰ, ਕਿਸੇ ਨਵੇਂ ਰਾਸ਼ਟਰ ਅੰਦਰ ਲੋਕ-ਤੰਤਰ ਦੇ ਵਿਕਾਸ ਦੀ ਇੱਕੋ ਇਕ ਜਾਂਚ ਜਾਇਜ਼ ਵਿਰੋਧੀ ਦਲ ਹੋਂਦ ਵਿਚ ਆਉਣਾ ਹੈ।
8. ਅਮਰੀਕਾ ਅੰਦਰ ਰਾਜਨੀਤਿਕ ਪਾਰਟੀਆਂ ਨੂੰ ਵਧੇਰੇ ਜ਼ਿੰਮੇਵਾਰ ਬਨਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।
9. ਜਾਰਜ ਵੈਲੇਸ (George Wallace) ਅਨੁਸਾਰ, ਲੋਕਾਂ ਦੇ ਝੁਕਾਵਾਂ ਤੋਂ ਇਹ ਪਤਾ ਲਗਾ ਹੈ ਕਿ ਵੋਟਰ ਇਕ ਨਵੀਂ ਪਾਰਟੀ ਦੇ ਨਿਰਮਾਣ ਵਲ ਧਿਆਨ ਦੇ ਸਕਦੇ ਹਨ।
10. ਹੁਣ ਪਾਰਟੀਆਂ ਅੰਦਰ ਵਧੇਰੇ ਅਨੁਸ਼ਾਸਨ ਆਉਣਾ ਸ਼ੁਰੂ ਹੋ ਗਿਆ ਹੈ। ਇਸ ਗਲ ਦਾ ਪਤਾ ਪਾਰਟੀ ਕਨਵੈਨਸ਼ਨਾਂ ਤੋਂ ਲਗਦਾ ਹੈ।

### 1.6.4 ਅਮਰੀਕੀ ਅਤੇ ਬਰਤਾਨਵੀ ਪਾਰਟੀ ਪ੍ਰਣਾਲੀ ਦਾ ਮੁਕਾਬਲਾ (Comparasion between American and British Political Parties)

ਦੋਹਾਂ ਅੰਦਰ ਦੋ ਪਾਰਟੀ ਪ੍ਰਣਾਲੀ ਹੈ (Two Party System in Both): ਦੋਹਾਂ ਦੇਸ਼ਾਂ ਅੰਦਰ ਦੋ ਪਾਰਟੀ ਪ੍ਰਣਾਲੀ ਹੈ। ਬਰਤਾਨੀਆਂ ਅੰਦਰ ਕਨਜ਼ਰਵੇਟਿਵ ਅਤੇ ਲੇਬਰ ਪਾਰਟੀਆਂ ਹਨ, ਅਤੇ ਅਮਰੀਕਾ ਵਿਚ ਰੀਪਬਲੀਕਨ ਅਤੇ ਡੀਮਾਕ੍ਰੇਟਿਕ ਪਾਰਟੀ।

**ਬਰਤਾਨੀਆਂ ਦੀ ਪ੍ਰਣਾਲੀ ਅੰਦਰ ਪਾਰਟੀਆਂ ਵਿਚ ਦ੍ਰਿਸ਼ਟੀਕੋਣ ਦਾ ਅੰਤਰ ਹੈ ਪਰ ਅਮਰੀਕਾ ਵਿਚ ਇਹ ਨਹੀਂ** (There are ideological Differences in Political Parties in Britain, but not in U.S.A. Parties): ਬਰਤਾਨੀਆ ਦੀ ਪ੍ਰਣਾਲੀ ਅੰਦਰ ਕਨਜ਼ਰਵੇਟਿਵ ਅਤੇ ਲਿਬਰਲ ਪਾਰਟੀ ਦੇ ਦ੍ਰਿਸ਼ਟੀਕੋਣਾਂ ਵਿਚਕਾਰ ਕਾਫੀ ਅੰਤਰ ਹਨ ਪਰ ਅਮਰੀਕਾ ਵਿਚ ਇਹ ਅੰਤਰ ਨਹੀਂ ਮਿਲਦੇ।

**ਪਾਰਟੀਆ ਦੇ ਕਾਰਜ ਦੋਹਾਂ ਦੇਸ਼ਾਂ ਵਿਚ ਮਿਲਦੇ ਜੁਲਦੇ ਹਨ** (Functions of the Parties are almost same in both the Countries): ਦੋਹਾਂ ਦੇਸ਼ਾਂ ਵਿਚ ਪਾਰਟੀਆਂ ਦੇ ਕਾਰਜ ਮਿਲਦੇ ਜੁਲਦੇ ਹਨ। ਦੋਵਾਂ ਦੇਸ਼ਾਂ ਅੰਦਰ ਪਾਰਟੀਆਂ ਪ੍ਰਸ਼ਾਸਨ ਉਪਰ ਪੂਰਾ ਪੂਰਾ ਕੰਟਰੋਲ ਰਖਦੀਆਂ ਹਨ। ਵਿਰੋਧੀ ਪਾਰਟੀ ਸਰਕਾਰ ਦੀਆਂ ਗ਼ਲਤ ਨੀਤੀਆਂ ਦੀ ਨਿੰਦਾ ਕਰਦੀ ਹੈ।

**ਇੰਗਲੈਂਡ ਦੀਆਂ ਪਾਰਟੀਆਂ ਵਿਚ ਅਨੁਸ਼ਾਸਨ ਜ਼ਿਆਦਾ ਹੈ ਪਰ ਅਮਰੀਕੀ ਪਾਰਟੀਆਂ ਵਿਚ ਘੱਟ** (More Discipline in Political Parties in England as Compared to U.S.A.): ਅਮਰੀਕਾ ਦੀਆਂ ਰਾਜਨੀਤਿਕ ਪਾਰਟੀਆਂ ਅੰਦਰ ਅਨੁਸ਼ਾਸਨ ਦੀ ਘਾਟ ਹੈ, ਪਰ ਇੰਗਲੈਂਡ ਦੀਆਂ ਰਾਜਨੀਤਿਕ ਪਾਰਟੀਆਂ ਵਿਚ ਅਨੁਸ਼ਾਸਨ ਕਾਫ਼ੀ ਹੈ। ਇੰਗਲੈਂਡ ਵਿਚ ਵਿਰੋਧੀ ਦਲ ਦੇ ਨੇਤਾ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾਂਦੀ ਹੈ ਪਰ ਅਮਰੀਕਾ ਵਿਚ ਨਹੀਂ (In England the leader of the opposition party Enjoys special respect and prestige, but not in U.S.A.) ਅਮਰੀਕਾ ਅੰਦਰ ਵਿਰੋਧੀ ਦਲ ਦਾ ਨੇਤਾ ਉਤਨਾ ਮਹੱਤਵ ਨਹੀਂ ਰਖਦਾ ਜਿੰਨ੍ਹਾਂ ਕਿ ਇੰਗਲੈਂਡ ਅੰਦਰ। ਆਪੋਜ਼ੀਸ਼ਨ ਦੇ ਨੇਤਾ ਨੂੰ ਖਾਸ ਸਹੂਲਤਾਂ ਅਤੇ ਮਾਣ ਤਾਣ ਦਿੱਤਾ ਜਾਂਦਾ ਹੈ। ਆਪੋਜ਼ੀਸ਼ਨ ਨੂੰ ਹਿਜ਼ ਜਾਂ ਹਰ ਮੈਜਿਸਟੀ ਆਪੋਜ਼ੀਸ਼ਨ ਕਿਹਾ ਜਾਂਦਾ ਹੈ। ਅਮਰੀਕਾ ਵਿਚ ਇਹ ਗੱਲ ਨਹੀਂ ਮਿਲਦੀ।

**ਇੰਗਲੈਂਡ ਵਿਚ ਟ੍ਰੇਡ ਯੂਨੀਅਨਾਂ ਲੇਬਰ ਪਾਰਟੀ ਦੇ ਹੱਕ ਵਿਚ ਰਹਿੰਦੀਆਂ ਹਨ ਪਰ ਅਮਰੀਕਾ ਵਿਚ ਉਹ ਕਿਸੇ ਵਿਸ਼ੇਸ਼ ਪਾਰਟੀ ਦੀ ਹਮਾਇਤ ਨਹੀਂ ਕਰਦੀਆਂ** (In England Trade Unions Support Labour Party but Trade Union in U.S.A. are allied with both the Parties): ਇੰਗਲੈਂਡ ਅੰਦਰ ਟ੍ਰੇਡ ਯੂਨੀਅਨਾਂ ਲੇਬਰ ਪਾਰਟੀ ਨਾਲ ਜੁੜੀਆਂ ਹਨ- ਪਰ ਅਮਰੀਕਾ ਅੰਦਰ ਉਹ ਕਿਸੇ ਵਿਸ਼ੇਸ਼ ਪਾਰਟੀ ਨਾਲ ਨਹੀਂ ਜੁੜੀਆ ਹੋਈਆਂ।

**ਦੋਹਾਂ ਦੇਸ਼ਾਂ ਅੰਦਰ ਖੇਤਰੀਵਾਦ ਹੈ ਪਰ ਮਾਤਰਾ ਦਾ ਅੰਤਰ ਹੈ** (There is regionalism in both the Countries but the difference is of degree): ਖੇਤਰਵਾਦ ਅਮਰੀਕਾ ਵਿਚ ਵਧੇਰੇ ਹੈ ਕਿਉਂਕਿ ਇਥੇ ਸੰਘੀ ਪ੍ਰਣਾਲੀ ਹੈ। ਇਸ ਪ੍ਰਣਾਲੀ ਅਧੀਨ ਸਥਾਨਕ ਬਾਸਾਂ (Local Bosses) ਦਾ ਕਾਫ਼ੀ ਜ਼ੋਰ ਹੈ। ਇੰਗਲੈਂਡ ਇਕਾਤਮਕ ਦੇਸ਼ ਹੈ ਉਥੇ ਇਹ ਚੀਜ਼ ਨਹੀਂ ਮਿਲਦੀ। ਇਸ ਦਾ ਕਾਰਣ ਇਹ ਹੈ ਕਿ ਉਥੇ ਇਕਾਤਮਕ ਸਰਕਾਰ ਕਾਇਮ ਹੈ।

**ਦੋਹਾ ਦੇਸ਼ਾਂ ਅੰਦਰ ਪਾਰਟੀ ਪ੍ਰਣਾਲੀ ਸਫਲ ਹੈ** (Political Party System is a success in both the Countries): ਦੋਹਾਂ ਦੇਸ਼ਾਂ ਅੰਦਰ ਪ੍ਰਣਾਲੀ ਸਫਲ ਹੈ। ਉਥੇ ਦੋਹਾਂ ਦੇਸ਼ਾਂ ਅੰਦਰ ਸਥਾਈ ਅਤੇ ਜ਼ਿੰਮੇਵਾਰ ਸਰਕਾਰਾਂ ਕਾਇਮ ਹਨ ਜਿਹੜੀਆਂ ਪੂਰਾ ਸਮਾਂ ਕੱਟਦੀਆਂ ਹਨ।

**ਦੋਹਾਂ ਦੇਸ਼ਾਂ ਵਿਚ ਪਾਰਟੀਆਂ ਲੋਕ ਰਾਏ ਦਾ ਨਿਰਮਾਣ ਕਰਦੀਆਂ ਹਨ** (Political Parties form Public opinion in both the Countries): ਦੋਹਾਂ ਦੇਸ਼ਾਂ ਲੋਕ ਰਾਏ ਦੇ ਨਿਰਮਾਣ ਵਿਚ ਹਿੱਸਾ ਪਾਉਂਦੀਆਂ ਹਨ। ਲੋਕ ਰਾਏ ਦੇ ਨਿਰਮਾਣ ਵਿਚ ਰਾਜਨੀਤਿਕ ਦਲ ਆਪਣਾ ਹਿੱਸਾ ਪਾਉਂਦੇ ਹਨ। ਰਾਜਨੀਤਿਕ ਦਲਾਂ ਦਾ ਕੰਮ ਲੋਕਾਂ ਅੱਗੇ ਰਾਸ਼ਟਰੀ ਸਮੱਸਿਆਵਾਂ ਰੱਖ ਕੇ ਅਤੇ ਆਪਣੇ ਵੱਲੋਂ ਹੱਲ ਦਸ ਕੇ ਉਨ੍ਹਾਂ ਨੂੰ ਸਿੱਖਿਅਤ ਕਰਨਾ ਹੁੰਦਾ ਹੈ। ਇਕ ਪ੍ਰਸਿੱਧ ਲੇਖਕ ਅਨੁਸਾਰ, ਹਰੇਕ ਰਾਜਨੀਤਿਕ ਪਾਰਟੀ ਤਾਕਤ ਆਪਣੇ ਹੱਕ ਵਿਚ ਲੈਣ ਦੀ ਖ਼ਾਤਰ ਲੋਕਾਂ ਅੱਗੇ ਕਈ ਪ੍ਰਕਾਰ ਦੇ ਤੱਥ ਪ੍ਰੈਸ, ਪੁਸਤਕਾਂ, ਪਲੈ ਫ਼ਾਰਮ ਆਦਿ ਰਾਹੀਂ ਰਖਦੀ ਹੈ।ਲੋਕਾਂ ਨੂੰ ਉਨ੍ਹਾਂ ਦੇ ਸਟੈਂਡ ਅਤੇ ਵਤੀਰੇ ਦਾ ਪਤਾ ਚਲਦਾ ਰਹਿੰਦਾ ਹੈ। ਲੋਕਾਂ ਨੂੰ ਸੋਚਣਾ ਪੈਦਾ ਹੈ ਕਿ ਕੀ ਕਿਸੇ ਖਾਸ ਪਾਰਟੀ ਦੁਆਰਾ ਦੱਸੇ ਗਏ ਹਲ ਠੀਕ ਨਹੀਂ। ਲੋਕ ਜ਼ਰੂਰੀ ਨਹੀਂ ਕਿ ਜੋ ਕੁੱਝ ਕੋਈ ਖ਼ਾਸ ਪਾਰਟੀ ਦੱਸੇ ਉਸ ਨੂੰ ਹਜ਼ਮ ਹੀ ਕਰ ਲੈਣ ਪਰੰਤੂ ਜਦੋਂ ਪਾਰਟੀਆਂ ਆਪਣੇ ਵਿਚਾਰਾਂ ਨੂੰ ਪਗਟਾਉਂਦੀਆਂ ਹਨ ਲੋਕਾਂ ਨੂੰ

ਆਪਣਾ ਦਿਮਾਗ ਜ਼ਰੂਰ ਲਗਾਉਣਾ ਪੈਂਦਾ ਹੈ। ਗੈਟਲ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਰਾਜਨੀਤਿਕ ਪਾਰਟੀਆਂ ਆਪਣੇ ਹਿੱਤਾਂ ਦੀ ਪੂਰਤੀ ਲਈ ਉਹ ਕਈ ਢੰਗ ਅਪਣਾਉਂਦੀਆਂ ਹਨ। ਪ੍ਰੋਪੇਗੰਡੇ ਤੇ ਬਹੁਤ ਜ਼ੋਰ ਹੁੰਦਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਦੋਹਾਂ ਦੇਸ਼ਾਂ ਦੇ ਦਲਾਂ ਵਿਚਕਾਰ ਅੰਤਰ ਕਾਫੀ ਘਟ ਹੁੰਦੇ ਹਨ।

## 1.6.5 ਸਿੱਟਾ

ਬਰਤਾਨਵੀ ਦਲ-ਪ੍ਰਣਾਲੀ ਮੁੱਖ ਰੂਪ ਵਿੱਚ ਦੋ ਦਲ ਪ੍ਰਣਾਲੀ ਹੈ। ਇਹ ਦਲ ਪੂਰਨ ਰੂਪ ਵਿੱਚ ਸੰਗਠਿਤ ਅਨੁਸ਼ਾਸਤ ਹਨ। ਕੇਂਦਰੀਕਰਣ, ਉਦਾਰਤਾ ਅਤੇ ਸਮਝੌਤੇ ਦੀ ਭਾਵਨਾ ਬਰਤਾਨਵੀ ਰਾਜਨੀਤਿਕ ਦਲਾਂ ਦੀ ਮੁੱਖ ਵਿਸ਼ੇਸ਼ਤਾ ਹੈ। ਅਮਰੀਕਾ ਦਲ ਦ੍ਰਿੜ੍ਹ ਸਿਧਾਂਤਾਂ ਤੇ ਅਧਾਰਿਤ ਨਹੀਂ ਹਨ ਅਤੇ ਮੁੱਖ ਰੂਪ ਵਿੱਚ ਇਹ ਵੱਖ ਵੱਖ ਵਰਗਾਂ ਦੇ ਸਮੂਹ ਹਨ। ਪਰ ਇਸ ਗੱਲ ਦੇ ਬਾਵਜੂਦ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅਮਰੀਕਾ ਵਿ ਰਾਜਨੀਤਿਕ ਦਲਾਂ ਦੇ ਫਲਸਰੂਪ ਹੀ ਪ੍ਰਧਾਨਗੀ ਸ਼ਾਸਨ-ਪ੍ਰਣਾਲੀ ਕੁਸ਼ਲਤਾ ਪੂਰਵਕ ਕੰਮ ਕਰ ਰਹੀ ਹੈ। ਇਹ ਰਾਜਨੀਤਿਕ ਦਲ ਦੀ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਵਿਚ ਕੜੀ ਦਾ ਕੰਮ ਕਰਦੇ ਹਨ ਅਤੇ ਇਹਨਾਂ ਰਾਜਨੀਤਿਕ ਦਲਾਂ ਦੁਆਰਾ ਹੀ ਸੰਘ ਸਰਕਾਰ ਅਤੇ ਰਾਜ ਸਰਕਾਰਾਂ ਵਿੱਚ ਪ੍ਰਸਪਰ ਸੰਪਰਕ ਬਣਿਆ ਰਹਿੰਦਾ ਹੈ। ਜੇਕਰ ਅਮਰੀਕੀ ਰਾਜਨੀਤੀਵਾਨ ਇਹਨਾਂ ਦਲਾਂ ਨੂੰ ਸਪਸ਼ਟ ਆਰਥਿਕ ਅਤੇ ਰਾਜਨੀਤਿਕ ਸਿਧਾਂਤਾਂ ਦੇ ਆਧਾਰ ਤੇ ਸੰਗਠਨ ਕਰਨ ਦਾ ਯਤਨ ਕਰਨ ਤਾ ਅਮਰੀਕੀ ਦਲਾਂ ਅਧਿਐਨ ਵਧੇਰੇ ਰੌਚਕ ਬਣ ਜਾਵੇਗਾ। ਵਰਤਮਾਨ ਅਮਰੀਕੀ ਅਵਸਥਾਵਾਂ ਇਸ ਸੱਚਾਈ ਦਾ ਸੰਕੇਤ ਕਰਦੀਆਂ ਹਨ ਕਿ ਜਿਉਂ-ਜਿਉਂ ਅਮਰੀਕਾ ਦਾ ਹੋਰ ਜ਼ਿਆਦਾ ਬਹੁਪੱਖੀ ਵਿਕਾਸ ਹੋਵੇਗਾ, ਇਸ ਦੇ ਨਾਲ ਅਮਰੀਕਾ ਵਿੱਚ ਰਾਜਨੀਤੀ ਸੰਗਠਨਾਂ ਦੀ ਗਿਣਤੀ ਤੇ ਪ੍ਰਭਾਵ ਵੀ ਵਧਦਾ ਜਾਵੇਗਾ।

## 1.6.6 ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਅਮਰੀਕਾ ਦੀ ਦਲ-ਪ੍ਰਣਾਲੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਕਿਹੜੀਆਂ ਹਨ?
2. ਇੰਗਲੈਂਡ ਦੀ ਦਲ-ਪ੍ਰਣਾਲੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਕਿਹੜੀਆਂ ਹਨ?

## 1.6.7 ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਸੰਯੁਕਤ ਰਾਜ ਅਮਰੀਕਾ ਵਿੱਚ ਰਾਜਨੀਤਿਕ ਦਲਾਂ ਦੇ ਸਰੂਪ ਅਤੇ ਕਾਰਜ ਪ੍ਰਣਾਲੀ ਦੀ ਵਿਆਖਿਆ ਕਰੋ?
2. ਇੰਗਲੈਂਡ ਵਿੱਚ ਰਾਜਨੀਤਿਕ ਦਲਾਂ ਦੇ ਸਰੂਪ ਅਤੇ ਕਾਰਜ ਪ੍ਰਣਾਲੀ ਦੀ ਵਿਆਖਿਆ ਕਰੋ?

## 1.6.8 ਪੜ੍ਹਨਯੋਗ ਪੁਸਤਕਾਂ

J.C.Johari : Comparative Politics

ਪਾਠ ਨੰ: 2.1 ਸੈਕਸ਼ਨ ਬੀ, 3 (ਸੀ) ਯੂਨਿਟ ਨੰ : 3 ਲੇਖਕ : ਡਾ. ਸੰਸਾਰ ਸਿੰਘ ਜੰਜੂਆ

## ਸੰਯੁਕਤ ਰਾਜ ਅਮਰੀਕਾ ਦੀ ਸੰਘੀ ਪ੍ਰਣਾਲੀ, ਸਰੂਪ ਅਤੇ ਕਾਰਜਸ਼ੀਲਤਾ

## (Federal System of United States of America, Nature and Working)

**ਰਚਨਾ**

**2.1.0 ਉਦੇਸ਼**

**2.1.1 ਇਤਿਹਾਸਿਕ ਪਿਛੋਕੜ**

**2.1.2 ਸ਼ਕਤੀਆਂ ਦੀ ਵੰਡ**

**2.1.3 ਅੰਤਰ-ਨਿਹਿਤ ਸ਼ਕਤੀਆਂ ਦਾ ਸਿਧਾਂਤ (Doctrine of Implied Powers)**

**2.1.4 ਰਾਜਾਂ ਦੀਆਂ ਸ਼ਕਤੀਆਂ**

**2.1.5 ਸਮਵਰਤੀ ਸ਼ਕਤੀਆਂ**

**2.1.6 ਅਮਰੀਕਨ ਸੰਘ ਪ੍ਰਣਾਲੀ ਵਿਚ ਰਾਜਾਂ ਦਾ ਸਥਾਨ**

**2.1.7 ਸਿੱਟਾ**

**2.1.8 ਸਹਾਇਕ ਪੁਸਤਕਾਂ**

**2.1.9 ਅਧਿਐਨ ਲਈ ਪ੍ਰਸ਼ਨ**

### 2.1.0 ਉਦੇਸ਼ :

ਪਿਛਲੇ ਪਾਠ ਵਿੱਚ ਅਸੀਂ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਬਾਰੇ ਚਰਚਾ ਕਰਦੇ ਹੋਏ ਦੱਸਿਆ ਸੀ ਕਿ ਅਮਰੀਕਾ ਦੇ ਸੰਵਿਧਾਨ ਦਾ ਅਦਭੁਤ ਲੱਛਣ ਇਸ ਦਾ ਸੰਘਵਾਦ ਹੈ। ਭਾਵੇਂ ਅੱਜ ਵੀ ਅਮਰੀਕਨ ਪ੍ਰਣਾਲੀ ਨੂੰ ਸੰਘ-ਪ੍ਰਣਾਲੀ ਹੀ ਕਿਹਾ ਜਾਂਦਾ ਹੈ, ਪਰ ਪਿਛਲੀਆਂ ਦੋ ਸਦੀਆਂ ਦੇ ਕਾਰਜ-ਕ੍ਰਿਆ (Working) ਦੌਰਾਨ ਇਸ ਢਾਂਚੇ ਉੱਤੇ ਏਨੇ ਵਿਭਿੰਨ ਦਬਾਓ ਤੇ ਪ੍ਰਭਾਵ ਪਏ ਹਨ ਕਿ ਇਸ ਦੇ ਮੁੱਢਲੇ ਸਰੂਪ ਤੇ ਲੱਛਣਾਂ ਵਿਚ ਕਾਫੀ ਪਰਿਵਰਤਨ ਆ ਗਿਆ ਹੈ। ਇਸ ਪਾਠ ਵਿੱਚ ਅਸੀਂ ਅਮਰੀਕਨ ਸੰਘਵਾਦ ਦੇ ਸਰੂਪ ਤੇ ਪ੍ਰਾਕ੍ਰਿਤੀ ਦੇ ਨਾਲ ਨਾਲ ਉਨ੍ਹਾਂ ਪਰਿਵਰਤਨਾਂ ਦੀ ਵੀ ਚਰਚਾ ਕਰਾਂਗੇ, ਜੋ ਸਮੇਂ ਦੇ ਪ੍ਰਭਾਵ ਕਾਰਨ ਇਸ ਪ੍ਰਣਾਲੀ ਵਿੱਚ ਆ ਗਏ ਹਨ।

### 2.1.1 ਇਤਿਹਾਸਿਕ ਪਿਛੋਕੜ:

ਆਓ ਪਹਿਲਾਂ ਇਹ ਦੇਖੀਏ ਕਿ ਸੰਘਵਾਦ ਕਿਸ ਨੂੰ ਕਹਿੰਦੇ ਹਨ। ਸੰਘਵਾਦ ਸ਼ਬਦ ਮੁੱਖ ਅਤੇ ਪ੍ਰਸਿੱਧ ਵਿਚਾਰਕਾਂ ਦੁਆਰਾ ਵੱਖ-ਵੱਖ ਅਰਥਾਂ ਵਿੱਚ ਪ੍ਰਯੋਗ ਕੀਤਾ ਗਿਆ ਹੈ। ਹੈਮਿਲਟਨ (Hamilton) ਅਨੁਸਾਰ 'ਸੰਘ ਰਾਜਾਂ ਦੀ ਉਹ ਯੂਨੀਅਨ ਹੈ ਜੋ ਕਿ ਇਕ ਨਵਾਂ ਰਾਜ ਬਣਾਉਂਦੀ ਹੈ'। ਮਾਨਟੈਸਕਿਉ (Montesquieu) ਅਨੁਸਾਰ, 'ਸੰਘਾਤਮਕ ਸਰਕਾਰ ਇਕ ਉਹ ਸਕੀਮ ਹੈ ਜਿਸ ਅਨੁਸਾਰ ਕਈ ਇਕੋ ਜਿਹੇ ਰਾਜ ਇਕ ਵੱਡੇ ਰਾਜ ਦੇ ਮੈਂਬਰ ਬਨਣ ਲਈ ਸਹਿਮਤ ਹੋ ਜਾਂਦੇ ਹਨ'। ਡਾਇਸੀ (Dicey) ਅਨੁਸਾਰ 'ਸੰਘਾਤਮਕ ਰਾਜ ਉਸ ਰਾਜਨੀਤਿਕ ਸਾਧਨ ਤੋਂ ਵੱਧ ਕੁਝ ਵੀ ਨਹੀਂ ਜਿਸ ਦਾ ਮਨੋਰਥ ਰਾਜ ਅਧਿਕਾਰਾਂ ਅਤੇ ਰਾਸ਼ਟਰੀ ਏਕਤਾ ਵਿਚ ਸਮਝੌਤਾ ਪੈਦਾ ਕਰਨਾ ਹੈ'। ਫਾਈਨਰ (Finer) ਅਨੁਸਾਰ, 'ਸੰਘਾਤਮਕ ਰਾਜ' ਉਹ ਹੁੰਦਾ ਹੈ ਜਿਸ ਵਿਚ ਅਖਤਿਆਰਾਂ ਦਾ ਕੁਝ ਭਾਗ ਸਥਾਨਿਕ ਖੇਤਰ ਕੋਲ ਹੁੰਦਾ ਹੈ ਅਤੇ ਦੂਜਾ ਭਾਗ ਕੇਂਦਰੀ ਸੰਸਥਾ ਪਾਸ ਹੁੰਦਾ ਹੈ ਜਿਸ ਨੂੰ ਸਥਾਨਿਕ ਖੇਤਰ ਆਪਸ ਵਿਚ ਰਲ ਕੇ ਬਣਾਉਂਦੇ ਹਨ। ਉਪਰੋਕਤ ਪ੍ਰੀਭਾਸ਼ਾਵਾਂ ਤੋਂ ਇਹ ਸਪਸ਼ਟ ਹੋ ਗਿਆ ਹੋਵੇਗਾ ਕਿ ਸੰਘਾਤਮਕ ਰਾਜਾਂ ਵਿਚੋਂ ਕੇਂਦਰ ਅਤੇ ਇਕਾਈਆਂ ਵਿਚ ਸ਼ਕਤੀਆਂ ਦੀ ਵੰਡ ਹੋਈ ਹੁੰਦੀ ਹੈ। ਸੰਘ ਬਣਾਉਣ ਲਈ ਕੁਝ ਸ਼ਰਤਾਂ ਦਾ ਹੋਣਾ ਜ਼ਰੂਰੀ ਹੈ ਜਿਵੇਂ ਭੂਗੋਲਿਕ ਨੇੜਤਾ, ਭਾਸ਼ਾ ਅਤੇ ਸੰਸਕ੍ਰਿਤ ਦੀ ਸਾਂਝ, ਇਕਾਈਆਂ ਦੀ ਬਰਾਬਰੀ, ਸਾਂਝੀਆਂ ਰਾਜਨੀਤਿਕ ਅਤੇ ਸਮਾਜਿਕ ਸੰਸਥਾਵਾਂ ਅਤੇ ਏਕਤਾ ਦੀ ਇੱਛਾ ਆਦਿ। ਇਹਨਾਂ ਵਿੱਚੋਂ ਕੋਈ ਸ਼ਰਤ ਪੂਰਨ ਤੌਰ ਤੇ ਲਾਜ਼ਮੀ ਨਹੀਂ ਹੈ। ਸੰਘਵਾਦ ਦੇ ਜ਼ਰੂਰੀ ਲੱਛਣਾਂ ਵਿੱਚੋਂ ਸੰਵਿਧਾਨ ਦਾ ਲਿਖਤੀ, ਕਠੋਰ ਅਤੇ ਸਰਬੋਤਮ ਹੋਣਾ, ਸ਼ਕਤੀ ਵਿਭਾਜਨ ਅਤੇ ਸਰਬਉੱਚ ਨਿਆਂ-ਪਾਲਿਕਾ ਦੀ ਹੋਂਦ ਅਤਿਅੰਤ ਮਹੱਤਵਪੂਰਨ ਲੱਛਣ ਹਨ। ਇਹ ਸਾਰੇ ਲੱਛਣ ਅਮਰੀਕਨ ਸੰਘ ਵਿੱਚ ਮੌਜੂਦ ਹਨ ਅਮਰੀਕਾ ਦਾ ਸੰਵਿਧਾਨ ਲਿਖਤੀ ਅਤੇ ਕਠੋਰ ਹੈ ਜੋ ਦੇਸ਼ ਦੀ ਸਰਬੋਤਮ ਕਾਨੂੰਨ ਹੈ। ਸਰਕਾਰੀ

ਸ਼ਕਤੀਆਂ ਸੰਘੀ ਸਰਕਾਰ ਅਤੇ ਰਾਜ ਸਰਕਾਰਾਂ ਵਿਚ ਵੰਡੀਆਂ ਹੋਈਆਂ ਹਨ। ਸੰਵਿਧਾਨ ਵਿਚ ਸਰਵਉੱਚ ਨਿਆਂਇਕ ਅੰਗ ਦਾ ਉਪਬੰਧ ਕੀਤਾ ਗਿਆ ਹੈ ਜੋ ਸੰਘ ਅਤੇ ਰਾਜਾਂ ਦੇ ਆਪਸੀ ਝਗੜਿਆਂ ਦਾ ਨਿਪਟਾਰਾ ਕਰਦਾ ਹੈ। ਇਸ ਤੋਂ ਇਲਾਵਾ ਅਮਰੀਕਾ ਵਿਚ ਰਾਜਾਂ ਦੇ ਵੱਖਰੇ ਸੰਵਿਧਾਨ ਹਨ। ਉਥੇ ਦੋਹਰੀ ਨਾਗਰਕਿਤਾ ਦਾ ਸਿਧਾਂਤ ਪ੍ਰਚਲਿਤ ਹੈ। ਇਸ ਤੋਂ ਸਾਨੂੰ ਪਤਾ ਲਗਦਾ ਹੈ ਕਿ ਅਮਰੀਕਾ ਵਿਚ ਆਦਰਸ਼ ਸੰਘਾਤਮਕ ਪ੍ਰਣਾਲੀ ਮੌਜੂਦ ਹੈ।

## 2.1.2 ਸ਼ਕਤੀਆਂ ਦਾ ਵਿਭਾਜਨ (Divisious of Powers)

**ਸੰਘੀ ਸਰਕਾਰ ਦੀਆਂ ਸ਼ਕਤੀਆਂ (Powers of the Federal Govt.) :–** ਸੰਘਾਤਮਕ ਸਰਕਾਰ ਅਤੇ ਰਾਜਾਂ ਵਿਚ ਸ਼ਕਤੀਆਂ ਦੇ ਵਿਭਾਜਨ ਨੂੰ ਸਮਝਣ ਲਈ ਇਹ ਦੇਖਣਾ ਜਰੂਰੀ ਹੈ ਕਿ 13 ਰਾਜਾਂ ਵਿਚ ਕੋਈ ਵੀ ਰਾਜ ਆਪਣੀ ਪ੍ਰਭੂੱਤਾ ਪੂਰੀ ਤਰ੍ਹਾਂ ਖਤਮ ਕਰਨ ਲਈ ਤਿਆਰ ਨਹੀਂ ਸੀ। ਸੰਘ ਦੀ ਅਤੇ ਰਾਜਾਂ ਦੀ ਸੁਤੰਤਰਤਾ ਦਾ ਵੀ ਲੋੜ ਸੀ। ਇਸ ਸੰਵਿਧਾਨ ਨਿਰਮਾਤਾਵਾਂ ਸਾਹਮਣੇ ਸਭ ਤੋਂ ਵੱਡਾ ਕੰਮ ਇਹ ਸੀ ਕਿ ਸ਼ਕਤੀਸ਼ਾਲੀ ਰਾਸ਼ਟਰੀ ਸਰਕਾਰ ਦਾ ਨਿਰਮਾਣ ਕੀਤਾ ਜਾਵੇ ਜੋ ਇਤਨੀ ਸ਼ਕਤੀਸ਼ਾਲੀ ਹੋਵੇ ਕਿ ਉਨ੍ਹਾਂ ਖਤਰਿਆਂ ਦਾ ਸਾਹਮਣਾ ਕਰ ਸਕੇ ਜੋ ਪੁਰਾਣੇ ਮਹਾਂ ਸੰਘ (Confederation) ਨੂੰ ਪੇਸ਼ ਆਏ ਸਨ। ਇਤਨੀ ਸ਼ਕਤੀਸ਼ਾਲੀ ਵੀ ਨਾ ਹੋਵੇ ਕਿ ਉਹ ਰਾਜਾਂ ਤੇ ਸੁਤੰਤਰਤਾ ਨੂੰ ਬਿਲਕੁਲ ਖਤਮ ਕਰ ਦੇਵੇ। ਇਸ ਸਮੱਸਿਆ ਦਾ ਹੱਲ ਉਨ੍ਹਾਂ ਨੇ ਇਸ ਤਰ੍ਹਾ ਕੀਤਾ ਕਿ ਫੈਡਰਲ ਸਰਕਾਰ ਨੂੰ ਬਹੁਤ ਸਾਰੀਆਂ ਸ਼ਕਤੀਆਂ ਦੇ ਦਿੱਤੀਆਂ ਗਈਆਂ ਪਰ ਨਾਲ ਹੀ ਇਸ ਗੱਲ ਦਾ ਧਿਆਨ ਰੱਖਿਆ ਕਿ ਕਿਸੇ ਵੀ ਖੇਤਰ ਵਿਚ ਉਸ ਨੂੰ ਅਸੀਮ ਅਧਿਕਾਰ ਨਾ ਦਿੱਤੇ ਜਾਣ। ਉਨ੍ਹਾਂ ਨੇ ਇਹ ਤਾਂ ਦੇਖਿਆ ਕਿ ਸੰਘ-ਸਰਕਾਰ ਦੀ ਆਮਦਨ ਕਾਫੀ ਹੋਣੀ ਚਾਹੀਦੀ ਹੈ, ਪਰ ਟੈਕਸ ਲਾਉਣ ਦੀ ਅਸੀਮ ਸ਼ਕਤੀ ਉਸ ਨੂੰ ਨਾ ਦਿੱਤੀ। ਉਸ ਨੂੰ ਵਿਦੇਸ਼ੀ ਅਤੇ ਅੰਤਰ-ਰਾਜੀ ਵਪਾਰ ਵਿਨਿਯਮਤ ਕਰਨ ਦਾ ਅਧਿਕਾਰ ਦਿੱਤਾ, ਪਰੰਤੂ ਰਾਜਾਂ ਵਿਚਲੇ ਵਪਾਰ ਵਿਚ ਦਖਲ ਦੇਣ ਤੋਂ ਰੋਕਿਆ। ਇਸੇ ਤਰ੍ਹਾਂ ਸੰਘ ਸਰਕਾਰ ਨੂੰ ਸੈਨਾ ਰੱਖਣ ਦਾ ਅਧਿਕਾਰ ਦਿੱਤਾ ਗਿਆ, ਪਰੰਤੂ ਇਸ ਦੇ ਨਾਲ ਹੀ ਇਹ ਅਧਿਕਾਰ ਰਾਜ ਨੂੰ ਵੀ ਦਿੱਤਾ ਗਿਆ। ਗੱਲ ਕੀ ਰਾਸ਼ਟਰੀ ਸਰਕਾਰ ਨੂੰ ਨਿਸ਼ਚਿਤ ਸ਼ਕਤੀਆਂ ਦਿੱਤੀਆਂ ਗਈਆਂ। ਸੰਵਿਧਾਨ ਨੂੰ ਇਸ ਸਿਧਾਂਤ ਤੇ ਬਣਾਇਆ ਗਿਆ ਕਿ ਸੰਘ-ਸਰਕਾਰ ਉਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਕਰੇਗੀ ਜਿਨ੍ਹਾਂ ਦਾ ਸੰਵਿਧਾਨ ਵਿਚ ਵਰਣਨ ਕੀਤਾ ਗਿਆ ਹੈ ਜਾਂ ਉਹ ਸ਼ਕਤੀਆਂ, ਜਿਨ੍ਹਾਂ ਦਾ ਸੰਵਿਧਾਨ ਵਿਚ ਲਿਖੀਆਂ ਧਾਰਾਵਾਂ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ। ਦਸਵੇਂ ਸ਼ਸੋਧਨ ਅਨੁਸਾਰ ਜਿਹੜੀਆਂ ਸ਼ਕਤੀਆਂ ਸ਼ਯੁਕਤ ਰਾਜ ਅਮਰੀਕਾ ਨੂੰ ਨਹੀਂ ਸੌਂਪੀਆਂ ਗਈਆਂ ਅਤੇ ਜਿਨ੍ਹਾਂ ਦਾ ਪ੍ਰਯੋਗ ਕਰਨ ਲਈ ਰਾਜਾਂ ਨੂੰ ਕੋਈ ਮਨਾਹੀ ਨਹੀਂ, ਉਹ ਰਾਜਾਂ ਲਈ ਰਾਖਵੀਆਂ ਹਨ। ਪ੍ਰਮੁੱਖ ਸੰਘਾਤਮਕ ਸ਼ਕਤੀਆਂ ਉਹ ਹਨ ਜੋ ਕਾਂਗਰਸ, ਰਾਸ਼ਟਰਪਤੀ ਅਤੇ ਸੁਪਰੀਮ ਕੋਰਟ ਨੂੰ ਦਿੱਤੀਆਂ ਗਈਆਂ ਹਨ। ਇਨ੍ਹਾਂ ਵਿਚ ਕੁਝ ਇਸ ਪ੍ਰਕਾਰ ਹਨ-ਟੈਕਸ ਲਗਾਉਣ, ਯੁੱਧ ਦੀ ਘੋਸ਼ਣਾ ਕਰਨਾ, ਛੋਟੀਆਂ ਅਦਾਲਤਾਂ ਦੀ ਸਥਾਪਨਾ, ਸੈਨਾ ਦੀ ਸਥਾਪਨਾ, ਉਸ ਦਾ ਪ੍ਰਬੰਧ ਜਲ ਸੈਨਾ ਦਾ ਪ੍ਰਬੰਧ ਅਤੇ ਹੋਰ ਰਾਸ਼ਟਰੀ ਹਿਤ ਦੇ ਮਾਮਲੇ।

**2.1.3 ਅੰਤਰ-ਨਿਹਿਤ ਸ਼ਕਤੀਆਂ ਦਾ ਸਿਧਾਂਤ (Theory of Implied Powers) :–** ਸੰਵਿਧਾਨ ਦੇ ਬਣਨ ਤੋਂ ਪਿਛੋਂ ਸੰਘ ਸਰਕਾਰ ਦੀਆਂ ਸ਼ਕਤੀਆਂ ਬਹੁਤ ਵੱਧ ਗਈਆਂ ਹਨ। ਅੱਜ ਸੰਘੀ ਸਰਕਾਰ ਕੋਲ ਬਹੁਤ ਸਾਰੀਆਂ ਸ਼ਕਤੀਆਂ ਵੀ ਹਨ ਜਿਨ੍ਹਾਂ ਦਾ ਸੰਵਿਧਾਨ ਵਿਚ ਕੋਈ ਵਰਣਨ ਨਹੀਂ ਮਿਲਦਾ। ਸੰਘੀ ਸ਼ਕਤੀਆਂ ਦੇ ਵੱਧ ਜਾਣ ਦਾ ਕਾਰਨ ਸੰਵਿਧਾਨ ਦੇ ਅਨੁਛੇਦ 1 ਦਾ ਭਾਗ 8 ਹੈ, ਜਿਸ ਵਿਚ ਕਾਂਗਰਸ ਦੀਆਂ ਸ਼ਕਤੀਆਂ ਦਾ ਵਰਣਨ ਕੀਤਾ ਹੋਇਆ ਹੈ ਅਤੇ ਇਸ ਦੇ ਨਾਲ ਕਾਂਗਰਸ ਨੂੰ ਇਹ ਵੀ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਇਨ੍ਹਾਂ ਸ਼ਕਤੀਆਂ, ਜੋ ਸੰਵਿਧਾਨ ਦੁਆਰਾ ਦਿੱਤੀਆਂ ਗਈਆਂ ਹਨ, ਦੇ ਪ੍ਰਯੋਗ ਲਈ ਜ਼ਰੂਰੀ ਅਤੇ ਲੋੜੀਂਦੇ ਕਾਨੂੰਨ ਬਣਾ ਸਕਦੀ ਹੈ। ਇਸ ਲਚਕੀਲੀ ਧਾਰਾ ਨੇ ਰਾਸ਼ਟਰੀ ਪੱਧਰ ਤੇ ਵਾਦ-ਵਿਵਾਦ ਨੂੰ ਜਨਮ ਦਿੱਤਾ।

ਇਤਿਹਾਸ ਦਸਦਾ ਹੈ ਕਿ ਇਸ ਨੁਕਤੇ ਉੱਤੇ ਸੰਵਿਧਾਨ ਦੇ ਵਿਆਖਿਆਕਾਰਾਂ ਵਿਚ ਕਈ ਵਾਰ ਝਗੜਾ ਵੀ ਹੋਇਆ ਹੈ। ਵਿਵਾਦ ਦਾ ਵਿਸ਼ਾ ਇਹ ਹੈ ਕਿ ਸੰਵਿਧਾਨ ਵਿਚ ਵਿਸ਼ੇਸ਼ ਤੌਰ ਤੇ ਪ੍ਰਦਾਨ ਕੀਤੀਆਂ ਸ਼ਕਤੀਆਂ ਵਿਚ ਕਿਹੜੀਆਂ ਸ਼ਕਤੀਆਂ ਅੰਤਰ-ਨਿਹਿਤ ਹਨ। ਹੈਮਿਲਟਨ (Hamilton) ਅਤੇ ਉਸ ਦੇ ਸਮਰਥਕਾਂ ਦਾ (ਜਿਹਨਾਂ ਨੂੰ ਵਿਸਥਾਰ ਪੱਖੀ ਕਹਿੰਦੇ ਹਨ) ਵਿਚਾਰ ਸੀ ਕਿ ਕਾਂਗਰਸ ਪਾਸ ਸਪੱਸ਼ਟ ਤੌਰ ਤੇ ਵਰਣਨ ਕੀਤੀਆਂ ਗਈਆਂ ਸ਼ਕਤੀਆਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸ਼ਕਤੀਆਂ ਹਨ। ਜੈਫਰਸਨ (Jefferson) ਤੇ ਉਸ ਦੇ ਸਮਰਥਕਾਂ ਦਾ ਵਿਚਾਰ ਸੀ ਕਿ ਸੰਘੀ ਸ਼ਕਤੀਆਂ ਕੇਵਲ ਉਹੀ ਹਨ ਜਿਨ੍ਹਾਂ ਨੂੰ ਸੰਵਿਧਾਨ ਵਿਚ ਲਿਖਿਆ ਗਿਆ ਹੈ ਅਤੇ ਇਹ ਕਿ ਸਪੱਸ਼ਟ ਤੌਰ ਤੇ ਵਰਣਨ ਕੀਤੀਆਂ ਗਈਆਂ ਸ਼ਕਤੀਆਂ ਤੋ ਬਾਹਰ ਸੰਘ ਸਰਕਾਰਾਂ ਦਵਾਰਾ ਕਿਸੇ ਸ਼ਕਤੀ ਦਾ ਪ੍ਰਯੋਗ ਨਹੀਂ ਕੀਤਾ ਜਾ ਸਕਦਾ। ਇਹ ਸੰਵਿਧਾਨ ਦੀ ਸੰਕੁਚਿਤ ਵਿਆਖਿਆ ਹੈ। ਇਸ ਤਰ੍ਹਾਂ ਵਿਸਥਾਰ ਪੱਖੀ ਵਿਆਖਿਆਕਾਰਾਂ ਨੇ ਲੋੜੀਂਦੇ ਅਤੇ ਯੋਗ ਧਾਰਾ ਨੂੰ ਇਸ ਤਰ੍ਹਾਂ ਵਰਤਿਆ ਹੈ ਜਿਸ ਨਾਲ ਸੰਵਿਧਾਨ ਵਿਚ ਵਰਨਣ ਕੀਤੀਆਂ ਗਈਆਂ ਸ਼ਕਤੀਆਂ ਵਿਚੋਂ ਹੋਰ ਬਹੁਤ ਸਾਰੀਆਂ ਸ਼ਕਤੀਆਂ ਵੀ ਪ੍ਰਾਪਤ ਕੀਤੀਆਂ ਜਾ ਸਕਣ ਅਤੇ ਸੰਘੀ ਸੰਵਿਧਾਨ ਦੀ ਵਿਆਖਿਆ ਕਰਦਿਆਂ ਹੋਇਆਂ ਜਸਟਿਸ ਮਾਰਸ਼ਲ ਦੀ

ਵਿਸਤ੍ਰਿਤ ਵਿਆਖਿਆ ਅਤੇ ਜਸਟਿਸ ਟਾਅਨੀ ਦੀ ਸੰਕੁਚਿਤ ਵਿਆਖਿਆ ਦੇ ਵਿਚ ਵਾਲਾ ਰਾਹ ਅਪਣਾਇਆ ਹੈ। ਸੁਪਰੀਮ ਕੋਰਟ ਦੀ ਵਿਆਖਿਆ ਦਾ ਨਤੀਜਾ ਇਹ ਹੋਇਆ ਕਿ ਸੰਘੀ ਸਰਕਾਰ ਦਾ ਅਧਿਕਾਰ ਖੇਤਰ ਕਾਫੀ ਵਿਸਤ੍ਰਿਤ ਹੋ ਗਿਆ ਹੈ। ਉਪਰੋਕਤ ਤੱਥ ਦੇ ਬਾਵਜੂਦ ਵੀ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸੰਘੀ ਸਰਕਾਰ ਕੇਵਲ ਵਿਸ਼ੇਸ਼ ਤੌਰ ਤੇ ਵਰਨਿਤ ਸ਼ਕਤੀਆਂ ਅਤੇ ਕੇਵਲ ਨਿਆਇਕ ਤੌਰ ਤੇ ਅਨੁਮਾਨਿਤ ਸ਼ਕਤੀਆਂ ਦਾ ਹੀ ਪ੍ਰਯੋਗ ਕਰ ਸਕਦੀ ਹੈ। ਆਗ ਅਤੇ ਰੇ (Ogg and Ray) ਅਨੁਸਾਰ ''ਰਾਸ਼ਟਰਪਤੀ, ਕਾਂਗਰਸ ਅਤੇ ਅਦਾਲਤਾਂ ਪਾਸ ਹੋਰ ਕੋਈ ਯੋਗ ਅਧਿਕਾਰ ਨਹੀਂ, ਸਿਵਾਏ ਉਸਦੇ ਜੋ ਸੰਵਿਧਾਨ ਵਿਚ ਉਲਿਖਤ ਹੋਵੇ।''

**2.1.4 ਰਾਜਾਂ ਦੀਆਂ ਸ਼ਕਤੀਆਂ (Powers of the States) :-** ਜਿਥੋਂ ਤਕ ਰਾਜਾਂ ਦੀਆਂ ਸ਼ਕਤੀਆਂ ਦਾ ਸੰਬੰਧ ਹੈ, ਉਨ੍ਹਾਂ ਪਾਸ ਸੰਵਿਧਾਨ ਦੇ ਦਸਵੇਂ ਸੰਸ਼ੋਧਨ ਅਨੁਸਾਰ ਉਹ ਸਾਰੀਆਂ ਅਨਿਸ਼ਚਿਤ ਬਾਕੀ ਬਚੀਆਂ ਸ਼ਕਤੀਆਂ ਹਨ ਜੋ ਸੰਘੀ ਸਰਕਾਰ ਨੂੰ ਨਹੀਂ ਦਿੱਤੀਆਂ ਗਈਆਂ ਅਤੇ ਜਿਨ੍ਹਾਂ ਦਾ ਪ੍ਰਯੋਗ ਕਰਨ ਲਈ ਰਾਜਾਂ ਉੱਤੇ ਕੋਈ ਪਾਬੰਦੀ ਨਹੀਂ ਲਗਾਈ ਗਈ। ਇਸ ਤਰ੍ਹਾਂ ਜਦੋਂ ਕਿ ਸੰਘਾਤਮਕ ਸਰਕਾਰ ਦੀਆਂ ਸ਼ਕਤੀਆਂ ਨਿਸ਼ਚਿਤ ਅਤੇ ਸੌਂਪੀਆਂ ਹੋਈਆਂ ਹਨ, ਰਾਜਾਂ ਦੀਆਂ ਸ਼ਕਤੀਆਂ ਮੂਲ ਤੇ ਰਾਖਵੀਆਂ ਹਨ। ਇਸ ਤੋਂ ਇਹ ਅਨੁਮਾਨ ਨਹੀਂ ਲਾਉਣਾ ਚਾਹੀਦਾ ਕਿ ਰਾਜਾਂ ਦੀਆਂ ਸ਼ਕਤੀਆਂ ਅਸੀਮ ਹਨ। ਅਸਲ ਵਿਚ ਰਾਜਾਂ ਉੱਤੇ ਕਈ ਪਾਬੰਦੀਆਂ ਹਨ, ਜਿਵੇਂ ਉਹ ਸੰਧੀਆਂ ਨਹੀਂ ਕਰ ਸਕਦੇ, ਸੋਨੇ ਅਤੇ ਚਾਂਦੀ ਤੋਂ ਇਲਾਵਾ ਕਾਨੂੰਨੀ ਟੈਂਡਰ ਨਹੀਂ ਪੇਸ਼ ਕਰ ਸਕਦੇ, ਕੁਲੀਨਤਾ ਦੀ ਸਨਮਾਨਿਤ ਉਪਾਧੀ ਨਹੀਂ ਦੇ ਸਕਦੇ ਅਤੇ ਆਯਾਤ ਤੇ ਨਿਰਯਾਤ ਵਸਤੂਆਂ ਉੱਤੇ ਕਰ ਨਹੀਂ ਲਗਾ ਸਕਦੇ।

ਰਾਜਾਂ ਕੋਲ ਬਚੀਆਂ ਹੋਈਆਂ ਸ਼ਕਤੀਆਂ ਹੋਣ ਕਰਕੇ ਸੰਘੀ ਸਰਕਾਰ ਦੀਆਂ ਸ਼ਕਤੀਆਂ ਦੇ ਮੁਕਾਬਲੇ ਰਾਜ ਦੀਆਂ ਸ਼ਕਤੀਆਂ ਵਿਸਤਰਿਤ ਹਨ। ਰਾਜਾਂ ਪਾਸ ਹਰ ਉਹ ਕੰਮ ਕਰਨ ਦਾ ਅਖਤਿਆਰ ਹੈ ਜਿਸ ਦੀ ਸੰਘ ਜਾਂ ਰਾਜ ਦੇ ਸੰਵਿਧਾਨ ਵਿਚ ਮਨਾਹੀ ਨਹੀਂ ਕੀਤੀ ਗਈ। ਰਾਜਾਂ ਦੀਆਂ ਮਹੱਤਵਪੂਰਨ ਸ਼ਕਤੀਆਂ ਵਿਚੋਂ ਰਾਜਾਂ ਵਿਚਲੇ ਵਪਾਰ ਵਿਨਿਯਮਿਤ ਕਰਨ, ਪੁਲਿਸ, ਸਿੱਖਿਆ, ਦੀਵਾਨੀ ਅਤੇ ਫੌਜਦਾਰੀ ਕਾਨੂੰਨ, ਸਥਾਨਿਕ ਸਰਕਾਰ ਦੇ ਸੰਗਠਨ ਅਤੇ ਨਿਯਮਾਂ ਉੱਤੇ ਕੰਟਰੋਲ, ਸਥਾਨਿਕ ਮੰਤਵਾਂ ਲਈ ਕਰ ਲਾਉਣਾ ਅਤੇ ਉਧਾਰ ਲੈਣਾ ਆਦਿ ਹਨ।

**2.1.5 ਸਮਵਰਤੀ ਸ਼ਕਤੀਆਂ (Concurrent Powers) :-** ਸਰਕਾਰ ਦੀਆਂ ਸਾਰੀਆਂ ਸ਼ਕਤੀਆਂ ਨੂੰ ਦੋ ਸ਼੍ਰੇਣੀਆਂ ਅਰਥਾਤ ਸੰਘੀ ਅਤੇ ਰਾਜ ਸ਼ਕਤੀਆਂ ਵਿਚ ਵੰਡਣਾ ਮੁਸ਼ਕਿਲ ਹੈ। ਕੁਝ ਸ਼ਕਤੀਆਂ, ਐਸੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਦਾ ਪ੍ਰਯੋਗ ਦੋਵੇਂ ਸਰਕਾਰਾਂ ਕਰ ਸਕਦੀਆਂ ਹਨ, ਇਨ੍ਹਾਂ ਸ਼ਕਤੀਆਂ ਨੂੰ ਸਮਵਰਤੀ ਸ਼ਕਤੀਆਂ ਆਖਦੇ ਹਨ। ਇਸ ਤਰ੍ਹਾਂ ਰਾਜ ਅਤੇ ਸੰਘ ਸਰਕਾਰਾਂ ਟੈਕਸ ਲਗਾ ਸਕਦੀਆਂ ਹਨ, ਉਧਾਰ ਲੈ ਸਕਦੀਆਂ ਹਨ, ਅਦਾਲਤ ਵਿਚ ਸਫਲਤਾ ਕਾਇਮ ਕਰ ਸਕਦੀਆਂ ਹਨ, ਮਾਪ ਅਤੇ ਤੋਲ ਦੇ ਪੈਮਾਨੇ ਨਿਸ਼ਚਿਤ ਕਰ ਸਕਦੀਆਂ ਹਨ, ਲੋਕ ਉਦੇਸ਼ਾਂ ਹਿੱਤ ਸੰਪਤੀ ਲੈ ਸਕਦੀਆਂ ਹਨ ਅਤੇ ਜਨਤਕ ਕਲਿਆਣ ਲਈ ਧਨ ਖਰਚ ਸਕਦੀਆਂ ਹਨ।

ਅਮਰੀਕਾ ਵਿਚ ਸੰਘਾਤਮਕ ਸਰਕਾਰ ਪ੍ਰਣਾਲੀ ਦੀ ਸਥਾਪਨਾ ਪਿਛੋਂ ਸੰਘ ਸਰਕਾਰ ਦੀਆਂ ਸ਼ਕਤੀਆਂ ਵਧਦੀਆਂ ਗਈਆਂ ਹਨ। ਐਪਰ ਇਸ ਨਾਲ ਰਾਜਾਂ ਦਾ ਅਧਿਕਾਰ ਖੇਤਰ ਸੀਮਿਤ ਨਹੀਂ ਹੋਇਆ ਹੈ। ਰਾਜਾਂ ਦੇ ਅਧਿਕਾਰ ਵਿਚ ਵੀ ਵਾਧਾ ਹੁੰਦਾ ਗਿਆ ਹੈ ਅਤੇ ਕੇਂਦਰ ਅਤੇ ਰਾਜਾਂ ਵਿਚਲਾ ਮੂਲ ਸੰਤੁਲਨ ਸਥਾਪਿਤ ਰਿਹਾ ਹੈ।

**2.1.6 ਅਮਰੀਕਨ ਸੰਘ ਪ੍ਰਣਾਲੀ ਵਿਚ ਰਾਜਾਂ ਦਾ ਸਥਾਨ (Status of the States in the U.S. Federal System) :-** ਸੰਖੇਪ ਵਿਚ ਅਸੀਂ ਹੁਣ ਅਮਰੀਕਨ ਸੰਘਾਤਮਕ ਪ੍ਰਣਾਲੀ ਵਿਚ ਰਾਜਾਂ ਦੇ ਸਥਾਨ ਦਾ ਅਧਿਐਨ ਕਰਾਂਗੇ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਯੂਨੀਅਨ ਬਣਾਉਣ ਸਮੇਂ ਰਾਜਾਂ ਨੇ ਆਪਣੀ ਪ੍ਰਭੁਸੱਤਾ ਦਾ ਕੁਝ ਅੰਸ਼ ਹੀ ਤਿਆਗਿਆ ਸੀ, ਕਿਉਂਕਿ ਉਹ ਆਪਣੀ ਹੋਂਦ ਕਾਇਮ ਰੱਖਣਾ ਚਾਹੁੰਦੇ ਸਨ। ਰਾਜ ਆਪਣੇ ਖੇਤਰ ਅੰਦਰ ਪ੍ਰਭੁਸੱਤਾਧਾਰੀ ਹਨ। ਸਿਵਾਏ ਉਨ੍ਹਾਂ ਸ਼ਕਤੀਆਂ ਦੇ ਜੋ ਸੰਘੀ ਸਰਕਾਰ ਨੂੰ ਦਿੱਤੀਆਂ ਗਈਆਂ ਹਨ ਜਾਂ ਰਾਜਾਂ ਲਈ ਵਰਜਿਤ ਹਨ, ਬਾਕੀ ਸਾਰੀਆਂ ਸ਼ਕਤੀਆਂ ਦੀ ਵਰਤੋਂ ਰਾਜ ਕਰਦੇ ਹਨ।

ਇਸ ਦਾ ਭਾਵ ਇਹ ਨਹੀਂ ਕਿ ਕੋਈ ਰਾਜ ਜਿਸ ਵੇਲੇ ਚਾਹੇ ਸੰਘ ਤੋਂ ਵੱਖ ਹੋਣ ਲਈ ਸੁਤੰਤਰ ਹੈ। 1869 ਵਿਚ ਸੁਪਰੀਮ ਕੋਰਟ ਨੇ ਟੈਕਸਿਜ਼ ਵਿਪ੍ਰੀਤ ਵਾਈਟ (Taxes versus white) ਨਾਮਕ ਕੇਸ ਵਿਚ ਐਲਾਨ ਕੀਤਾ ਸੀ ਕਿ ''ਸੰਯੁਕਤ ਰਾਜ ਅਮਰੀਕਾ ਅਵਿਨਾਸ਼ਕਾਰੀ ਸੰਘ ਹੈ, ਜੋ ਅਵਿਨਾਸ਼ਕਾਰੀ ਇਲਾਕਿਆਂ ਤੋਂ ਮਿਲਕੇ ਬਣਿਆ ਹੈ।'' (U.S.A. is an indestructible union of indestructible units)

ਆਕਾਰ, ਆਰਥਿਕ ਸਥਿਤੀ ਉੱਤੇ ਜਨਸੰਖਿਆ ਵਿਚ ਕਾਫੀ ਭਿੰਨਤਾ ਹੋਣ ਦੇ ਬਾਵਜੂਦ ਵੀ ਅਮਰੀਕਾ ਦੇ 50 ਰਾਜ ਕਾਨੂੰਨੀ ਤੌਰ ਤੇ ਇਕ ਦੂਜੇ ਦੇ ਬਰਾਬਰ ਹਨ। ਸਾਰੇ ਰਾਜਾਂ ਦੀਆਂ ਸੰਘ ਪ੍ਰਤੀ ਬਰਾਬਰ ਜ਼ਿੰਮੇਵਾਰੀਆਂ ਹਨ ਅਤੇ ਸੰਘ ਦੇ ਸਾਰੇ ਰਾਜਾਂ ਪ੍ਰਤੀ ਇਕੋ ਜਿਹੇ

ਕਰਤੱਵ ਹਨ। ਐਪਰ, ਕਾਂਗਰਸ ਸੰਘ ਵਿਚ ਨਵੇਂ ਰਾਜਾਂ ਸੰਮਿਲਤ ਕਰਨ ਵੇਲੇ ਕੋਈ ਖਾਸ ਪਾਬੰਦੀਆਂ ਲਗਾ ਸਕਦੀ ਹੈ। ਸਾਰੇ ਰਾਜਾਂ ਨੂੰ ਕਾਨੂੰਨੀ ਤੌਰ ਤੇ ਸਮਾਨਤਾ ਇਸ ਤੱਥ ਤੋਂ ਪ੍ਰਗਟ ਹੁੰਦੀ ਹੈ ਕਿ ਸੈਨੇਟ ਵਿਚ ਸਾਰੇ ਰਾਜਾਂ ਨੂੰ ਜਨਸੰਖਿਆ, ਆਕਾਰ ਤੇ ਆਰਥਕ ਤੌਰ ਤੇ ਬਰਾਬਰ ਨਾ ਹੋਣ ਦੇ ਬਾਵਜੂਦ ਵੀ ਬਰਾਬਰ ਪ੍ਰਤੀਨਿਧਤਾ ਦਿੱਤੀ ਗਈ ਹੈ।

ਰਾਜਾਂ ਦੀ ਸਥਿਤੀ ਨੂੰ ਵਧੇਰੇ ਸੁਰੱਖਿਅਤ ਕਰਨ ਲਈ ਸੰਵਿਧਾਨ, ਸੰਘ ਸਰਕਾਰ ਦੇ ਕੁਝ ਕਰਤੱਵ ਵਰਣਨ ਕਰਦਾ ਹੈ। ਸੰਘ ਦਾ ਕਰਤੱਵ ਹੈ ਕਿ ਉਹ ਰਾਜਾਂ ਦੀ ਭੂਗੋਲਿਕ ਏਕਤਾ ਤੇ ਪ੍ਰਾਦੇਸ਼ਿਕ ਅਖੰਡਤਾ ਦਾ ਸਤਿਕਾਰ ਕਰੇ। ਦੂਜੇ, ਸੰਵਿਧਾਨ ਇਸ ਗੱਲ ਦੀ ਮੰਗ ਕਰਦਾ ਹੈ ਕਿ ਸਰਕਾਰ ਇਸ ਸੰਘ ਵਿਚਲੇ ਸਾਰੇ ਰਾਜਾਂ ਅੰਦਰ ਗਣਤੰਤਰ ਪ੍ਰਣਾਲੀ ਦੀ ਗਾਰੰਟੀ ਕਰੇ। ਤੀਜੇ, ਸੰਵਿਧਾਨ ਦੇ ਅਨੁਛੇਦ ਚਾਰ ਦੇ ਭਾਗ 4 ਵਿਚ ਇਸ ਗੱਲ ਦੀ ਮੰਗ ਕੀਤੀ ਗਈ ਹੈ ਕਿ ਸੰਘ ਸਰਕਾਰ ਵਿਦੇਸ਼ੀ ਹਮਲੇ ਵਿਰੁੱਧ ਰਾਜਾਂ ਦੀ ਰੱਖਿਆ ਕਰੇਗੀ ਅਤੇ ਰਾਜ ਵਿਧਾਨ ਮੰਡਲ ਦੇ ਪ੍ਰਾਰਥਨਾ ਪੱਤਰ ਉੱਤੇ ਉਨ੍ਹਾਂ ਦੀ ਅੰਦਰਲੀ ਅਸ਼ਾਂਤੀ ਤੋਂ ਸੁਰੱਖਿਆ ਪ੍ਰਦਾਨ ਕਰੇਗੀ ਅਤੇ ਵਿਦੇਸ਼ੀ ਹਮਲੇ ਦੀ ਸੂਰਤ ਵਿਚ ਸੰਘ ਸਰਕਾਰ ਵੱਲੋਂ ਪ੍ਰਾਰਥਨਾ ਪੱਤਰ ਦਾ ਇੰਤਜ਼ਾਰ ਕੀਤੇ ਬਗੈਰ ਵੀ ਦਖਲ ਦੇ ਸਕਦੀ ਹੈ। ਐਪਰ ਅੰਦਰੂਨੀ ਅਸ਼ਾਂਤੀ ਦੀ ਸੂਰਤ ਵਿਚ ਕੇਵਲ ਤਾਂ ਹੀ ਦਖਲ ਦੇਂਦੀ ਹੈ ਜੋ ਸੰਬੰਧਿਤ ਰਾਜ ਪ੍ਰਾਰਥਨਾ ਕਰੇ।

ਸੰਘ ਸਰਕਾਰ ਦੇ ਰਾਜਾਂ ਪ੍ਰਤੀ ਕਰਤੱਵਾਂ ਦਾ ਅਧਿਐਨ ਕਰਨ ਪਿੱਛੋਂ ਸਾਡੇ ਲਈ ਇਹ ਦੇਖਣਾ ਬਾਕੀ ਰਹਿੰਦਾ ਹੈ ਕਿ ਰਾਜਾਂ ਦੇ ਵੀ ਸੰਘ ਪ੍ਰਤੀ ਕੁਝ ਕਰਤੱਵ ਹਨ। ਨਾਕਾਰਾਤਮਕ ਪੱਖ ਤੋਂ ਰਾਜਾਂ ਉੱਤੇ ਉਹ ਕਾਰਜ ਕਰਨ ਦੀ ਮਨਾਹੀ ਹੈ ਜਿਨ੍ਹਾਂ ਦੇ ਕਰਨ ਨਾਲ ਸੰਘ ਸਰਕਾਰ ਦਾ ਅਧਿਕਾਰ ਖੇਤਰ ਭੰਗ ਹੁੰਦਾ ਹੈ। ਰਾਜਾਂ ਦੀਆਂ ਸੰਘ ਪ੍ਰਤੀ ਕੁਝ ਸਿੱਧੀਆਂ ਜ਼ਿੰਮੇਵਾਰੀਆਂ ਵੀ ਹਨ। ਉਹ ਸੰਘ ਅਧਿਕਾਰੀਆਂ ਦੀਆਂ ਚੋਣਾਂ ਦਾ ਪ੍ਰਬੰਧ ਕਰਦੇ ਹਨ। ਸੈਨੇਟ ਮੈਂਬਰਾਂ ਦੀ ਚੋਣ ਹਰੇਕ ਰਾਜ ਵਿਚੋਂ ਹੁੰਦੀ ਹੈ। ਪ੍ਰਤੀਨਿਧੀ ਸਦਨ (Housing of Representative) ਦੇ ਮੈਂਬਰ ਵੀ ਹਰੇਕ ਰਾਜ ਵਿਚੋਂ ਚੁਣੇ ਜਾਂਦੇ ਹਨ। ਅੰਤ ਵਿਚ ਰਾਜ ਸੰਵਿਧਾਨ ਸੰਸ਼ੋਧਨ ਵਿਚ ਵੀ ਪੂਰਾ ਭਾਗ ਲੈਂਦੇ ਹਨ।

ਕੇਂਦਰ ਅਤੇ ਰਾਜਾਂ ਵਿਚਕਾਰ ਝਗੜਿਆਂ ਵਿਚ ਸੁਪਰੀਮ ਕੋਰਟ ਨਿਰਣਾਇਕ ਤੌਰ ਤੇ ਕੰਮ ਕਰਦੀ ਹੈ ਅਤੇ ਸੰਵਿਧਾਨ ਦੀ ਅੰਤਿਮ ਵਿਆਖਿਆਕਾਰ ਇਹੋ ਅਦਾਲਤ ਹੈ। ਸੁਪਰੀਮ ਕੋਰਟ ਦੇ ਕੇਂਦਰੀ ਸ਼ਾਸਨ ਪ੍ਰਣਾਲੀ ਦੀ ਇਕ ਸ਼ਾਖ ਹੋਣ ਕਾਰਣ ਇਸ ਉੱਤੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਇਹ ਕੇਂਦਰੀ ਸਰਕਾਰ ਪੱਖੀ ਹੈ। ਸਮੁੱਚੇ ਤੌਰ ਤੇ ਦੇਖਿਆ ਜਾਵੇ ਤਾਂ ਸੁਪਰੀਮ ਕੋਰਟ ਨੇ ਕੇਂਦਰ ਅਤੇ ਰਾਜਾਂ ਵਿਚ ਝਗੜਿਆਂ ਵਿਚਕਾਰ ਕੇਂਦਰ ਦਾ ਪੱਖ ਹੀ ਲਿਆ ਹੈ।

ਰਾਸ਼ਟਰ ਸਰਕਾਰ ਦੀਆਂ ਸ਼ਕਤੀਆਂ ਦੇ ਵਧਣ ਦੇ ਕਾਰਣ

ਬਹੁਤ ਸਾਰੇ ਕਾਰਣ ਹਨ ਜਿਨ੍ਹਾਂ ਕਰਕੇ ਰਾਸ਼ਟਰੀ ਸ਼ਕਤੀਆਂ ਵਿਚ ਵਾਧਾ ਹੋਇਆ ਹੈ। ਸਭ ਤੋਂ ਪਹਿਲਾਂ ਕਾਰਣ ਉਹ ਤਬਦੀਲੀ ਹੈ ਜੋ ਦੇਸ਼ ਦੇ ਭੂਗੋਲਿਕ, ਆਰਥਿਕ ਅਤੇ ਸਮਾਜਿਕ ਖੇਤਰ ਵਿਚ ਆਈ ਹੈ। ਇਲਾਕੇ ਦੇ ਵਿਸਥਾਰ ਆਬਾਦੀ ਵਿਚ ਵਾਧੇ ਅਤੇ ਆਰਥਿਕ ਅਤੇ ਸਮਾਜਿਕ ਸੰਗਠਨਾਂ ਵਿਚ ਆਈਆਂ ਪੇਚੀਦਰਗੀਆਂ ਕਰਕੇ ਕੇਂਦਰ ਸਰਕਾਰ ਦੀਆਂ ਸ਼ਕਤੀਆਂ ਵਿਚ ਬਹੁਤ ਵਾਧਾ ਹੋਇਆ ਹੈ। ਅਮਰੀਕਾ ਦੇ ਇਲਾਕੇ ਦਾ ਵਿਸਥਾਰ ਨਵੇਂ ਰਾਜਾਂ ਨੂੰ ਸੰਘ ਵਿਚ ਸ਼ਾਮਲ ਕਰਨ ਨਾਲ ਹੋਇਆ ਹੈ। 1860 ਤੱਕ ਰਾਜਾਂ ਦੀ ਗਿਣਤੀ 13 ਤੋਂ 35 ਹੋ ਗਈ ਸੀ, ਵਧਦੇ ਵਧਦੇ ਅੱਜ 50 ਹੋ ਗਈ ਹੈ। ਸੰਸਾਰ ਅਤੇ ਵਣਜ ਵਿਚ ਵਿਕਾਸ ਕਾਰਣ ਮਹਾਨ ਤਕਨੀਕੀ ਤਬਦੀਲੀਆਂ ਆਈਆਂ ਜਿਨ੍ਹਾਂ ਦੇ ਵਿਨਿਯਮ ਤੇ ਕੰਟਰੋਲ ਰਾਜ ਸਰਕਾਰਾਂ ਨਹੀਂ ਕਰ ਸਕਦੀਆਂ। ਇਸ ਦੇ ਨਤੀਜੇ ਵਜੋਂ ਰਾਸ਼ਟਰੀ ਸਰਕਾਰ ਦੀਆਂ ਸ਼ਕਤੀਆਂ ਵਿਚ ਵਾਧਾ ਹੋਇਆ ਹੈ।

''ਮਹਾਨ ਆਰਥਿਕ ਮੰਦੀ'' ਦੇ ਸਮੇਂ ਮਾਰੇ ਗਏ ਲੋਕਾਂ ਅਤੇ ਸਥਾਨਿਕ ਸਰਕਾਰਾਂ ਵੱਲੋਂ ਸਹਾਇਤਾ ਲਈ ਕਈ ਪ੍ਰਕਾਰ ਸੰਘ ਦੀਆਂ ਸ਼ਕਤੀਆਂ ਵਿਚ ਵਾਧਾ ਕੀਤਾ। ਦੋ ਮਹਾਨ ਜੰਗਾਂ ਨੇ ਰ਼ਾਸਟਰੀ ਸ਼ਕਤੀਆਂ ਵਿਚ ਵਾਧਾ ਕੀਤਾ। ਸੰਘ ਸਰਕਾਰ ਦਾ ਖਰਚਾ ਜੋ 1931-32 ਵਿਚ 5,000 ਮਿਲੀਅਨ ਡਾਲਰ ਤੋਂ ਘੱਟ ਸੀ, 1953 ਤਕ ਵੱਧ ਕੇ 75,000 ਮਿਲੀਅਨ ਡਾਲਰ ਹੋ ਗਿਆ। ਹੁਣ ਤਕ ਤਾਂ ਇਹ ਖਰਚ ਇਸ ਤੋਂ ਕਿੱਤੇ ਵੱਧ ਚੁੱਕਾ ਹੋਵੇਗਾ। ਅਮਰੀਕਾ ਦੇ ਬਜਟ ਵਿੱਚ ਖਰਚੇ ਦੇ ਵਾਧੇ ਦਾ ਕਾਰਣ ਇਹ ਸੀ ਕਿ ਅਮਰੀਕਾ ਕਲਿਆਣਕਾਰੀ ਰਾਜ ਬਣ ਗਿਆ ਸੀ ਅਤੇ ਇਸ ਦੀ ਅੰਤਰ-ਰਾਸ਼ਟਰੀ ਸਥਿਤੀ ਵਿਚ ਵੀ ਫਰਕ ਪੈ ਗਿਆ ਸੀ। ਸੋਲ੍ਹਵੇਂ ਸੰਸ਼ੋਧਨ ਕਰਕੇ ਟੈਕਸ ਲਗਾਉਣ ਦੇ ਅਧਿਕਾਰ ਨਾਲ ਸੰਘ ਸਰਕਾਰ ਦੀਆਂ ਵਿੱਤੀ ਸ਼ਕਤੀਆਂ ਵਿਚ ਬਹੁਤ ਵਾਧਾ ਹੋ ਗਿਆ ਹੈ। ਸਦਾ ਕੇਂਦਰ ਅਤੇ ਰਾਜਾਂ ਦੇ ਸੰਬੰਧ ਉੱਤੇ ਕਾਫੀ ਪ੍ਰਭਾਵ ਪਿਆ ਹੈ। ਰਾਸ਼ਟਰੀ ਸਰਕਾਰ ਨੇ ਰਾਜਾਂ ਅਤੇ ਸਥਾਨਿਕ ਸਰਕਾਰਾਂ ਨੂੰ ਸਹਾਇਕ ਅਨੁਦਾਨ ਦੇਣੇ ਆਰੰਭ ਕਰ ਦਿੱਤੇ, ਜਿਸ ਨਾਲ ਉਨ੍ਹਾਂ ਉੱਤੇ ਇਸ ਦਾ ਨਿਯੰਤਰਣ ਹੋਰ ਵੀ ਵਧ ਗਿਆ ਹੈ।

ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਅਮਰੀਕਾ ਸੰਘਾਤਮਕ ਪ੍ਰਣਾਲੀ ਵਿਚ ਅਤਿਅੰਤ ਕੇਂਦਰੀਕਰਣ ਉਦਯੋਗਿਕ ਕੇਂਦਰੀਕਰਣ ਬਿਨਾਂ ਸੰਭਵ ਨਹੀਂ ਸੀ ਹੋਣਾ। ਵੱਡੇ ਪੈਮਾਨੇ ਦੇ ਉਦਯੋਗਾਂ ਨੂੰ ਪੇਂਡੂ ਕ੍ਰਿਸ਼ੀ ਅਰਥ ਵਿਵਸਥਾ ਦੇ ਮੁਕਾਬਲੇ ਤੇ ਸਰਕਾਰੀ ਨਿਯੰਤਰਣ ਦੀ ਵਧੇਰੇ ਲੋੜ ਹੁੰਦੀ ਹੈ। ਸਰਕਾਰ ਨੂੰ 'ਜੋ ਚਾਹੇ ਸੋ ਕਰੋ' (Laissez faire) ਵਾਲੀ ਨੀਤੀ ਦਾ ਤਿਆਗ ਕਰਨਾ

ਪਿਆ। ਇਸ ਤੋਂ ਉਤਪਾਦਨ ਉੱਤੇ ਵਧੇਰੇ ਕੰਟਰੋਲ ਰੱਖਣਾ ਪਿਆ। ਕੇਂਦਰੀ ਸਰਕਾਰ ਨੂੰ ਸੰਵਿਧਾਨ ਦੁਆਰਾ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਦੇਸ਼ ਦੇ ਬਾਹਰੀ ਹਮਲੇ ਤੋਂ ਰੱਖਿਆ ਕਰੇਗੀ ਅਤੇ ਲੋੜ ਪੈਣ ਤੇ ਯੁੱਧ ਦਾ ਐਲਾਨ ਕਰੇਗੀ। ਕੇਵਲ ਬਾਹਰੀ ਹਮਲੇ ਦਾ ਐਲਾਨ ਹੋਣ ਤੋਂ ਹੀ ਕੇਂਦਰੀ ਸਰਕਾਰ ਦੀ ਇਸ ਸ਼ਕਤੀ ਦੀ ਵਰਤੋਂ ਨਹੀਂ ਕੀਤੀ ਜਾਂਦੀ ਬਲਕਿ ਆਰੰਭ ਤੋਂ ਹੀ ਅਰਥ ਵਿਵਸਥਾ ਨੂੰ ਇਸ ਤਰ੍ਹਾਂ ਕਾਇਮ ਕੀਤਾ ਜਾਂਦਾ ਹੈ ਕਿ ਉਹ ਹਮਲੇ ਦਾ ਮੁਕਾਬਲਾ ਕਰਨ ਦੇ ਸਮਰਥ ਹੋ ਸਕੇ। ਇਹ ਉਦੋਂ ਹੀ ਸੰਭਵ ਹੋ ਸਕਦਾ ਹੈ ਜਦੋਂ ਸ਼ਕਤੀ ਪੂਰਣ ਰੂਪ ਨਾਲ ਕੇਂਦਰਿਤ ਹੋਵੇਗੀ। ਪਰਮਾਣੂ ਯੁੱਗ ਵਿਚ ਕੇਂਦਰੀਕਰਣ ਦੀ ਲੋੜ ਹੋਰ ਵੀ ਵਧ ਗਈ ਹੈ।

ਪੌਟਰ (Potter) ਦੇ ਸ਼ਬਦਾਂ ਵਿਚ ''ਘਰੇਲੂ ਜੰਗ ਅਮਰੀਕਾ ਦੇ ਸੰਵਿਧਾਨਕ ਇਤਿਹਾਸ ਵਿਚ ਇਕ ਮਹਾਨ ਮੀਲ ਪੱਥਰ ਹੈ।'' ਇਸ ਨੇ ਕੇਂਦਰ-ਰਾਜ ਅਧਿਕਾਰ ਖੇਤਰ ਦਾ ਨਿਰਣਾ ਕਰਦੇ ਹੋਏ ਕੇਂਦਰ ਦੀ ਸਰਵਉੱਚਤਾ ਕਾਇਮ ਕੀਤੀ ਹੈ। ਘਰੇਲੂ ਜੰਗ ਪਿਛੋਂ ਸੁਤੰਤਰ ਆਤਮ ਨਿਰਭਰ ਰਾਜ ਵਧੇਰੇ ਨਜ਼ਦੀਕ ਆ ਕੇ ਇਕ ਕੰਮ ਵਜੋਂ ਸੰਗਠਿਤ ਹੋ ਗਏ ਅਤੇ ਜਿਹੜੇ ਮਾਮਲੇ ਕਦੀ ਸਥਾਨਿਕ ਹੁੰਦੇ ਸਨ ਉਹ ਆਪਦੇ ਖੇਤਰ ਅਤੇ ਮਹੱਤਤਾ ਵਜੋਂ ਰਾਸ਼ਟਰੀ ਪ੍ਰਕ੍ਰਿਤੀ ਵਾਲੇ ਬਣ ਗਏ। ਗਰਿਫਿਥ (Griffith) ਨੇ ਆਪਣੀ ਪੁਸਤਕ ਅਮਰੀਕੀ ਸਰਕਾਰ ਪ੍ਰਣਾਲੀ (American system of Government) ਵਿਚ ਕਹਿੰਦਾ ਹੈ, ''ਜੰਗ ਦੇ ਦੌਰਾਨ ਕਾਂਗਰਸ ਅਤੇ ਰਾਸ਼ਟਰਪਤੀ ਦੇ ਕਾਰਜਾਂ ਅਤੇ ਉਸ ਤੋਂ ਪਿਛੋਂ ਪੁਨਰ-ਨਿਰਮਾਣ ਦੇ ਕੰਮਾਂ ਕਾਰਣ ਸੰਘ ਸ਼ਕਤੀਆਂ ਵਧਦੀਆਂ ਗਈਆਂ, ਜਿਨ੍ਹਾਂ ਨੂੰ ਸੰਕਟ ਖਤਮ ਹੋਣ ਪਿਛੋਂ ਵੀ ਤਿਆਗਿਆ ਨਹੀਂ ਗਿਆ।''

ਅੰਤਰ ਰਾਸ਼ਟਰੀ ਸਥਿਤੀ ਨੇ ਵੀ ਕੇਂਦਰੀਕਰਣ ਦੀ ਪ੍ਰਵਿਰਤੀ ਨੂੰ ਵਧੇਰੇ ਮਜ਼ਬੂਤ ਬਣਾਇਆ ਹੈ। ਦੂਜੇ ਵਿਸ਼ਵ ਯੁੱਧ ਪਿਛੋਂ ਅਮਰੀਕਾ ਸੰਸਾਰ ਦੇ ਮਹਾਨ ਗੁੱਟਾਂ ਵਿਚੋਂ ਇਕ ਦਾ ਆਗੂ ਮੰਨਿਆ ਜਾਂਦਾ ਰਿਹਾ ਹੈ। ਅਜਿਹੀ ਸਥਿਤੀ ਵਿਚ ਜਦੋਂ ਕਿ ਸੈਨਿਕ ਤਿਆਰੀਆਂ ਤੇ ਜ਼ੋਰ ਦਿੱਤਾ ਜਾ ਰਿਹਾ ਹੋਵੇ, ਕੇਂਦਰੀ ਸ਼ਕਤੀ ਨੂੰ ਘੱਟ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਕ ਸ਼ਕਤੀਸ਼ਾਲੀ ਕੇਂਦਰ ਹੀ ਰਾਸ਼ਟਰ ਦੇ ਸਾਰੇ ਸਾਧਨ ਇਕੱਤਰ ਕਰ ਕੇ ਸੰਕਟ ਦਾ ਸਾਹਮਣਾ ਕਰ ਸਕਦਾ ਹੈ।

ਕੇਂਦਰ ਦੀਆਂ ਸ਼ਕਤੀਆਂ ਨੂੰ ਵਧਾਉਣ ਵਾਲਾ ਸਭ ਤੋਂ ਵੱਡਾ ਸੁਪਰੀਮ ਕੋਰਟ ਹੈ ਜੋ ਸੰਵਿਧਾਨ ਦੀ ਵਿਆਖਿਆ ਇਸ ਪ੍ਰਕਾਰ ਕਰਦੀ ਹੈ ਜਿਸ ਨਾਲ ਸੰਘ ਸਰਕਾਰ ਦਾ ਪ੍ਰਾਧਿਕਾਰ ਵਧਦਾ ਹੈ, ਕਿਉਂਕਿ ਸਪਰੀਮ ਕੋਰਟ ਸੰਘ ਸਰਕਾਰ ਦਾ ਹੀ ਇਕ ਅੰਗ ਹੈ, ਇਸ ਲਈ ਉਹ ਜੋ ਵਿਆਖਿਆ ਦੇਂਦੀ ਹੈ, ਉਹ ਇਕ ਤਰ੍ਹਾਂ ਨਾਲ ਸੰਘ ਸਰਕਾਰ ਦੇ ਹੀ ਸ਼ਬਦ ਹੁੰਦੇ ਹਨ। ਅਨੁਛੇਦ 1 ਦਾ ਭਾਗ 8 ਕਾਂਗਰਸ ਨੂੰ ਲੋੜੀਂਦੇ ਅਤੇ ਯੋਗ ਕਾਨੂੰਨ ਬਣਾਉਣ ਦੀ ਆਗਿਆ ਦੇਂਦਾ ਹੈ ਜਿਨ੍ਹਾਂ ਰਾਹੀਂ ਪਰਵਰਤੀ ਸ਼ਕਤੀ ਨੂੰ ਅਮਲ ਵਿਚ ਲਿਆਂਦਾ ਜਾ ਸਕੇ। ਸੁਪਰੀਮ ਕੋਰਟ ਦੇ ਸ਼ਬਦ ''ਲੋੜੀਂਦੇ ਅਤੇ ਯੋਗ'' ਫਾਇਦਾ ਉਠਾਉਂਦੇ ਹੋਏ ਸੰਘ ਸਰਕਾਰ ਦੀਆਂ ਸ਼ਕਤੀਆਂ ਵਿਚ ਸੰਵਿਧਾਨਿਕ ਸੀਮਾ ਤੋਂ ਬਾਹਰ ਤੱਕ ਵਿਸਥਾਰ ਕਰ ਦਿੱਤਾ ਹੈ। ਉਦਾਹਰਣ ਵਜੋਂ ਕਾਂਗਰਸ ਦੁਆਰਾ ਸਟੀਲ ਉਦਯੋਗ ਅਤੇ ਰੋਡ ਹੜਤਾਲਾਂ ਦਾ ਵਿਨਿਯਮ ਅਤਿ ਲੋੜੀਂਦਾ ਹੈ, ਕਿਉਂਕਿ ਇਹ ਕਾਂਗਰਸ ਦੇ ਅੰਤਰ ਰਾਜ ਵਪਾਰ ਵਿਨਿਯਮ ਦੇ ਸੰਵਿਧਾਨਿਕ ਕਰਤੱਵ ਦੀ ਪੂਰਤੀ ਵਿਚ ਸਹਾਇਤਾ ਕਰਦਾ ਹੈ। ਸੁਪਰੀਮ ਕੋਰਟ ਨੇ ਵਣਜ (Commerce) ਅਤੇ ਕਲਿਆਣ (General Welfare) ਸ਼ਬਦਾਂ ਦੀ ਵਿਆਖਿਆ ਬੜੇ ਖੁਲ੍ਹੇ ਤੌਰ ਤੇ ਕੀਤੀ ਹੈ। ਇਸ ਨਾਲ ਕੇਂਦਰ ਦੀਆਂ ਸ਼ਕਤੀਆਂ ਵਿਚ ਵਾਧਾ ਹੋਇਆ ਹੈ। ਇਸ ਤਰ੍ਹਾਂ ਅੰਤਰ-ਨਿਹਿਤ ਸ਼ਕਤੀਆਂ ਦੇ ਸਿਧਾਂਤ ਨੂੰ ਕੇਂਦਰ ਦੀਆਂ ਸ਼ਕਤੀਆਂ ਦੀ ਵਿਸਥਾਰ ਕਰਨ ਦੇ ਸ਼ਕਤੀਸ਼ਾਲੀ ਹਥਿਆਰ ਦੇ ਤੌਰ ਤੇ ਵਰਤਿਆ ਗਿਆ ਹੈ।

ਕੇਂਦਰੀਕਰਣ ਦੀ ਇਸ ਪ੍ਰਵਿਰਤੀ ਨੂੰ ਮੁੱਖ ਰੱਖਦੇ ਹੋਏ ਰੋਜ ਡਰਾਮੰਡ (Rose Drummond) ਵਰਗੇ ਲੇਖਕਾਂ ਨੇ ਇਹ ਕਿਹਾ ਹੈ ਕਿ ''ਹੁਣ ਸਾਡੇ ਦੇਸ਼ ਵਿਚ ਸੰਘਾਤਮਕ ਪ੍ਰਣਾਲੀ ਬਿਲਕਲ ਖਤਮ ਹੋ ਗਈ ਅਤੇ ਇਸ ਨੂੰ ਦੁਬਾਰਾ ਨਹੀਂ ਲਿਆਇਆ ਜਾ ਸਕਦਾ, ਉਸੇ ਤਰ੍ਹਾਂ ਜਿਵੇਂ ਕਿ ਦਰਖਤ ਨਾਲੋਂ ਟੁੱਟੇ ਹੋਏ ਸੇਬ ਨੂੰ ਮੁੜ ਉਥੇ ਲਾਉਣਾ ਔਖਾ ਹੈ।'' ਸੁਪਰੀਮ ਕੋਰਟ ਆਰਥਿਕ ਖੇਤਰ ਲਈ ਬਣਾਏ ਰਾਸ਼ਟਰੀ ਵਿਧਾਨ ਉੱਤੇ ਕੋਈ ਪਾਬੰਦੀ ਨਹੀਂ ਲਗਾਉਂਦੀ। ਰਾਸ਼ਟਰੀ ਸਰਕਾਰ ਰਾਜ ਸਰਕਾਰਾਂ ਦੇ ਅਧਿਕਾਰ ਨੂੰ ਮੁੜ ਹੜੱਪ ਕਰ ਜਾਂਦੀ ਹੈ। ਰਾਜ ਸਰਕਾਰਾਂ ਆਪਣੇ ਅਧਿਕਾਰ ਖੇਤਰ ਅੰਦਰੋਂ ਵੀ ਪੂਰੀ ਤਰ੍ਹਾਂ ਸੁਤੰਤਰ ਨਹੀਂ ਹਨ, ਕਿਉਂਕਿ ਸੰਘ ਸਰਕਾਰ ਉਨ੍ਹਾਂ ਉੱਪਰ ਸਹਾਇਕ ਅਨੁਦਾਨਾਂ (Grants) ਰਾਹੀਂ ਨਿਯਤੰਰਣ ਰੱਖਦੀ ਹੈ। ਐਪਰ ਇਸ ਨਿਰਣੇ ਤੇ ਪਹੁੰਚਣਾ ਵੀ ਗਲਤੀ ਹੈ ਕਿ ਅਮਰੀਕਾ ਵਿਚ ਸੰਘਵਾਦ ਬਿਲਕੁਲ ਖਤਮ ਹੋ ਗਿਆ ਹੈ। ਨਿਰਸੰਦੇਹ ਸੰਘ ਸਰਕਾਰ ਦੀਆਂ ਸ਼ਕਤੀਆਂ ਬਹੁਤ ਵੱਧ ਗਈਆਂ ਹਨ ਅਤੇ ਉਸ ਨੇ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਦਾ ਅਪਹਰਣ ਕੀਤਾ ਹੈ, ਫਿਰ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਅਮਰੀਕਾ ਸੰਘਵਾਦ ਖਤਮ ਹੋ ਚੁੱਕਿਆ ਹੈ। ਜਦੋਂ ਅਮਰੀਕਣ ਸੰਘ ਦਾ ਮੁਕਾਬਲਾ ਸਵਿਸ, ਕੈਨੇਡਾ ਅਤੇ ਭਾਰਤ ਦੇ ਸੰਘ ਨਾਲ ਕਰਦੇ ਹਾਂ ਤਾਂ ਇਹ ਸਾਨੂੰ ਆਦਰਸ਼ ਸੰਘ ਪ੍ਰਣਾਲੀ ਜਾਪਦੀ ਹੈ। ਇਸ ਵਿਚ ਦੋਹਰੀ ਨਾਗਰਿਕਤਾ ਅਤੇ ਦੋਹਰੇ ਸੰਵਿਧਾਨ ਹਨ ਜੋ ਭਾਰਤ ਵਿਚ ਨਹੀਂ ਹਨ। ਇਹ ਭਾਰਤ ਵਰਗੇ ਇਕਾਤਮਕ ਝੁਕਾਅ ਤੋਂ ਮੁਕਤ ਹੈ। ਇਥੋਂ ਬਚੀਆਂ-ਖੁਚੀਆਂ ਸ਼ਕਤੀਆਂ (residuary powers) ਰਾਜਾਂ ਨੂੰ ਮਿਲੀਆਂ ਹੋਈਆਂ ਹਨ ਜਦੋਂ ਕਿ ਭਾਰਤ ਵਿਚ ਬਚੀਆਂ-ਖੁਚੀਆਂ ਸ਼ਕਤੀਆਂ (residuary powers) ਕੇਂਦਰ ਪਾਸ ਹਨ। ਇਸ ਤਰ੍ਹਾਂ ਇਹ ਸੰਘ ਪ੍ਰਣਾਲੀ ਸਰਵੋਤਮ ਪ੍ਰਤੀਤ ਹੁੰਦੀ ਹੈ।

ਅਮਰੀਕੀ ਸੰਘਵਾਦ ਹੁਣ 'ਸਹਿਕਾਰੀ ਸੰਘਵਾਦ' (Cooperative Federation) ਬਣ ਗਿਆ ਹੈ ਜਿੱਥੇ ਕੁਝ ਮਹੱਤਵਪੂਰਣ ਖੇਤਰਾਂ ਵਿਚ ਰਾਜਾਂ ਤੇ ਕੇਂਦਰਾਂ ਦੁਆਰਾ ਮਿਲ-ਜੁਲ ਕੇ ਕੇਂਦਰ ਦੀ ਅਗਵਾਈ, ਕੰਟਰੋਲ ਅਤੇ ਦੇਖ-ਰੇਖ ਹੇਠ ਕੰਮ ਹੁੰਦਾ ਹੈ। ਰਾਜਾਂ ਦੇ ਵਿਅਕਤਿਤਵ ਨੂੰ ਖਤਮ ਨਹੀਂ ਕੀਤਾ ਗਿਆ।

ਬੇਸ਼ਕ ਰਾਜਾਂ ਨੂੰ ਆਪਣੀ ਸ਼ਕਤੀ ਦਾ ਕੁਝ ਅੰਸ਼ ਤਿਆਗਣਾ ਪਿਆ ਹੈ, ਪਰ ਨਾਲ ਹੀ ਉਨ੍ਹਾਂ ਨੇ ਆਪਣੀਆਂ ਰਾਖਵੀਆਂ ਸ਼ਕਤੀਆਂ (reserved powers) ਵਿਚ ਵਾਧਾ ਕਰ ਲਿਆ ਹੈ। ਅਜੇ ਵੀ ਇਹਨਾਂ ਪਾਸ ਕਾਫੀ ਸੁਤੰਤਰਤਾ ਹੈ। ਇਹ ਅਮਰੀਕੀ ਸੰਘ ਦੇ ਮਹੱਤਵਪੂਰਨ ਅੰਗ ਹਨ। ਅਮਰੀਕਾ ਬੜਾ ਵੱਡਾ ਦੇਸ਼ ਹੈ ਜਿਸ ਵਿਚ ਭੌਤਿਕ, ਨਸਲੀ ਅਤੇ ਆਰਥਿਕ ਭਿੰਨਤਾਵਾਂ ਮੌਜੂਦ ਹਨ ਅਤੇ ਇਹ ਭਿੰਨਤਾਵਾਂ ਰਾਜਾਂ ਦੀ ਵਿਅਕਤੀਗਤ ਹੋਂਦ ਨੂੰ ਜਰੂਰੀ ਬਣਾ ਦੇਂਦੀਆਂ ਹਨ। ਰਾਜਾਂ ਪ੍ਰਤੀ ਉਥੋਂ ਦੇ ਨਾਗਰਿਕਾਂ ਦੀ ਵਫਾਦਾਰੀ ਅਤੇ ਭਾਵਨਾਤਮਕ ਸੰਬੰਧ ਰਾਜਾਂ ਦੀ ਸੁਤੰਤਰ ਹੋਂਦ ਦਾ ਇਕ ਮਹੱਤਵਪੂਰਨ ਮਨੋਵਿਗਿਆਨਕ ਕਾਰਣ ਹੈ।

ਕੇਂਦਰੀਕਰਣ ਦੇ ਨਾਲ ਨਾਲ ਰਾਜਾਂ ਦੇ ਅਧਿਕਾਰ ਸੁਰੱਖਿਆ ਰੱਖਣ ਦੀ ਮੰਗ ਵੀ ਪ੍ਰਬਲ ਰਹੀ ਹੈ। ਕਾਂਗਰਸ ਨੇ ਕੇਂਦਰ-ਰਾਜ ਸਥਾਨਕ ਸੰਬੰਧਾਂ ਦਾ ਅਧਿਐਨ ਕਰਨ ਲਈ ਇਕ ਕਮਿਸ਼ਨ ਦੀ ਨਿਯੁਕਤੀ ਕੀਤੀ ਸੀ। ਕਮਿਸ਼ਨ ਦੀ ਰਿਪੋਰਟ 1953 ਵਿਚ ਪ੍ਰਕਾਸ਼ਿਤ ਹੋਈ ਜੋ ਅਮਰੀਕੀ ਸੰਘਵਾਦ ਦੇ ਵਿਕਾਸ ਵਿਚ ਇਕ ਮੀਲ ਪੱਥਰ ਹੈ। ਇਸ ਨੇ ਅਮਰੀਕੀ ਸੰਘਵਾਦ ਨੂੰ ਸਲਾਹਿਆ ਹੈ ਅਤੇ ਰਾਜਾਂ ਤੇ ਕੇਂਦਰ ਵਿਚਲੇ ਵਰਤਮਾਨ ਸੰਤੁਲਨ ਨੂੰ ਕਾਇਮ ਰੱਖਣ ਦੀ ਮੰਗ ਕੀਤੀ ਹੈ।

ਇਸ ਤੋਂ ਸੱਪਸ਼ਟ ਹੈ ਕਿ ਅਮਰੀਕੀ ਇਤਿਹਾਸ ਵਿਚ ਕੇਂਦਰੀਕਰਣ ਅਤੇ ਵਿਕੇਂਦਰੀਕਰਣ ਦੀਆਂ ਪ੍ਰਵਿਰਤੀਆਂ ਨਾਲੋਂ ਨਾਲ ਕੰਮ ਕਰਦੀਆਂ ਰਹੀਆਂ ਹਨ। ਐਪਰ ਕੇਂਦਰੀਕਰਣ ਦੀ ਪ੍ਰਵਿਰਤੀ ਵਿਕੇਂਦਰੀਕਰਣ ਨਾਲੋਂ ਵਧੇਰੇ ਪ੍ਰਬਲ ਹੋ ਰਹੀ ਹੈ।

### 2.1.7 ਸਿੱਟਾ

ਇਸ ਪਾਠ ਵਿਚ ਅਸੀਂ ਸੰਯੁਕਤ ਰਾਜ ਅਮਰੀਕਾ ਦੇ ਸੰਘੀ ਢਾਂਚੇ ਦਾ ਅਧਿਐਨ ਕੀਤਾ ਹੈ। ਅਸੀਂ ਦੇਖਿਆ ਹੈ ਕਿ ਅਮਰੀਕਨ ਸੰਘ ਰਾਜਾਂ ਦੇ ਆਪਸ ਵਿਚਲੇ ਸਮਝੌਤੇ ਦੁਆਰਾ ਹੋਂਦ ਵਿਚ ਆਇਆ। ਸੰਘ ਰਾਜ ਵਿਚ ਸ਼ਾਮਿਲ ਹੋਣ ਵਾਲੇ ਰਾਜ ਆਪਣੀ ਪ੍ਰਭੁਤਾ ਨੂੰ ਪੂਰੀ ਤਰ੍ਹਾਂ ਛੱਡਣਾ ਨਹੀਂ ਸਨ ਚਾਹੁੰਦੇ ਬਲਕਿ ਆਪਣੀ ਸੁਤੰਤਰ ਹੋਂਦ ਨੂੰ ਵੀ ਕਾਇਮ ਰੱਖਣਾ ਚਾਹੁੰਦੇ ਸਨ। ਇਸ ਲਈ ਸੰਘ ਸਰਕਾਰ ਨੂੰ ਸੀਮਤ ਸ਼ਕਤੀਆਂ ਦਿੱਤੀਆਂ ਗਈਆਂ। ਪਰੰਤੂ ਸਮੇਂ ਦੇ ਬੀਤਣ ਨਾਲ ਹਾਲਾਤ ਵੀ ਬਦਲ ਗਏ। ਸੰਘ ਸਰਕਾਰ ਨੇ ਕਈ ਢੰਗਾਂ ਨਾਲ ਆਪਣੇ ਆਪ ਨੂੰ ਵੱਧ ਤੋਂ ਵੱਧ ਸ਼ਕਤੀਸ਼ਾਲੀ ਬਣਾਉਣਾ ਸ਼ੁਰੂ ਕਰ ਦਿੱਤਾ ਅਤੇ ਕੇਂਦਰ ਏਨਾ ਸ਼ਕਤੀਸ਼ਾਲੀ ਬਣ ਗਿਆ ਕਿ ਕਈ ਆਲੋਚਕਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਅਮਰੀਕਾ ਵਿਚ ਸੰਘਾਤਮਕ ਪ੍ਰਣਾਲੀ ਖਤਮ ਹੋ ਗਈ ਹੈ, ਪਰ ਅਸਲ ਵਿਚ ਇਹ ਕਥਨ ਠੀਕ ਹੈ। ਅਮਰੀਕਾ ਦੇ ਰਾਜਾਂ ਨੂੰ ਅਜੇ ਵੀ ਕਾਫੀ ਸੁਤੰਤਰਤਾ ਪ੍ਰਾਪਤ ਹੈ ਅਤੇ ਉਨ੍ਹਾਂ ਦੀ ਹੋਂਦ ਨੂੰ ਸੰਵਿਧਾਨ ਦੁਅਰਾ ਸੁਰੱਖਿਅਤ ਕੀਤਾ ਗਿਆ ਹੈ।

## 15.8 SUGGESTED READINGS


1. K.R. Bombwall : Major Contemporary Constitutional Systems (Eng. Medium)
2. ਕਪੂਰ ਪੁਰੀ ਬੈਨਸ, ਮਹਿੰਦਰਾ : ਵਿਸ਼ਵ ਦੇ ਆਧੁਨਿਕ ਸੰਵਿਧਾਨ
3. ਆਰ ਸੀ ਅਗਰਵਾਲ : ਸੰਸਾਰ ਦੇ ਪ੍ਰਮੁੱਖ ਸੰਵਿਧਾਨ
4. S.S. Nanda Comparative Government and Politics, (Modern Publishers, Jalandhar, 2011)
5. J.C. Johari : Comparative Politics
6. Andrew Heywood, Palgrave Foundations : Politics


### 15.9 ਅਧਿਐਨ ਲਈ ਪ੍ਰਸ਼ਨ

1. ਅਮਰੀਕੀ ਸੰਘਾਤਮਕ ਪ੍ਰਣਾਲੀ ਦੀ ਕਾਰਜਸ਼ੀਲਤਾ ਦੀ ਵਿਆਖਿਆ ਕਰੋ।
2. ਕੀ ਅਮਰੀਕੀ ਸੰਘੀ ਪ੍ਰਣਾਲੀ ਵਿਚ ਸ਼ਕਤੀਆਂ ਦਾ ਵਾਧਾ ਹੋਇਆ ਹੈ?

ਪਾਠ ਨੰ. 2.2 ਸੈਕਸ਼ਨ ਬੀ, 4(ਬੀ) ਯੂਨਿਟ ਨੰ : 4 ਲੇਖਕ : ਸੰਸਾਰ ਸਿੰਘ ਜੰਜੂਆ

## ਸੰਯੁਕਤ ਰਾਜ ਅਮਰੀਕਾ ਅਤੇ ਇੰਗਲੈਂਡ ਵਿੱਚ ਦਬਾਅ ਸਮੂਹ
## (PRESSURE GROUPS IN UNITED STATES OF AMERICA AND ENGLAND)

**2.2.0 ਭੂਮਿਕਾ**

**2.2.1 ਪਾਠ ਦਾ ਉਦੇਸ਼**

**2.2.2 ਅਮਰੀਕਾ ਵਿਚ ਰਾਜਨੀਤਿਕ ਦਲਾਂ ਦੀ ਤੁਲਨਾ ਵਿਚ ਹਿੱਤ-ਸਮੂਹ ਕਿਉਂ ਜ਼ਿਆਦਾ ਸਰਗਰਮ ਹਨ?** (Why are Pressure Groups more active than Political Parties in the USA?)

**2.2.3 ਸੰਯੁਕਤ ਰਾਜ ਅਮਰੀਕਾ ਵਿਚ ਦਬਾਅ-ਸਮੂਹਾਂ ਦੀਆਂ ਵਿਸ਼ੇਸ਼ਤਾਵਾਂ** (Features of Pressure Groups in the USA)

**2.2.4 ਪ੍ਰਮੁੱਖ ਅਮਰੀਕੀ ਦਬਾਅ-ਸਮੂਹ** (Major American Pressure Groups)

**2.2.5 ਦਬਾਅ-ਸਮੂਹਾਂ ਦੀ ਦੇਣ** (Contribution of Pressure Gropus)

**2.2.6 ਬ੍ਰਿਟੇਨ ਦੇ ਦਬਾਅ-ਸਮੂਹ** (Pressure Groups in Britian)

**2.2.7 ਬ੍ਰਿਟੇਨ ਵਿਚ ਦਬਾਅ-ਸਮੂਹਾਂ ਦੀ ਭੂਮਿਕਾ** (Role of Pressure Groups in Britain)

**2.2.8 ਸਿੱਟਾ**

**2.2.9 ਛੋਟੇ ਉੱਤਰਾਂ ਵਾਲੇ ਪ੍ਰਸ਼ਨ**

**2.2.10 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

### 2.2.0 ਭੂਮਿਕਾ

ਆਪਣੀ ਪੁਸਤਕ **"American Government and Politics"** ਵਿਚ ਹੈਰਲਡ ਜ਼ਿੰਕ (Harold Zink) ਅਤੇ ਉਸ ਦੇ ਸਾਥੀ ਲਿਖਦੇ ਹਨ ਕਿ ਅਸੀਂ ਇਹ ਤਾਂ ਨਹੀਂ ਕਹਿ ਸਕਦੇ ਕਿ ਸਿਰਫ਼ ਸੰਯੁਕਤ ਰਾਜ ਅਮਰੀਕਾ ਵਿਚ ਹੀ ਦਬਾਅ-ਸਮੂਹ ਮੌਜੂਦ ਹਨ ਪਰ ਅਸੀਂ ਇਹ ਜ਼ਰੂਰੀ ਕਹਿ ਸਕਦੇ ਹਾਂ ਕਿ ਸੰਯੁਕਤ ਰਾਜ ਅਮਰੀਕਾ ਵਿਚ ਬਹੁਤ ਜ਼ਿਆਦਾ ਦਬਾਅ-ਸਮੂਹ ਮੌਜੂਦ ਹਨ ਅਤੇ ਦੂਸਰੇ ਦੇਸ਼ਾਂ ਦੀ ਤੁਲਣਾ ਵਿਚ ਇਹ ਜ਼ਿਆਦਾ ਸੰਗਠਿਤ ਵੀ ਹਨ ਅਤੇ ਸਰਗਰਮ ਵੀ। ਅਜਿਹਾ ਹੋਣਾ ਸੁਭਾਵਿਕ ਹੀ ਹੈ ਕਿਉਂਕਿ ਸੰਯੁਕਤ ਰਾਜ ਅਮਰੀਕਾ ਇਕ ਉਦਯੋਗਿਕ ਅਤੇ ਆਰਥਿਕ ਰੂਪ ਵਿਚ ਵਿਕਸਿਤ ਸਮਾਜ ਹੈ ਅਤੇ ਸਮਾਜਿਕ-ਆਰਥਿਕ ਸੰਬੰਧਾਂ ਦਾ ਤਾਣਾ-ਬਾਣਾ ਕਾਫ਼ੀ ਗੁੰਝਲਦਾਰ ਹੈ। ਹੈਰਲਡ ਜ਼ਿੰਕ (Harold Zinc) ਲਿਖਦਾ ਹੈ ਕਿ ਜਿਨ੍ਹਾਂ ਦੇਸ਼ਾਂ ਵਿਚ ਪੈਸਾ ਘੱਟ ਹੁੰਦਾ ਹੈ ਤੇ ਜਨਸੰਖਿਆ ਵਿਚ ਇਕਰੂਪਤਾਵਾਂ ਦੀ ਗਿਣਤੀ ਘੱਟ ਹੀ ਰਹਿੰਦੀ ਹੈ। ਇਸਦੇ ਉਲਟ ਜਿਸ ਸਮਾਜ ਵਿਚ ਧਨ ਜ਼ਿਆਦਾ ਹੋਵੇ ਅਤੇ ਜਨਸੰਖਿਆ ਵਿਚ ਵਿਭਿੰਨਤਾਵਾਂ ਜ਼ਿਆਦਾ ਹੋਣ ਉੱਥੇ ਰਾਜਨੀਤਿਕ ਦਲਾਂ ਦੀ ਸੰਖਿਆ ਤਾਂ ਘੱਟ ਹੁੰਦੀ ਹੈ ਪਰ ਹਿੱਤ-ਸਮੂਹਾਂ/ਦਬਾਅ ਸਮੂਹਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ। ਸੰਯੁਕਤ ਰਾਜ ਅਮਰੀਕਾ ਦੀ ਰਾਜਨੀਤਿਕ ਵਿਵਸਥਾ ਵਿਚ ਸਿਰਫ਼ ਦੋ ਹੀ ਰਾਜਨੀਤਿਕ ਦਲ ਸਰਗਰਮ ਹਨ ਪਰ ਇਸਦੇ ਨਾਲ ਹੀ ਬਹੁਤ ਸਾਰੇ ਹਿੱਤ-ਸਮੂਹ ਅਤੇ ਦਬਾਅ-ਸਮੂਹ ਸੰਗਠਿਤ ਅਤੇ ਸਰਗਰਮ ਰੂਪ ਵਿਚ ਕਾਰਜ ਕਰ ਰਹੇ ਹਨ। ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਹਰੇਕ ਅਮਰੀਕੀ ਨਾਗਰਿਕ ਕਿਸੇ ਨਾ ਕਿਸੇ ਹਿੱਤ-ਸਮੂਹ ਨਾਲ ਜ਼ਰੂਰ ਹੀ ਜੁੜਿਆ ਹੋਇਆ ਹੁੰਦਾ ਹੈ ਪਰ ਹਰੇਕ ਹਿੱਤ ਦੀ ਪ੍ਰਤੀਨਿਧਤਾ ਨਹੀਂ ਹੁੰਦੀ।

ਵੀ.ਓ.ਕੀ (V.O. Key) ਲਿਖਦਾ ਹੈ, "ਨਿਜੀ ਸੰਗਠਨਾਂ (Interest Groups) ਦੀਆਂ ਗਤੀਵਿਧੀਆਂ ਦੇ ਅਧਿਐਨ ਤੇ

ਅਮਰੀਕੀ ਰਾਜਨੀਤਿਕ ਵਿਵਸਥਾ ਵਿਚ ਜ਼ਿਆਦਾ ਜ਼ੋਰ ਦੇਣਾ ਪੈਂਦਾ ਹੈ ਕਿਉਂਕਿ ਅਜਿਹੀਆਂ ਸੰਸਥਾਵਾਂ ਹੀ ਨਾਗਰਿਕਾਂ ਅਤੇ ਸਰਕਾਰ ਵਿਚ ਸੰਚਾਰ ਦੇ ਮਹੱਤਵਪੂਰਨ ਸੂਤਰ ਹਨ।" (Prominent place must be given to the activities of private organisations (Interest Groups) is one is to understand the American Political System for these associations constitute links of communication between the citizens and the government.) ਅਮਰੀਕੀ ਰਾਜਨੀਤੀ ਵਿਚ ਅਜਿਹੀਆਂ ਸੰਸਥਾਵਾਂ ਜਿਨ੍ਹਾਂ ਨੂੰ ਦਬਾਅ-ਸਮੂਹ ਕਿਹਾ ਜਾਂਦਾ ਹੈ ਕਾਫ਼ੀ ਮਾਤਰਾ ਵਿਚ ਮਹੱਤਵਪੂਰਣ ਸ਼ਕਤੀ ਦਾ ਪ੍ਰਯੋਗ ਕਰ ਰਹੀਆਂ ਹਨ। ਅੱਜ ਤੋਂ ਤਕਰੀਬਨ 170 ਸਾਲ ਪਹਿਲਾਂ ਡੀ. ਟਾਕਵਿਲ (D.Tackwil) ਨੇ ਇਹ ਕਿਹਾ ਸੀ ਕਿ ਅਮਰੀਕਾ ਵਿਚ ਸੰਸਥਾਵਾਂ ਬਣਾ ਕੇ ਕਾਰਜ਼ ਕਰਨਾ ਲੋਕਾਂ ਦਾ ਸਭ ਤੋਂ ਵੱਡਾ ਉਦੇਸ਼ ਰਿਹਾ ਹੈ। ਅੱਜ ਦੇ ਵਾਤਾਵਰਣ ਵਿਚ ਵੀ ਡੀ.ਟਾਕਵਿਲ ਦਾ ਇਹ ਕਥਨ ਠੀਕ ਹੈ।

### 2.2.1 ਪਾਠ ਦਾ ਉਦੇਸ਼

ਇਸ ਪਾਠ ਰਾਹੀਂ ਅਸੀਂ ਇੰਗਲੈਂਡ ਅਤੇ ਅਮਰੀਕਾ ਵਿੱਚ ਦਬਾਅ ਸਮੂਹਾਂ ਦੀਆਂ ਵਿਸ਼ੇਸ਼ਤਾਵਾਂ, ਕੇਂਦਰਕ੍ਰਿਤ ਕਾਰਜਸ਼ੀਲਤਾ, ਕਿਸਮਾਂ, ਕੰਮ, ਸਰਕਾਰੀ ਅਧਿਕਾਰੀਆਂ ਨਾਲ ਸਪਰੰਕ ਸਥਾਪਿਤ ਕਰਨਾ, ਰਾਜਨੀਤਿਕ ਦਲਾਂ ਨੂੰ ਆਪਣੇ ਪ੍ਰਭਾਵ ਅਧੀਨ ਰੱਖਣਾ, ਪ੍ਰਚਾਰ ਕਰਨਾ, ਸਲਾਹਕਾਰੀ ਕਾਰਜ ਬਾਰੇ ਨਿਰਧਾਰਿਤ ਕਰਨ ਵਾਲੇ ਤੱਤਾਂ ਬਾਰੇ ਪੜ੍ਹਾਂਗੇ।

### 2.2.2 ਅਮਰੀਕਾ ਵਿਚ ਰਾਜਨੀਤਿਕ ਦਲਾਂ ਦੀ ਤੁਲਨਾ ਵਿਚ ਹਿੱਤ-ਸਮੂਹ ਕਿਉਂ ਜ਼ਿਆਦਾ ਸਰਗਰਮ ਹਨ?

(Why are Interest/Pressure Groups more active than Political Partical Parties in the USA?)

ਇਸ ਤੱਤ ਨੂੰ ਅੱਜ ਸਾਰੇ ਵਿਦਵਾਨ ਸਵੀਕਾਰ ਰਕਦੇ ਹਨ ਕਿ ਅਮਰੀਕੀ ਰਾਜਨੀਤਿਕ ਵਿਵਸਥਾ ਵਿਚ ਰਾਜਨੀਤਿਕ ਹਿੱਤ-ਸਮੂਹਾਂ ਦੀ ਗਿਣਤੀ ਦੂਨੀਆਂ ਦੇ ਸਭ ਦੇਸ਼ਾਂ ਨਾਲੋਂ ਜ਼ਿਆਦਾ ਹੈ। ਅਜਿਹਾ ਸ਼ਾਇਦ ਦੋ ਕਾਰਨਾਂ ਕਰਕੇ ਹੈ ਜਿਨ੍ਹਾਂ ਦਾ ਵਿਸ਼ਲੇਸ਼ਣ ਪ੍ਰੋ. ਡਬਲਿਊ.ਐਚ.ਯੰਗ (W.H. Young) ਨੇ ਆਪਣੀ ਪੁਸਤਕ "Essentials of American System" ਵਿਚ ਕੀਤਾ ਹੈ।ਇਹ ਦੋ ਕਾਰਨ ਹਨ;

1. ਪਿਛਲੀ ਸਦੀ ਵਿਚ ਸੰਯੁਕਤ ਰਾਜ ਅਮਰੀਕਾ ਵਿਚ ਬਹੁਤ ਜ਼ਿਆਦਾ ਅਤੇ ਮਹੱਤਵਪੂਰਨ ਤਕਨੀਕੀ ਵਿਕਾਸ ਹੋਇਆ ਅਤੇ ਇਸ ਦੇ ਸਦਕੇ ਕਾਰਜਾਂ ਦਾ ਵਿਸ਼ਿਸ਼ਟੀਕਰਨ (Specialisation of Functions) ਲਗਾਤਾਰ ਵਧ ਰਹੀ ਆਪਸੀ ਨਿਰਭਰਤਾ (Increasing Interdependence) ਅਤੇ ਸੰਚਾਰ ਸੂਚਨਾਵਾਂ ਦਾ ਵੱਡਾ ਪ੍ਰਸਾਰ ਹੋਇਆ ਹੈ। ਅਜਿਹੀਆਂ ਤਬਦੀਲੀਆਂ ਨੇ ਲੋਕਾਂ ਵਿਚ ਸਮੂਹ ਬਣਾਉਣ ਦੀ ਪ੍ਰਕਿਰਿਆ ਨੂੰ ਬਲ ਦਿੱਤਾ ਹੈ। ਦੂਜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿਉਂਕਿ ਅਮਰੀਕੀ ਸਮਾਜ ਵਿਚ ਵੱਡੀਆਂ ਸਮਾਜਿਕ-ਆਰਥਿਕ ਤਬਦੀਲੀਆਂ ਕਾਫ਼ੀ ਤੇਜ਼ੀ ਨਾਲ ਅਤੇ ਕਾਫ਼ੀ ਵੱਡੀ ਮਾਤਰਾ ਵਿਚ ਆਈਆਂ ਹਨ ਇਨ੍ਹਾਂ ਦੇ ਕਾਰਨ ਸਮਾਜਿਕ-ਆਰਥਿਕ ਸੰਬੰਧਾਂ ਵਿਚ ਨਿੱਤ ਨਵੇਂ ਸਮਾਯੋਜਨ ਕਰਨ ਦੀ ਉਭਰੀ ਹੋਈ ਜ਼ਰੂਰਤ ਨੂੰ ਪੂਰਾ ਕਰਨ ਲਈ ਬਹੁਤ ਸਾਰੇ ਸਮੂਹਾਂ ਦਾ ਸੰਭਾਵਿਕ ਰੂਪ ਵਿਚ ਸੰਗਠਨ ਹੋਇਆ। ਇਸ ਤਰ੍ਹਾਂ ਤਕਨੀਕੀ ਪਰਿਵਰਤਨ ਨੇ ਅਮਰੀਕੀ ਰਾਜਨੀਤਿਕ ਵਿਵਸਥਾ ਵਿਚ ਹਿੱਤ-ਸਮੂਹਾਂ ਦੇ ਸੰਗਠਨ ਦੀ ਪ੍ਰਕਿਰਿਆ ਨੂੰ ਵਿਆਪਕਤਾ ਅਤੇ ਸ਼ਕਤੀ ਪ੍ਰਦਾਨ ਕੀਤੀ।
2. ਅਮਰੀਕੀ ਸਮਾਜ ਵਿਚ ਸੰਸਥਾਵਾਂ ਬਣਾਉਣ ਦੀ ਸੁਤੰਤਰਤਾ ਨੇ ਹਮੇਸ਼ਾ ਲੋਕ ਸਮੂਹ ਸੰਗਠਿਤ ਕਰਕੇ ਆਪਣੇ ਹਿੱਤਾਂ ਦੀ ਰੱਖਿਆ ਕਰਨ ਲਈ ਪ੍ਰਭਾਵਿਤ ਅਤੇ ਉਤਸ਼ਾਹਿਤ ਕੀਤਾ ਹੈ। ਸੰਗਠਨ/ਸੰਸਥਾਵਾਂ ਬਣਾ ਕੇ ਸਮਾਜਿਕ-ਆਰਥਿਕ ਸੰਬੰਧਾਂ ਦਾ ਸੰਚਾਲਣ ਕਰਨਾ ਅਮਰੀਕੀ ਜੀਵਨ-ਸ਼ੈਲੀ ਦੀ ਇਕ ਵੱਡੀ ਵਿਸ਼ੇਸ਼ਤਾ ਰਹੀ ਹੈ। ਇਹ ਦੋ ਕਾਰਨ ਮੁੱਖ ਤੌਰ ਤੇ ਅਮਰੀਕੀ ਰਾਜਨੀਤਿਕ ਵਿਵਸਥਾ ਵਿਚ ਹਿੱਤ/ਦਬਾਅ-ਸਮੂਹਾਂ ਦੀ ਗਿਣਤੀ ਵਧਾਉਣ ਲਈ ਜ਼ਿੰਮੇਵਾਰ ਰਹੇ ਹਨ। ਇਸਦੇ ਨਾਲ ਹੀ ਜਿਵੇਂ ਕਿ ਮਿ. ਲਾਥਮ (Lathem) ਲਿਖਦਾ ਹੈ ਦਬਾਅ-ਸਮੂਹਾਂ ਦੀ ਹੋਂਦ ਇਸ ਕਰਕੇ ਵੀ ਹੈ ਕਿਉਂਕਿ ਸੰਯੁਕਤ ਰਾਜ ਅਮਰੀਕਾ ਵਿਚ ਰਾਜਨੀਤਿਕ ਸ਼ਕਤੀ ਸੰਘ ਸਰਕਾਰ ਅਤੇ ਰਾਜਾਂ ਵਿਚ ਵੰਡੀ ਹੋਈ ਹੈ। ਇਨ੍ਹਾਂ ਦੇ ਸੰਗਠਨ ਦਾ ਆਧਾਰ ਸ਼ਕਤੀਆਂ ਦੀ ਅਲਹਿਦਗੀ ਅਤੇ ਵਿਕੇਂਦਰੀਕਰਨ ਦਾ ਸਿਧਾਂਤ ਰਿਹਾ ਹੈ ਅਤੇ ਕੋਈ ਵੀ ਸੰਸਥਾ ਸ਼ਕਤੀਆਂ ਦਾ ਕੇਂਦਰੀਕਰਨ ਨਹੀਂ ਕਰ ਸਕਦੀ।

ਅਜਿਹੀ ਵਿਸ਼ੇਸ਼ਤਾ ਨੇ ਵੀ ਸੰਯੁਕਤ ਰਾਜ ਅਮਰੀਕਾ ਦੀ ਰਾਜਨੀਤਿਕ ਵਿਵਸਥਾ ਵਿਚ ਹਿੱਤ/ਦਬਾਊ ਸਮੂਹਾਂ ਦੀ ਗਿਣਤੀ ਵਿਚ ਵੱਡਾ ਵਾਧਾ ਕੀਤਾ ਹੈ।

### 2.2.3 **ਸੰਯੁਕਤ ਰਾਜ ਅਮਰੀਕਾ ਵਿਚ ਦਬਾਅ-ਸਮੂਹਾਂ ਦੀਆਂ ਵਿਸ਼ੇਸ਼ਤਾਵਾਂ** (Features of Pressure Groups in the USA)

ਅਮਰੀਕੀ ਰਾਜਨੀਤਿਕ ਵਿਵਸਥਾ ਵਿਚ ਮੌਜੂਦ ਦਬਾਅ-ਸਮੂਹਾਂ ਦੀ ਪ੍ਰਕਿਰਤੀ ਨੂੰ ਠੀਕ ਤਰ੍ਹਾਂ ਸਮਝਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਇਨ੍ਹਾਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦਾ ਅਧਿਐਨ ਕਰੀਏ:

1. **ਹਜ਼ਾਰਾਂ ਦੀ ਸੰਖਿਆ ਵਿਚ ਦਬਾਉ-ਸਮੂਹ** (Thousands of Interest Groups): ਅਮਰੀਕੀ ਸਮਾਜ ਵਿਚ ਅਸਲ ਰੂਪ ਵਿਚ ਕਈ ਹਜ਼ਾਰ ਦਬਾਉ-ਸਮੂਹ ਹਨ ਜਿਹੜੇ ਕਿ ਆਪਣੇ-ਆਪਣੇ ਉਦੇਸ਼ਾਂ ਦੀ ਪੂਰਤੀ ਲਈ ਲਗਾਤਾਰ ਕਾਰਜ ਕਰਦੇ ਹਨ ਅਤੇ ਉਹ ਸਾਰਵਜਨਕ ਸ਼ਕਤੀ ਨੂੰ ਪ੍ਰਭਾਵਿਤ ਕਰਨ ਵੇਲੇ ਦਬਾਅ-ਸਮੂਹ ਬਣ ਜਾਂਦੇ ਹਨ। ਅਮਰੀਕੀ ਸਮਾਜ ਵਿਚ ਹਰ ਛੋਟੇ-ਵੱਡੇ ਕੰਮ ਲਈ ਇਕ ਦਬਾਉ-ਸਮੂਹ ਸੰਗਠਿਤ ਕਰ ਲਿਆ ਜਾਂਦਾ ਹੈ ਜਿਸ ਤਰ੍ਹਾਂ American Dog Food Institute, American Goat Society, Intenational Baby Chick States Federation of Amateur Rollers Skaters, Society of Roller Skating Teachers of America, Lengue for Less Noise ਆਦਿ। ਬਹੁਤ ਸਾਰੇ ਹਿੱਤ-ਸਮੂਹ ਲਗਾਤਾਰ ਸਰਗਰਮ ਰਹਿੰਦੇ ਹਨ ਪਰ ਸਾਰੇ ਹਿੱਤ-ਸਮੂਹ ਸਮਾਨ ਰੂਪ ਵਿਚ ਰਾਜਨੀਤਿਕ ਰੁਪ ਵਿਚ ਸਰਗਰਮ ਨਹੀਂ ਹੁੰਦੇ। ਕਈ ਹਿੱਤ-ਸਮੂਹ ਤਾਂ ਆਪਣੇ ਆਪ ਨੂੰ ਰਾਜਨੀਤਿਕ ਹਿੱਤਾਂ ਤੋਂ ਦੂਰ ਹੀ ਰੱਖਦੇ ਹਨ।

2. **ਸੰਗਠਿਤ ਦਬਾਉ-ਸਮੂਹ** (Well Organised Interest Groups): ਅਮਰੀਕੀ ਸਮਾਜ ਵਿਚ ਮੌਜੂਦ ਲਗਪਗ ਸਾਰੇ ਦਬਾਉ-ਸਮੂਹ ਚੰਗੀ ਤਰ੍ਹਾਂ ਨਾਲ ਸੰਗਠਿਤ ਦਬਾਉ-ਸਮੂਹ ਹੁੰਦੇ ਹਨ ਅਤੇ ਇਨ੍ਹਾਂ ਦੀਆਂ ਸ਼ਾਖਾਵਾਂ ਕਈ ਖੇ ਤਰਾਂ ਵਿਚ ਫੈਲੀਆਂ ਹੁੰਦੀਆਂ ਹਨ। ਹਰੇਕ ਹਿੱਤ-ਸਮੂਹ ਦੀਆਂ ਰਾਸ਼ਟਰੀ, ਖੇਤਰੀ ਅਤੇ ਸਥਾਨਕ ਸੰਸਥਾਵਾਂ ਹੁੰਦੀਆਂ ਹਨ ਅਤੇ ਇਹ ਵਿਵਸਥਿਤ ਰੂਪ ਨਾਲ ਆਪਣੇ ਹਿੱਤਾਂ ਦੀ ਪੂਰਤੀ ਲਈ ਕੰਮ ਕਰਦੇ ਹਲ। ਦਬਾਉ-ਸਮੂਹਾਂ ਦੀ ਗਿਣਤੀ ਲਗਾਤਾਰ ਵਧਦੀ-ਘਟਦੀ ਰਹਿੰਦੀ ਹੈ। ਪਰ ਸਮੁੱਚੇ ਤੌਰ ਤੇ ਹਮੇਸ਼ਾ ਵਾਧਾ ਹੀ ਦੇਖਣ ਨੂੰ ਮਿਲਦਾ ਹੈ।

3. **ਸਾਰੇ ਸਮੂਹ ਰਾਜਨੀਤਿਕ ਰੂਪ ਵਿਚ ਸਰਗਰਮ ਨਹੀਂ ਹੁੰਦੇ** (Not All Groups are Politically Active): ਵਿਲੀਅਮ ਯੰਗ (William Young) ਲਿਖਦਾ ਹੈ ਕਿ ਸਾਰੇ ਹਿੱਤ-ਸਮੂਹ ਰਾਜਨੀਤਿਕ ਰੂਪ ਵਿਚ ਸਰਗਰਮ ਨਹੀਂ ਹੁੰਦੇ ਕਿਉਂਕਿ ਬਹੁਤ ਸਾਰੇ ਹਿੱਤ-ਸਮੂਹ ਤਾ ਧਾਰਮਿਕ, ਆਰਥਿਕ, ਸਾਮਾਜਿਕ ਅਤੇ ਸੱਭਿਆਚਾਰਕ ਹਿੱਤਾਂ ਦੀ ਪੂਰਤੀ ਕਰਨ ਵਿਚ ਲੱਗੇ ਹੁੰਦੇ ਹਨ। ਲੇਕਿਨ ਬਹੁਤ ਵਾਰ ਆਰਥਿਕ ਹਿੱਤਾਂ ਦੀ ਪੂਰਤੀ ਲਈ ਬਣਾਏ ਗਏ ਸਮੂਹ ਰਾਜਨੀਤਿਕ ਪ੍ਰਕਿਰਿਆ ਦੇ ਭਾਗੀਦਾਰ ਬਣ ਜਾਂਦੇ ਹਨ ਕਿਉਂਕਿ ਆਰਥਿਕ ਹਿੱਤਾਂ ਦੀ ਪੂਰਤੀ ਲਈ ਸਰਕਾਰ ਦੀਆਂ ਨੀਤੀਆਂ ਨੂੰ ਪ੍ਰਭਾਵਿਤ ਕਰਨਾ ਜ਼ਰੂਰੀ ਹੁੰਦਾ ਹੈ। ਅਮਰੀਕੀ ਲੋਕ ਇਹ ਵੀ ਸਮਝਦੇ ਹਨ ਕਿ ਆਰਥਿਕ ਹਿੱਤਾਂ ਦੀ ਸੁਰੱਖਿਆ ਲਈ ਇਹ ਜ਼ਰੂਰੀ ਹੈ ਕਿ ਰਾਜ ਦੀ ਸ਼ਕਤੀ ਦੀ ਵਧੇਰੇ ਵਰਤੋਂ ਨੂੰ ਰੋਕਿਆ ਜਾਵੇ।

4. **ਦਬਾਅ-ਸਮੂਹ ਸੁਤੰਤਰ ਸੰਸਥਾਵਾਂ ਹਨ** (Pressure Groups are Free Institutions): ਅਰਲ ਲਾਥਮ (Earl Lathem) ਲਿਖਦਾ ਹੈ ਕਿ ਦਬਾਅ-ਸਮੂਹ ਉਹ ਸੁੰਤਤਰ ਸੰਸਥਾਵਾਂ ਹੁੰਦੀਆਂ ਹਨ ਜੋ ਮਹੱਤਵਪੂਰਨ ਰਾਜਨੀਤਿਕ ਉਦੇਸ਼ਾਂ ਦੀ ਪੂਰਤੀ ਕਰਦੇ ਹਨ। ਅਮਰੀਕੀ ਰਾਜਨੀਤਿਕ ਵਿਵਸਥਾ ਵਿਚ ਲੋਕਾਂ ਨੂੰ ਸੁਤੰਤਰ ਸੰਸਥਾਵਾਂ ਬਣਾਉਣ ਦਾ ਅਧਿਕਾਰ ਹੈ ਅਤੇ ਸੁਤੰਤਰ ਸੰਸਥਾਵਾਂ ਦੇ ਸੰਗਠਨ ਨੂੰ ਖੁੱਲ੍ਹੇ ਅਤੇ ਸੁਤੰਤਰ ਸਮਾਜ ਦੀ ਵਿਸ਼ੇਸ਼ਤਾ ਮੰਨਿਆ ਜਾਂਦਾ ਹੈ। ਅਮਰੀਕੀ ਨਾਗਰਿਕ ਦਬਾਅ-ਸਮੂਹਾਂ ਨੂੰ ਨਿਜੀ ਸੰਸਥਾਵਾਂ ਦੇ ਰੂਪ ਵਿਚ ਦੇਖਦੇ ਹਨ ਅਤੇ ਇਹ ਲੋਕਾਂ ਦੀ ਸਮਾਜਿਕ, ਨਾਗਰਿਕ ਅਤੇ ਰਾਜਨੀਤਿਕ ਸੁਤੰਤਰਤਾ ਦੇ ਪ੍ਰਤੀਕ ਹੁੰਦੇ ਹਨ।

### 2.2.4 **ਪ੍ਰਮੁੱਖ ਅਮਰੀਕੀ ਦਬਾਅ-ਸਮੂਹ** (Major American Pressure Groups)

ਅਮਰੀਕੀ ਰਾਜਨੀਤਿਕ ਵਿਵਸਥਾ ਵਿਚ ਹਿੱਤ-ਸਮੂਹਾਂ ਦੀ ਇਕ ਵੱਡੀ ਗਿਣਤੀ ਮੌਜੂਦ ਹੈ ਅਤੇ ਬਹੁਤ ਸਾਰੇ ਹਿੱਤ-ਸਮੂਹ

ਕਾਫ਼ੀ ਸਮੇਂ ਤੋਂ ਰਾਜਨੀਤਿਕ ਵਿਵਸਥਾ ਵਿਚ ਸਰਗਰਮ ਭੂਮਿਕਾਵਾਂ ਨਿਭਾ ਰਹੇ ਹਨ। "The American Federation of Labour" (AFL) ਅਤੇ "Congress of Industrial Organization" 1955 ਤੋਂ ਪਹਿਲੇ ਦੋ ਅਲੱਗ ਹਿੱਤ-ਸਮੂਹ ਸਨ। 1955 ਵਿਚ ਦੋਨਾਂ ਸਮੂਹਾਂ ਨੇ ਮਿਲਕੇ ਇਕ ਸੰਗਠਨ ਬਣਾ ਲਿਆ ਅਤੇ ਇਸਦੇ ਮੈਂਬਰਾਂ ਦੀ ਗਿਣਤੀ ਲਗਭਗ 1.5 ਕਰੋੜ ਹੋ ਗਈ। ਇਹ ਹਿੱਤ-ਸਮੂਹ ਇਕ ਸ਼ਕਤੀਸ਼ਾਲੀ ਅਤੇ ਚੰਗੀ ਤਰ੍ਹਾਂ ਨਾਲ ਸੰਗਠਿਤ ਹਿੱਤ-ਸਮੂਹ ਹੈ। ਇਸਦੇ ਮੈਂਬਰ ਆਮ ਕਰਕੇ ਡੈਮੋਕਰੈਟਿਕ ਪਾਰਟੀ ਦੇ ਸਮਰਥਕ ਹਨ। ਅਮਰੀਕਾ ਦੇ ਕਿਸਾਨਾਂ ਨੇ ਵੀ ਦੋ ਪ੍ਰਮੁੱਖ ਹਿੱਤ-ਸਮੂਹਾਂ ਦਾ ਸੰਗਠਨ ਕੀਤਾ ਹੋਇਆ ਹੈ। ਇਹ ਹਨ; "American Form Bureau Federation", ਅਤੇ National Grange ਇਹ ਦੋਨੋਂ ਸਮੂਹ ਕਿਸਾਨਾਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਦੇ ਹਨ। ਇਸੇ ਤਰ੍ਹਾਂ ਹੋਰ ਕਿੱਤਿਆਂ ਵਿਚ ਸ਼ਾਮਿਲ ਲੋਕਾਂ ਨੇ ਆਪਣੇ-ਆਪਣੇ ਸੰਗਠਨ ਬਣਾਏ ਹੋਏ ਹਨ ਜਿਵੇਂ ਕਿ American Medical Association. ਅਮਰੀਕੀ ਸਮਾਜ ਵਿਚ ਚੈਂਬਰਜ਼ ਆਫ਼ ਕਾਮਰਸ, ਉਤਪਾਦਕਾਂ ਦੀਆਂ ਸੰਸਥਾਵਾਂ, ਖਪਤਕਾਰਾਂ ਦੀਆਂ ਸੰਸਥਾਵਾਂ ਵੱਡੀ ਸੰਖਿਆ ਵਿਚ ਮੌਜੂਦ ਹਨ। ਇਥੋਂ ਤੱਕ ਕਿ 160 ਤੋਂ ਵੀ ਜ਼ਿਆਦਾ ਦਬਾਉ-ਸਮੂਹਾਂ ਦੇ ਰਾਸ਼ਟਰੀ ਸੰਗਠਨ ਹਨ ਜੋ ਕਿ ਅਮਰੀਕੀ ਜਨਸੰਖਿਆ ਦੇ ਵਿਭਿੰਨ ਵਰਗਾਂ ਦੀ ਨੁਮਾਇੰਦਗੀ ਕਰਦੇ ਹਨ। ਤਕਰੀਬਨ 2 ਕਰੋੜ ਨੀਗਰੋ ਆਪਣੇ ਆਪ ਵਿਚ ਇਕ ਵਰਗ ਬਣਾਉਂਦੇ ਹਨ ਅਤੇ ਇਨ੍ਹਾਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਨ ਵਾਲਾ ਸਭ ਤੋਂ ਮਹੱਤਵਪੂਰਨ ਸਮੂਹ ਹੈ "National Association for the Advancement of Coloured People", ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਅਮਰੀਕੀ ਨਾਗਰਿਕਾਂ ਨੇ ਆਪਣੇ ਅਲੱਗ-ਅਲੱਗ ਹਿੱਤ-ਸਮੂਹ ਬਣਾਏ ਹੋਏ ਹਨ।

ਅਮਰੀਕਾ ਇਕ ਸੰਘਾਤਮਕ ਰਾਜ ਹੈ ਅਤੇ ਅਮਰੀਕੀ ਸੰਘ ਸਰਕਾਰ ਦੇ ਨਾਲ-ਨਾਲ 50 ਰਾਜ ਸਰਕਾਰਾਂ ਅਤੇ ਕਈ ਇਕ ਸਥਾਨਕ ਸਰਕਾਰਾਂ ਅਮਰੀਕੀ ਰਾਜਨੀਤਿਕ ਵਿਵਸਥਾ ਵਿਚ ਮੌਜੂਦ ਹਨ। ਇਸੇ ਕਰਕੇ ਅਮਰੀਕਾ ਵਿਚ ਹਿੱਤ/ਦਬਾਅ-ਸਮੂਹ ਰਾਸ਼ਟਰੀ, ਖੇਤਰੀ ਅਤੇ ਸਥਾਨਕ ਪੱਧਰਾਂ ਤੇ ਮੌਜੂਦ ਹਨ। ਤਿੰਨਾਂ ਪੱਧਰਾਂ ’ਤੇ ਮੌਜੂਦ ਦਬਾਉ-ਸਮੂਹ ਸਰਗਰਮੀ ਨਾਲ ਆਪਣੇ ਹਿੱਤਾਂ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਹ ਰਾਜਨੀਤਿਕ ਦਲਾਂ ਦੀਆਂ ਨੀਤੀਆਂ, ਕਾਂਗਰਸ ਦੇ ਕਾਨੂੰਨਾਂ ਅਤੇ ਸਰਕਾਰ ਦੀਆਂ ਨੀਤੀਆਂ ਨੂੰ ਹਮੇਸ਼ਾ ਆਪਣੇ ਪੱਖ ਵਿਚ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਨ।

### 2.2.5 ਦਬਾਅ-ਸਮੂਹਾਂ ਦੀ ਦੇਣ (Contribution of Pressure Gropus)

ਆਗ ਅਤੇ ਜ਼ਿੰਕ ਕਹਿੰਦੇ ਹਨ ਕਿ ਜੇਕਰ ਹਿੱਤ-ਸਮੂਹ ਦੀਆਂ ਗਤੀਵਿਧੀਆਂ ਨਾ ਹੁੰਦੀਆਂ ਤਾਂ ਸੰਯੁਕਤ ਰਾਜ ਅਮਰੀਕਾ ਦੀ ਸਰਕਾਰ ਦਾ ਕੰਮ ਕਰਨਾ ਕਾਫੀ ਔਖਾ ਹੋ ਜਾਂਦਾ। ਵਿਭਿੰਨ ਹਿੱਤ-ਸਮੂਹ ਹੀ ਅਮਰੀਕੀ ਕਾਂਗਰਸ ਅਤੇ ਰਾਜ ਵਿਧਾਨਪਾਲਿਕਾਵਾਂ ਨੂੰ ਸੂਚਨਾਵਾਂ ਭੇਜਦੇ ਰਹਿੰਦੇ ਹਨ ਅਤੇ ਇਨ੍ਹਾਂ ਦੇ ਆਧਾਰ ਤੇ ਹੀ ਇਹਨਾਂ ਸੰਸਥਾਵਾਂ ਦੁਆਰਾ ਕਾਨੂੰਨ-ਨਿਰਮਾਣ ਦਾ ਕੰਮ ਕੀਤਾ ਜਾਂਦਾ ਹੈ। ਦਰਅਸਲ ਅਮਰੀਕੀ ਰਾਜਨੀਤਿਕ ਵਿਵਸਥਾ ਵਿਚ ਵਿਭਿੰਨ ਹਿੱਤ-ਸਮੂਹਾਂ ਵਿਚ ਲਗਾਤਾਰ ਵਿਚਾਰ-ਵਟਾਂਦਰਾ ਹੁੰਦਾ ਰਹਿੰਦਾ ਹੈ ਅਤੇ ਦੇਸ਼ ਦੇ ਸਾਹਮਣੇ ਮੌਜੂਦ ਵਿਭਿੰਨ ਸਮਾਜਿਕ-ਆਰਥਿਕ-ਸੱਭਿਆਚਾਰਿਕ ਮੁੱਦਿਆਂ, ਸਮੱਸਿਆਵਾਂ ਅਤੇ ਜ਼ਰੂਰਤਾਂ ਉੱਤੇ ਲਗਾਤਾਰ ਬਹਿਸ ਹੁੰਦੀ ਰਹਿੰਦੀ ਹੈ। ਅਜਿਹੀ ਬਹਿਸ ਜਨਮਤ ਦਾ ਨਿਰਮਾਣ ਕਰਨ ਵਿਚ ਸਰਗਰਮ ਭੂਮਿਕਾ ਅਦਾ ਕਰਦੀ ਹੈ ਅਤੇ ਨਿਰਮਿਤ ਜਨਮਤ ਵਿਧਾਨਪਾਲਿਕਾਵਾਂ ਅਤੇ ਕਾਰਜਪਾਲਿਕਾਵਾਂ ਨੂੰ ਕਾਨੂੰਨ-ਨਿਰਮਾਣ ਅਤੇ ਨਿਰਣਾ-ਨਿਰਮਾਣ ਵਿਚ ਰਸਤਾ ਦਿਖਾਉਂਦਾ ਹੈ।ਅਮਰੀਕੀ ਰਾਜਨੀਤਿਕ ਵਿਵਸਥਾ ਦੇ ਲੋਕਤੰਤਰੀ ਸਰੂਪ ਨੂੰ ਵਿਵਹਾਰ ਵਿਚ ਚਲਾਉਣ ਦੀ ਪ੍ਰਕਿਰਿਆ ਵਿਚ ਹਿੱਤ/ਦਬਾਅ-ਸਮੂਹ ਵੱਡਮੁੱਲੀ ਭੂਮਿਕਾ ਅਦਾ ਕਰ ਰਹੇ ਹਨ। ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਅਤੇ ਅਲੱਗ-ਅਲੱਗ ਸੰਘ ਹੀ ਹਨ। (Each of the two major Political Parties of the USA is a confederation of variour Interest/Pressure Groups) ਹਿੱਤ-ਸਮੂਹਾਂ ਦੀਆਂ ਗਤੀਵਿਧੀਆਂ ਹਮੇਸ਼ਾ ਅਮਰੀਕੀ ਰਾਜਨੀਤਿਕ ਪਾਰਟੀਆਂ ਦੀਆਂ ਗਤੀਵਿਧੀਆਂ ਅਤੇ ਨੀਤੀਆਂ ਨੂੰ ਨਿਰਧਾਰਿਤ ਕਰਦੀਆਂ ਹਨ।

### 2.2.6 ਬ੍ਰਿਟੇਨ ਦੇ ਦਬਾਅ-ਸਮੂਹ (Pressure Groups in Britian)

ਬ੍ਰਿਟੇਨ ਦੀ ਰਾਜਨੀਤਿਕ ਅਵਸਥਾ ਵਿਚ ਦਬਾਅ-ਸਮੂਹਾਂ ਦੀ ਭੂਮਿਕਾ ਹਮੇਸ਼ਾ ਸੀਮਿਤ ਹੀ ਰਹੀ ਹੈ ਕਿਉਂਕਿ ਬ੍ਰਿਟੇਨ ਦੀਆਂ ਦੋਨੋਂ ਰਾਜਨੀਤਿਕ ਪਾਰਟੀਆਂ ਚੰਗੀ ਤਰ੍ਹਾਂ ਨਾਲ ਸੰਗਠਿਤ ਅਤੇ ਹਮੇਸ਼ਾ ਸਰਗਰਮ ਰਹਿਣ ਵਾਲੀਆਂ ਪਾਰਟੀਆਂ ਹਨ। ਉਂਝ ਬ੍ਰਿਟਿਸ਼ ਵਿਵਸਥਾ ਵਿਚ ਵੀ ਕਈ ਤਰ੍ਹਾਂ ਦੇ ਦਬਾਅ-ਸਮੂਹ ਮੌਜੂਦ ਹਨ ਅਤੇ ਅਸੀਂ ਇਨ੍ਹਾਂ ਵਿਚੋਂ ਪੰਜ ਪ੍ਰਮੁੱਖ ਦਬਾਅ-ਸਮੂਹਾਂ ਦੀ ਪਹਿਚਾਣ ਕਰ ਸਕਦੇ ਹਾਂ:

1. ਨਿਯੁਕਤੀਕਰਤਾਵਾਂ ਦੇ ਸੰਗਠਨ (Employer's Associations)
2. ਵਪਾਰ ਸੰਘ (Trade Unions)
3. ਸਹਿਕਾਰੀ ਅੰਦੋਲਨ ਸਮੂਹ (Co-operative Movement Groups)
4. ਮਾਹਿਰ ਸਮੂਹ (The Professional Groups)
5. ਨਾਗਰਿਕ ਸਮੂਹ (The Civic Groups)

ਨਿਯੁਕਤੀ ਕਰਤਾ ਦੇ ਸੰਗਠਨਾਂ ਵਿਚ ਪ੍ਰਮੁੱਖ ਹਨ- ਨੈਸ਼ਨਲ ਫਾਰਮਰਜ਼ ਯੂਨੀਅਨ, ਦੀ ਇੰਸਟੀਚਿਊਟ ਆਫ਼ ਡਾਇਰੈਕਟਰਜ਼, ਬ੍ਰਿਟਿਸ਼ ਐਮਪਲਾਇਰਜ਼ ਕੋਨਫੈਡਰੇਸ਼ਨ, ਦੀ ਫੈਡਰੇਸ਼ਨ ਆਫ਼ ਬ੍ਰਿਟਿਸ਼ ਇੰਡਸਟਰੀਜ਼ (ਐਫ. ਬੀ. ਆਈ.) ਅਤੇ ਦੀ ਨੈਸ਼ਨਲ ਯੂਨੀਅਨ ਆਫ਼ ਬ੍ਰਿਟਿਸ਼ ਮੈਨੂਫੈਕਚਰਜ਼ (ਐਨ.ਯੂ.ਬੀ.ਐਮ.)

ਹਥਿਆਰਬੰਦ ਫੌਜਾਂ ਦੇ ਸੈਨਿਕਾਂ ਅਤੇ ਅਫਸਰਾਂ ਨੂੰ ਛੱਡ ਕੇ ਬ੍ਰਿਟੇਨ ਵਿਚ ਲਗਪਗ ਢਾਈ ਕਰੋੜ ਮਜ਼ਦੂਰ ਕੰਮ ਕਰ ਰਹੇ ਹਨ। ਇਨ੍ਹਾਂ ਵਿਚੋਂ ਇਕ ਕਰੋੜ ਮਜ਼ਦੂਰ ਕਿਸੀ ਨਾ ਕਿਸੀ ਵਪਾਰ ਸੰਘ ਦੇ ਮੈਂਬਰ ਹਨ। ਬਹੁਤ ਸਾਰੇ ਵਪਾਰ ਸੰਘ ਟਰੇਡ ਯੂਨੀਅਨ ਕਾਂਗਰਸ ਨਾਲ ਸੰਬੰਧਿਤ ਹਨ। 1982 ਵਿਚ ਬ੍ਰਿਟੇਨ ਵਿਚ ਲਗਪਗ 100 ਪ੍ਰਚੂਨ ਵੰਡ ਸੰਸਥਾਵਾਂ ਕਾਰਜ ਕਰ ਰਹੀਆਂ ਸਨ ਅਤੇ ਇਨ੍ਹਾਂ ਦੀ ਮੈਂਬਰਸ਼ਿਪ ਲਗਪਗ 1.2 ਕਰੋੜ ਸੀ। ਇਨ੍ਹਾਂ ਦੇ ਨਾਲ-ਨਾਲ ਕਈ ਇਕ ਮਾਹਰਾਂ ਦੀਆਂ ਸੰਸਥਾਵਾਂ ਵੀ ਬ੍ਰਿਟਿਸ਼ ਸਮਾਜ ਵਿਚ ਸੰਗਠਿਤ ਰੂਪ ਵਿਚ ਕਾਰਜ ਕਰ ਰਹੀਆਂ ਹਨ। ਇਨ੍ਹਾਂ ਵਿਚੋਂ ਪ੍ਰਮੁੱਖ ਹਨ: ਦੀ ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ (ਬੀ.ਐਮ. ਏ.), ਦੀ ਨੈਸ਼ਨਲ ਯੂਨੀਅਨ ਆਫ਼ ਟੀਚਰਜ਼ (ਐਨ.ਯੂ.ਟੀ.) ਅਤੇ ਦ ਨੈਸ਼ਨਲ ਐਂਡ ਲੋਕਲ ਗਵਰਮੈਂਟ ਆਫ਼ੀਸਰਜ਼ ਐਸੋਸੀਏਸ਼ਨ।

## 2.2.7 ਬ੍ਰਿਟੇਨ ਵਿਚ ਦਬਾਅ-ਸਮੂਹਾਂ ਦੀ ਭੂਮਿਕਾ (Role of Pressure Groups in Britain)

ਬ੍ਰਿਟੇਨ ਵਿਚ ਦਬਾਅ-ਸਮੂਹਾਂ ਦੀ ਭੂਮਿਕਾ ਦਾ ਵਿਸ਼ਲੇਸ਼ਣ ਕਰਦੇ ਸਮੇਂ ਹੇਠ ਲਿਖੇ ਤੱਤਾਂ ਨੂੰ ਸਾਹਮਣੇ ਰੱਖਦਾ ਚਾਹੀਦਾ ਹੈ:

1. 19ਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਲੈ ਕੇ ਅੱਜ ਤੱਕ ਬ੍ਰਿਟਿਸ਼ ਰਾਜਨੀਤਿਕ ਵਿਵਸਥਾ ਵਿਚ ਕਈ ਇਕ ਸਰਗਰਮ ਦਬਾਅ-ਸਮੂਹ ਮੌਜੂਦ ਰਹੇ ਹਨ।
2. ਅੱਜਕੱਲ੍ਹ ਬ੍ਰਿਟੇਨ ਵਿਚ ਦਬਾਅ-ਸਮੂਹਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ ਕਿਉਂਕਿ ਸਮਾਜ ਦੇ ਸਾਰੇ ਵਰਗ ਆਪਣੇ -ਆਪਣੇ ਹਿੱਤਾਂ ਦੀ ਰਾਖੀ ਲਈ ਹਿੱਤ-ਸਮੂਹਾਂ ਦਾ ਸੰਗਠਨ ਕਰ ਰਹੇ ਹਨ।
3. ਬ੍ਰਿਟਿਸ਼ ਦਬਾਅ-ਸਮੂਹਾਂ ਦੀ ਇਕ ਵੱਡੀ ਗਿਣਤੀ ਕੇਂਦਰਿਤ ਰੂਪ ਵਿਚ ਸੰਗਠਿਤ ਹੈ।
4. ਬ੍ਰਿਟਿਸ਼ ਦਬਾਅ-ਸਮੂਹ ਦੋਨਾਂ ਵਿਚੋਂ ਇਕ ਪ੍ਰਮੱਖ ਪਾਰਟੀ ਦੇ ਵਲ ਆਮ ਤੌਰ ਤੇ ਝੁਕੇ ਹੋਏ ਹੁੰਦੇ ਹਨ।
5. ਸਮੁੱਚੇ ਤੌਰ ਤੇ ਦਬਾਅ-ਸਮੂਹ ਲੋਕਤੰਤਰੀ ਢੰਗ ਨਾਲ ਕੰਮ ਕਰਦੇ ਹਨ। ਉਹ ਆਪਣੀ ਸੌਦੇਬਾਜ਼ੀ ਕਰਨ ਦੀ ਸ਼ਕਤੀ ਨੂੰ ਵਧਾ ਕੇ ਆਪਣੇ ਹਿੱਤਾਂ ਦੀ ਰਾਖੀ ਕਰਨ ਦੀ ਕੋਸ਼ਿਸ਼ ਕਰਦੇ ਹਨ।
6. ਬਹੁਤ ਸਾਰੇ ਬ੍ਰਿਟਿਸ਼ ਪ੍ਰੈਸ਼ਰ ਗਰੁੱਪ ਲਾਬਿੰਗ (Lobbying) ਦੇ ਸਾਧਨ ਦੀ ਵਰਤੋਂ ਕਰਕੇ ਹੀ ਆਪਣੇ ਹਿੱਤਾਂ ਨੂੰ ਸੁਰੱਖਿਅਤ ਕਰਨ ਦੀ ਕੋਸ਼ਿਸ਼ ਕਰਦੇ ਹਨ।

ਬ੍ਰਿਟਿਸ਼ ਦਬਾਅ-ਸਮੂਹ ਚੰਗੀ ਤਰ੍ਹਾਂ ਨਾਲ ਸੰਗੰਠਿਤ ਹਨ ਅਤੇ ਲਗਾਤਾਰ ਸੱਤਾਧਾਰੀਆਂ ਅਤੇ ਰਾਜਨੀਤਿਕ ਨੁਮਾਇੰਦੀਆਂ ਨਾਲ ਅੰਤਰਕਿਰਿਆਵਾਂ ਕਰਦੇ ਹਨ।

ਬ੍ਰਿਟਿਸ਼ ਰਾਜਨੀਤਿਕ ਵਿਵਸਥਾ ਵਿਚ ਦਬਾਅ-ਸਮੂਹ ਕਾਫੀ ਸਰਗਰਮ ਹਨ ਅਤੇ ਉਹ ਚਾਰ ਪ੍ਰਮੁੱਖ ਪਲੈਟਫਾਰਮਾਂ-ਵਿਧਾਨਪਾਲਕਾ, ਕਾਰਜਪਾਲਿਕਾ, ਰਾਜਨੀਤਿਕ ਦਲ ਅਤੇ ਮਤਦਾਤਾ ਸਮੂਹ-ਤੇ ਕੰਮ ਕਰਕੇ ਆਪਣੇ ਹਿੱਤਾਂ ਦੀ ਪੂਰਤੀ ਕਰਨ ਦੀ ਕੋਸ਼ਿਸ਼ ਕਰਦੇ ਹਨ।ਵਪਾਰ ਸੰਘ ਆਮ ਕਰਕੇ ਲੇਬਰ ਪਾਰਟੀ ਦੇ ਪਲੇਟਫਾਰਮ ਦੀ ਵਰਤੋਂ ਕਰਦੇ ਹਨ ਅਤੇ ਇਸੇ ਕਰਕੇ ਲੇਬਰ ਪਾਰਟੀ ਨੂੰ ਵਪਾਰ ਸੰਘਾਂ ਦਾ ਸੰਘ ਕਿਹਾ ਜਾਂਦਾ ਹੈ। ਵਪਾਰਕ ਅਤੇ ਉਦਯੋਗਿਕ ਦਬਾਅ-ਸਮੂਹ ਆਮ ਕਰਕੇ ਕਨਜ਼ਰਵੇਟਿਵ ਪਾਰਟੀ ਦੇ ਮੰਚ ਤੇ ਨਿਰਭਰ ਕਰਦੇ ਹਨ। ਦਬਾਅ-ਸਮੂਹ ਦੋਨਾਂ ਵਿਚੋਂ ਕਿਸੇ ਇਕ ਪ੍ਰਮੁੱਖ ਰਾਜਨੀਤਿਕ ਦਲ ਨਾਲ ਜੁੜਨ ਤੋਂ ਵੀ ਪ੍ਰਹੇਜ਼ ਨਹੀਂ ਕਰਦੇ। ਇਹ ਵੇਖਣ ਵਿਚ ਆਇਆ ਹੈ ਕਿ ਕਨਜ਼ਰਵੇਟਿਵ ਪਾਰਟੀ ਦੇ ਸੰਸਦੀ ਗਰੁੱਪ ਵਿਚ ਹਮੇਸ਼ਾ ਕੁਝ ਮਹੱਤਵਪੂਰਨ ਕੰਪਨੀ ਨਿਰਦੇਸ਼ਕ ਅਤੇ ਵੱਡੇ ਉਦਯੋਗਪਤੀ ਅਤੇ ਵਪਾਰੀ ਸ਼ਾਮਿਲ ਰਹਿੰਦੇ ਹਨ।

ਲੇਕਿਨ ਇਹ ਵੀ ਇਕ ਸੱਚਾਈ ਹੈ ਕਿ ਆਮ ਕਰਕੇ ਬਹੁਤ ਸਾਰੇ ਬ੍ਰਿਟਿਸ਼ ਦਬਾਅ-ਸਮੂਹ ਕਾਰਜਪਾਲਿਕਾ ਨੂੰ ਪ੍ਰਭਾਵਿਤ ਕਰਕੇ ਆਪਣੇ ਹਿੱਤਾਂ ਦੀ ਪੂਰਤੀ ਕਰਨ ਦਾ ਉਪਰਾਲਾ ਕਰਦੇ ਹਨ ਕਿਉਂਕਿ ਅੱਜ ਬ੍ਰਿਟਿਸ਼ ਰਾਜਨੀਤਿਕ ਵਿਵਸਥਾ ਵਿਚ ਵੀ ਕਾਰਜਪਾਲਿਕਾ ਦੀ ਸਥਿਤੀ ਬਹੁਤ ਸ਼ਕਤੀਸ਼ਾਲੀ ਬਣ ਚੁੱਕੀ ਹੈ ਅਤੇ ਕਾਰਜਪਾਲਿਕਾ ਦੀਆਂ ਨੀਤੀਆਂ ਅਤੇ ਕਿਰਿਆਵਾਂ ਹੀ ਦਬਾਅ-ਸਮੂਹਾਂ ਦੇ ਹਿੱਤਾਂ ਨੂੰ ਵਧੇਰੇ ਕਰਕੇ ਪ੍ਰਭਾਵਿਤ ਕਰਦੀਆਂ ਹਨ। ਨੌਕਰਸ਼ਾਹੀ ਜਿਹੜੀ ਆਪਣੇ ਆਪ ਵਿਚ ਵੀ ਇਕ ਦਬਾਅ-ਸਮੂਹਾਂ ਦੇ ਹਿੱਤਾਂ ਨੂੰ ਵਧੇਰੇ ਕਰਕੇ ਪ੍ਰਭਾਵਿਤ ਕਰਦੀਆਂ ਹਨ। ਨੌਕਰਸ਼ਾਹੀ ਜਿਹੜੀ ਆਪਣੇ ਆਪ ਵਿਚ ਵੀ ਇਕ ਦਬਾਅ-ਸਮੂਹ ਹੈ ਉਸ ਉੱਤੇ ਵੀ ਦਬਾਅ-ਸਮੂਹਾਂ ਦਾ ਪ੍ਰਭਾਵ ਮੌਜੂਦ ਰਹਿੰਦਾ ਹੈ ਅਤੇ ਦਬਾਅ-ਸਮੂਹ ਨੌਕਰਸ਼ਾਹੀ ਨੂੰ ਪ੍ਰਭਾਵਿਤ ਕਰਕੇ ਵੀ ਆਪਣੇ ਹਿੱਤਾਂ ਦੀ ਪੂਰਤੀ ਕਰਨ ਦੀ ਕੋਸ਼ਿਸ਼ ਕਰਦੇ ਹਨ।

ਜੀ.ਐਨ. ਆਲਮੰਡ ਨੇ ਆਪਣੇ ਇਕ ਲੇਖ 'A Comparative Study of Interest Groups and Political Process' ਜਿਹੜਾ ਕਿ 'American Political Science Review' ਵਿਚ ਪ੍ਰਕਾਸ਼ਿਤ ਹੋਇਆ ਨੇ ਇਹ ਲਿਖਿਆ ਕਿ, "ਬ੍ਰਿਟਿਸ਼ ਰਾਜਨੀਤਿਕ ਵਿਵਸਥਾ ਵਿਚ ਰਾਜਨੀਤਿਕ ਦਲਾ ਅਤੇ ਹਿੱਤ-ਸਮੂਹਾਂ ਦੇ ਕਾਰਜ ਵਧੇਰੇ ਕਰਕੇ ਵੱਖਰੇ ਹਨ। ਹਿੱਤ-ਸਮੂਹ ਸਮਾਜ ਵਿਚ ਰਾਜਨੀਤਿਕ ਮੰਗਾਂ ਨੂੰ ਸਪੱਸ਼ਟ ਕਰਦੇ ਹਨ। ਇਨ੍ਹਾਂ ਮੰਗਾਂ ਦੇ ਸਮਰਥਨ ਵਿਚ ਦੂਸਰੇ ਸਮੂਹਾਂ ਤੋਂ ਸਮਰਥਨ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ ਅਤੇ ਸੌਦੇਬਾਜ਼ੀ ਦਾ ਸਹਾਰਾ ਲੈ ਕੇ ਇਨ੍ਹਾਂ ਮੰਗਾਂ ਨੂੰ ਸੱਤਾਯੁਕਤ ਸਰਵਜਨਕ ਨੀਤੀਆਂ ਵਿਚ ਬਦਲਣ ਦਾ ਉਪਰਾਲਾ ਕਰਦੇ ਹਨ ਅਤੇ ਇਸ ਲਈ ਉਹ ਰਾਜਨੀਤਿਕ ਸੱਤਾਧਾਰੀਆਂ ਅਤੇ ਸਾਰਵਜਨਕ ਨੀਤੀ-ਨਿਰਮਾਣ ਅਤੇ ਲਾਗੂ ਕਰਨ ਵਾਲੀਆਂ ਪ੍ਰਕਿਰਿਆਵਾਂ ਨੂੰ ਪ੍ਰਭਾਵਿਤ ਕਰਨ ਦਾ ਉਪਰਾਲਾ ਕਰਦੇ ਹਨ। ਰਾਜਨੀਤਿਕ ਦਲ ਵਿਚਾਰਧਾਰਾਤਮਕ ਕਠੋਰਤਾ ਤੋਂ ਸੁਤੰਤਰ ਰਹਿਣ ਦੀ ਕੋਸ਼ਿਸ਼ ਕਰਦੇ ਹਨ ਅਤੇ ਉਹ ਵੱਧ ਤੋਂ ਵੱਧ ਹਿੱਤ-ਸਮੂਹਾਂ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਇਸ ਲਈ ਉਨ੍ਹਾਂ ਦੀਆਂ ਇੱਛਾਵਾਂ ਨੂੰ ਸਰਵਜਨਕ ਨੀਤੀ ਵਿਚ ਬਦਲਣ ਅਤੇ ਉਨ੍ਹਾਂ ਦੇ ਮੈਂਬਰਾਂ ਵਿਚੋਂ ਰਾਜਨੀਤਿਕ ਭਰਤੀ ਕਰਨ ਦੀ ਕੋਸ਼ਿਸ਼ ਕਰਦੇ ਹਨ। ਦੋਨੋਂ ਹਿੱਤ-ਸਮੂਹ ਪ੍ਰਣਾਲੀ ਅਤੇ ਦਲ ਪ੍ਰਣਾਲੀ ਅੱਡੋ-ਅੱਡ ਹਨ ਅਤੇ ਦੋਨਾਂ ਦੀ ਆਪਣੀ-ਆਪਣੀ ਕਾਰਜਸ਼ੈਲੀ ਦੀ ਵਰਤੋਂ ਕਰਦੇ ਹਨ। ਪਾਰਟੀ ਦੀ ਹਰੇਕ ਇਕਾਈ ਅਤੇ ਹਰੇਕ ਹਿੱਤ-ਸਮੂਹ ਬਾਜ਼ਾਰ ਵਿਚ ਆਉਂਦਾ ਹੈ ਸੌਦੇਬਾਜ਼ੀ ਕਰਦਾ ਹੈ ਅਤੇ ਆਪਣੇ ਹਿੱਤਾਂ ਜਾਂ ਟੀਚਿਆਂ ਦੀ ਪੂਰਤੀ ਲਈ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਤੋਂ ਇਲਾਵਾ ਨੀਤੀ-ਨਿਰਮਾਣ ਕਰਨ ਵਾਲੀਆਂ ਸੱਤਾਯੁਕਤ ਏਜੰਸੀਆਂ ਅਤੇ ਹਿੱਤ-ਸਮੂਹਾਂ ਵਿਚਕਾਰ ਦਲ-ਵਿਵਸਥਾ ਇਕ ਕੜੀ ਜਾਂ ਛਾਨਣੀ ਦਾ ਕੰਮ ਕਰਦੀ ਹੈ ਅਤੇ ਵਿਸ਼ੇਸ਼ ਹਿੱਤਾਂ ਦੇ ਵਿਸ਼ੇਸ਼ ਅਤੇ ਖੇਰੂੰ-ਖੇਰੂੰ ਕਰਨ ਵਾਲੇ ਪ੍ਰਭਾਵ ਨੂੰ ਰੋਕਦੀ ਹੈ। ਦਲ-ਵਿਵਸਥਾ ਹਿੱਤਾਂ ਦਾ ਸਮੂਹੀਕਰਨ ਕਰਦੀ ਹੈ ਅਤੇ ਇਨ੍ਹਾਂ ਨੂੰ ਆਮ ਨੀਤੀ-ਬਦਲਵਾਂ ਵਿਚ ਬਦਲ ਦਿੰਦੀ ਹੈ। ਇਸ ਤਰ੍ਹਾਂ ਦਲ-ਵਿਵਸਥਾ ਹਿੱਤਾਂ ਦਾ ਸਮੂਹੀਕਰਣ ਕਰਦੀ ਹੈ ਅਤੇ ਇਨ੍ਹਾਂ ਨੂੰ ਆਮ ਨੀਤੀ-ਬਦਲਵਾਂ ਵਿਚ ਬਦਲ ਦਿੰਦੀ ਹੈ। ਇਸ ਤਰ੍ਹਾਂ ਦਲ-ਵਿਵਸਥਾ ਅਤੇ ਹਿੱਤ-ਸਮੂਹ ਪ੍ਰਣਾਲੀ ਦੇ ਸੰਬੰਧ ਵੱਖ-ਵੱਖ ਸਰਵਜਨਕ ਨੀਤੀਆਂ ਵਿਚੋਂ ਕਿਸੀ ਇਕ ਨੂੰ ਕੈਬੀਨੇਟ ਜਾਂ ਸੰਸਦ ਦੁਆਰਾ ਚੁਣਨ ਦੇ ਲਈ ਰਸਤਾ ਸਾਫ਼ ਕਰਦੀ ਹੈ। ਇਹ ਇਸ ਗੱਲ ਨੂੰ ਵੀ ਯਕੀਨੀ ਬਣਾਉਂਦੀ ਹੈ ਕਿ ਜਿਹੜੀ ਨੌਕਰਸ਼ਾਹੀ ਹੈ ਉਹ ਰਾਜਨੀਤਿਕ ਏਜੰਸੀਆਂ ਦਾ ਇਕ ਸਿਰਲੇਖ ਯੰਤਰ ਬਣ ਕੇ ਹੀ ਕਾਰਜ ਕਰੇਗੀ।"

## 2.2.8 ਸਿੱਟਾ

ਬ੍ਰਿਟੇਨ ਵਿੱਚ ਦਬਾਅ-ਸਮੂਹਾਂ ਦੀ ਹੋਂਦ ਤੇ ਪ੍ਰਭਾਵ ਇੰਨਾ ਜ਼ਿਆਦਾ ਹੈ ਕਿ ਆਰ.ਐਚ.ਟਿਟਮਸ (R.H. Titmuss) ਵਿਦਵਾਨ ਨੇ ਬਰਤਾਨੀਆਂ ਨੂੰ ਦਬਾਅ-ਸਮੂਹ ਰਾਜ (The Pressure-group state) ਕਿਹਾ ਹੈ ਅਤੇ ਬਰਤਾਨਵੀ ਰਾਜਨੀਤੀ ਵਿਚ ਇਹ ਮਹੱਤਵਪੂਰਨ ਸਥਾਨ ਰੱਖਦੇ ਹਨ। ਬਰਤਾਨਵੀ ਰਾਜ ਸੰਸਦੀ ਲੋਕਤੰਤਰ ਦਾ ਘਰ ਹੈ ਅਤੇ ਕਲਿਆਣਕਾਰੀ ਰਾਜ ਦੀ ਧਾਰਨਾ ਨੂੰ ਵਿਵਹਾਰਿਕ ਰੂਪ ਵਿੱਚ ਜਨਮ ਦੇਣ ਵਾਲਾ ਵੀ ਇਹੋ ਦੇਸ਼ ਹੈ। ਇਸ ਕਾਰਨ ਕਰਕੇ ਇਸ ਦੇਸ਼ ਦੇ ਦਬਾਓ-ਸਮੂਹਾਂ ਦੀਆਂ ਆਪਣੀਆਂ ਹੀ ਅਣੋਖੀਆਂ ਵਿਸ਼ੇਸ਼ਤਾਵਾਂ ਹਨ। ਅਮਰੀਕੀ ਸਾਸ਼ਨ ਪ੍ਰਣਾਲੀ ਵਿੱਚ ਦਬਾਅ-ਸਮੂਹ ਦੀ ਇੰਨੀ ਜ਼ਿਆਦਾ ਮਹੱਤਤਾ ਹੈ ਕਿ ਕੁਝ ਆਲੋਚਕ ਅਮਰੀਕੀ ਰਾਜਨੀਤੀ ਨੂੰ ਦਬਾਅ-ਸਮੂਹਾਂ ਦੀ ਰਾਜਨੀਤੀ ਦਾ ਨਾਂ ਦੇ ਦਿੰਦੇ ਹਨ। ਅਮਰੀਕਾ ਪੂੰਜੀਵਾਦੀ ਪ੍ਰਣਾਲੀ ਤੇ ਅਧਾਰਿਤ ਹੈ। ਅਜਿਹੀ ਪ੍ਰਣਾਲੀ ਵਿਚ ਦਬਾਅ-ਸਮੂਹਾਂ ਦਾ ਵਿਸ਼ਾਲ ਪੱਧਰ ਤੇ ਹੋਣਾ ਇਕ ਕੁਦਰਤੀ ਤੱਤ ਹੈ। ਵਰਤਮਾਨ ਅਮਰੀਕੀ ਅਵਸਥਾਵਾਂ ਇਸ ਸੱਚਾਈ ਦਾ ਸੰਕੇਤ ਕਰਦੀਆਂ ਹਨ ਕਿ ਜਿਉਂ-ਜਿਉਂ ਅਮਰੀਕਾ ਦਾ ਹੋਰ ਜ਼ਿਆਦਾ ਬਹੁਪੱਖੀ ਵਿਕਾਸ ਹੋਵੇਗਾ, ਇਸ ਦੇ ਨਾਲ ਅਮਰੀਕਾ ਵਿਚ ਦਬਾਅ-ਸੰਗਠਨਾਂ ਦੀ ਗਿਣਤੀ ਤੇ ਪ੍ਰਭਾਵ ਵੀ ਵਧਦਾ ਜਾਵੇਗਾ।

## 2.2.9 ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਦਬਾਅ ਸਮੂਹ ਦਾ ਕੀ ਅਰਥ ਹੈ?
2. ਅਮਰੀਕੀ ਦਬਾਅ ਸਮੂਹਾਂ ਦੀਆਂ ਵਿਸ਼ੇਸ਼ਤਾਵਾਂ ਦੱਸੋ
3. ਇੰਗਲੈਂਡ ਦੇ ਦਬਾਅ ਸਮੂਹਾਂ ਦੀਆਂ ਵਿਸ਼ੇਸ਼ਤਾਵਾਂ ਦੱਸੋ?

## 2.2.10 ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਇੰਗਲੈਂਡ ਅਤੇ ਅਮਰੀਕਾ ਵਿੱਚ ਦਬਾਅ ਸਮੂਹਾਂ ਦੀ ਭੂਮਿਕਾ ਦਾ ਵਰਣਨ ਕਰੋ?
2. ਬਰਤਾਨਵੀ ਰਾਜਨੀਤੀ ਪ੍ਰਣਾਲੀ ਵਿੱਚ ਦਬਾਅ ਸਮੂਹਾਂ ਦੀ ਭੂਮਿਕਾ ਦਾ ਵਰਣਨ ਕਰੋ?

ਪਾਠ ਨੰ: 2.3 ਸੈਕਸ਼ਨ ਬੀ, 4(ਸੀ) ਲੇਖਕ : ਡਾ. ਹਰਦੇਵ ਸਿੰਘ

# ਸੰਯੁਕਤ ਰਾਜ ਅਮਰੀਕਾ ਦੀ ਸਰਵ-ਉੱਚ ਅਦਾਲਤ

# (Supreme Court of The United States of America)

ਸੰਯੁਕਤ ਰਾਜ ਅਮਰੀਕਾ ਵਿੱਚ ਸੰਘਾਤਮਕ ਸ਼ਾਸ਼ਨ ਪ੍ਰਣਾਲੀ ਹੈ। ਹਰੇਕ ਰਾਜ ਨੂੰ ਆਪਣਾ ਵੱਖਰਾ ਸੰਵਿਧਾਨ ਬਣਾਉਣ ਦਾ ਅਧਿਕਾਰ ਦਿੱਤਾ ਗਿਆ ਹੈ ਅਤੇ ਦੋਹਰੀ ਨਿਆਂ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ ਹੈ।ਹਰੇਕ ਰਾਜ ਦਾ ਆਪਣਾ ਨਿਆਂਇਕ ਸੰਗਠਨ ਹੈ ਅਤੇ ਸੰਘੀ ਸਰਕਾਰ ਦੀਆਂ ਆਪਣੀਆਂ ਵੱਖਰੀਆਂ ਅਦਾਲਤਾਂ ਹਨ ਜਿੰਨਾਂ ਦੀ ਸਥਾਪਨਾ ਕਾਂਗਰਸ ਦੇ ਕਾਨੂੰਨਾਂ ਦੁਆਰਾ ਕੀਤੀ ਗਈ ਹੈ। ਸੰਵਿਧਾਨ ਦੇ ਅਨੁਛੇਦ 3 ਸ਼ੈਕਸ਼ਨ ਪਹਿਲੇ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ “ਸੰਯੁਕਤ ਰਾਜ ਅਮਰੀਕਾ ਦੀ ਨਿਆਂਇਕ ਸ਼ਕਤੀ ਸੁਪਰੀਮ ਕੋਰਟ ਅਤੇ ਅਜਿਹੀਆਂ ਦੂਸਰੀਆਂ ਛੋਟੀਆਂ ਕੋਰਟਾਂ ਕੋਲ ਹੋਵੇਗੀ ਜਿਹੜੀਆਂ ਕੋਰਟਾਂ ਕਾਂਗਰਸ ਦੁਆਰਾ ਸਮੇਂ-ਸਮੇਂ ਤੇ ਸਥਾਪਿਤ ਕੀਤੀਆਂ ਜਾਣਗੀਆਂ।” ਇਸ ਤੋਂ ਸਪੱਸ਼ਟ ਹੈ ਕਿ ਸੰਵਿਧਾਨ ਦੁਆਰਾ ਸਿਰਫ਼ ਸੁਪਰੀਮ ਕੋਰਟ ਦੀ ਵਿਵਸਥਾ ਕੀਤੀ ਗਈ ਹੈ ਅਤੇ ਦੂਜੀਆਂ ਛੋਟੀਆਂ ਅਦਾਲਤਾਂ ਸਥਾਪਤ ਕਰਨ ਦੀ ਸ਼ਕਤੀ ਕਾਂਗਰਸ ਨੂੰ ਦਿੱਤੀ ਗਈ ਹੈ। ਕਾਂਗਰਸ ਦੁਆਰਾ ਸਥਾਪਿਤ ਕੀਤੀਆਂ ਗਈਆਂ ਸੰਘੀ ਅਦਾਲਤਾ ਨੂੰ ਅਸੀਂ ਹੇਠ ਲਿਖੀਆਂ ਦੋ ਸ਼੍ਰੇਣੀਆਂ ਵਿੱਚ ਵੰਡ ਸਕਦੇ ਹਾਂ :-

(1) **ਸੰਵਿਧਾਨਕ ਅਦਾਲਤਾਂ (Constitutional Courts) :-** ਇਹ ਉਹ ਅਦਾਲਤਾਂ ਹਨ, ਜਿਨ੍ਹਾਂ ਦੀ ਸਥਾਪਨਾ ਕਾਂਗਰਸ ਨੇ ਸੰਵਿਧਾਨ ਦੇ ਅਨੁਛੇਦ 3 ਅਧੀਨ ਪ੍ਰਾਪਤ ਸ਼ਕਤੀ ਦੇ ਅਨੁਸਾਰ ਕੀਤੀ ਹੈ। ਅਜਿਹੀਆਂ ਅਦਾਲਤਾਂ ਸੰਯੁਕਤ ਰਾਜ ਅਮਰੀਕਾ ਦੀ ਨਿਆਂਇਕ ਸ਼ਕਤੀ ਦੀ ਵਰਤੋਂ ਕਰਦੀਆਂ ਹਨ। ਇਹਨਾਂ ਅਦਾਲਤਾਂ ਵਿੱਚ ਅਸੀਂ ਜ਼ਿਲ੍ਹਾ ਅਦਾਲਤਾਂ (District Courts), ਸਰਕਟ ਜਾਂ ਫੈਡਰਲ ਕੋਰਟਸ ਆਫ਼ ਅਪੀਲ (Circuit or Federal Courts of Appeal) ਨੂੰ ਸ਼ਾਮਲ ਕਰ ਸਕਦੇ ਹਾਂ। ਸਰਵ-ਉੱਚ ਅਦਾਲਤ (Supreme Court) ਵੀ ਸੰਵਿਧਾਨਕ ਅਦਾਲਤ ਹੈ ਕਿਉਂਕਿ ਇਸ ਦੀ ਵਿਵਸਥਾ ਸੰਵਿਧਾਨ ਦੁਆਰਾ ਕੀਤੀ ਗਈ ਹੈ।

(2) **ਵਿਧਾਨਿਕ ਅਦਾਲਤਾਂ (Legislative Courts) :-** ਵਿਧਾਨਿਕ ਅਦਾਲਤਾਂ ਦੀ ਸਥਾਪਨਾ ਕਾਂਗਰਸ ਦੁਆਰਾ ਕੀਤੀ ਜਾਂਦੀ ਹੈ, ਪਰੰਤੂ ਇਹ ਅਦਾਲਤਾਂ ਸੰਯੁਕਤ ਰਾਜ ਅਮਰੀਕਾ ਦੀ ਨਿਆਂਇਕ ਸ਼ਕਤੀ ਦੀ ਵਰਤੋਂ ਨਹੀਂ ਕਰਦੀਆਂ। ਕਾਂਗਰਸ ਅਜਿਹੀਆਂ ਅਦਾਲਤਾਂ ਦੀ ਸਥਾਪਨਾ ਆਪਣੇ ਦੁਆਰਾ ਬਣਾਏ ਕਾਨੂੰਨਾਂ ਨੂੰ ਲਾਗੂ ਕਰਨ ਲਈ ਲੋੜੀਂਦੀ ਸਹਾਇਤਾ ਪ੍ਰਾਪਤ ਕਰਨ ਲਈ, ਕਰਦੀ ਹੈ। ਉਦਾਹਰਨ ਵਜੋਂ ਸੰਵਿਧਾਨ ਦੁਆਰਾ ਕਾਂਗਰਸ ਨੂੰ ਆਯਾਤ ਕਰ, ਮਹਿਸੂਲ ਆਦਿ ਲਗਾਉਣ ਅਤੇ ਇਕੱਠਾ ਕਰਨ ਦੀ ਸ਼ਕਤੀ ਦਿੱਤੀ ਗਈ ਹੈ ਇਸ ਵਿਸ਼ੇ ਸੰਬੰਧੀ ਉਤਪੰਨ ਹੋਏ ਝਗੜਿਆਂ ਨੂੰ ਹੱਲ ਕਰਨ ਲਈ ਕਾਂਗਰਸ ਨੇ 1926 ਵਿੱਚ “ਸੰਯੁਕਤ ਰਾਜ ਆਯਾਤ ਕਰ ਅਦਾਲਤ” (United States Customs Court) ਸਥਾਪਿਤ ਕੀਤੀ ਗਈ ਸੀ। ਸੰਵਿਧਾਨਕ ਅਦਾਲਤਾਂ ਅਤੇ ਵਿਧਾਨਿਕ ਅਦਾਲਤਾਂ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ ਅਤੇ ਇਹਨਾਂ ਨਿਯੁਕਤੀਆਂ ਦੀ ਪ੍ਰਵਾਨਗੀ ਸੈਨੇਟ ਤੋਂ ਲੈਣੀ ਜ਼ਰੂਰੀ ਹੈ। ਸੰਵਿਧਾਨਕ ਅਦਾਲਤਾਂ ਦੇ ਜੱਜ ਕੇਵਲ ਮਹਾਂਦੋਸ ਦੇ ਮੁਕੱਦਮੇ (Impeachment) ਦੁਆਰਾ ਹੀ ਹਟਾਏ ਜਾ ਸਕਦੇ ਹਨ। ਪ੍ਰੰਤੂ ਵਿਧਾਨਿਕ ਅਦਾਲਤਾਂ ਦੇ ਜੱਜਾਂ ਨੂੰ ਹਟਾਉਣ ਲਈ ਕਾਂਗਰਸ ਕੋਈ ਵੀ ਵਿਧੀ ਨਿਸ਼ਚਤ ਕਰ ਸਕਦੀ ਹੈ। ਵਿਧਾਨਿਕ ਅਦਾਲਤਾਂ ਨੂੰ ‘ਵਿਸ਼ੇਸ਼ ਅਦਾਲਤਾਂ’ (Special Courts) ਵੀ ਕਿਹਾ ਜਾਂਦਾ ਹੈ।

## ਅਮਰੀਕੀ ਸੰਘੀ ਨਿਆਂ-ਪਾਲਿਕਾ ਦਾ ਸੰਗਠਨ
## (Organization of American Federal Judiciary)

ਸੰਘੀ ਪੱਧਰ 'ਤੇ ਸਰਵ-ਉੱਚ ਅਦਾਲਤ ਤੋਂ ਇਲਾਵਾ ਹੋਰਨਾ ਅਦਾਲਤਾਂ ਦੀ ਵੀ ਸਥਾਪਨਾ ਕੀਤੀ ਗਈ ਹੈ। ਕਾਂਗਰਸ ਦੇ ਵੱਖ-ਵੱਖ ਕਾਨੂੰਨਾਂ ਦੁਆਰਾ ਸਥਾਪਤ ਕੀਤੀਆਂ ਗਈਆਂ ਸੰਘੀ ਅਦਾਲਤਾਂ ਹੇਠ ਲਿਖੀਆਂ ਹਨ-

1. **ਜ਼ਿਲ੍ਹਾ ਅਦਾਲਤ** (District Court) - ਜ਼ਿਲ੍ਹਾ ਅਦਾਲਤ ਸੰਘੀ ਅਦਾਲਤਾਂ ਵਿਚ ਸਭ ਤੋਂ ਛੋਟੇ ਪੱਧਰ ਦੀ ਅਦਾਲਤ ਹੈ। ਨਿਆਂਇਕ ਕੰਮਾਂ ਲਈ ਸਾਰੇ ਦੇਸ਼ ਨੂੰ ਨਿਆਂਇਕ ਜ਼ਿਲ੍ਹਿਆਂ ਵਿਚ ਵੰਡਿਆ ਗਿਆ ਹੈ ਅਤੇ ਹਰੇਕ ਜ਼ਿਲ੍ਹੇ ਵਿਚ ਘੱਟ-ਤੋਂ-ਘੱਟ ਅਜਿਹੀ ਅਦਾਲਤ ਦੀ ਸਥਾਪਨਾ ਕੀਤੀ ਗਈ ਹੈ। ਇਸ ਵੇਲੇ ਸਾਰੇ ਦੇਸ਼ ਵਿਚ ਅਜਿਹੀਆਂ ਲਗਭਗ 100 ਅਦਾਲਤਾਂ ਹਨ। ਛੋਟੇ ਰਾਜਾਂ ਵਿਚ ਅਜਿਹੀ ਇਕ ਹੀ ਅਦਾਲਤ ਹੈ ਪਰ ਜ਼ਿਆਦਾ ਅਬਾਦੀ ਵਾਲੇ ਰਾਜਾਂ ਵਿਚ ਅਜਿਹੀਆਂ ਅਦਾਲਤਾਂ ਦੀ ਗਿਣਤੀ ਦੋ ਜਾਂ ਇਸ ਤੋਂ ਜ਼ਿਆਦਾ ਹੈ। ਅਜਿਹੀਆਂ ਅਦਾਲਤਾਂ ਵਿਚ ਆਮ ਤੌਰ 'ਤੇ ਇਕ ਜੱਜ ਹੁੰਦਾ ਹੈ, ਪਰ ਜਿਨ੍ਹਾਂ ਅਦਾਲਤਾਂ ਕੋਲ ਕੰਮ ਜ਼ਿਆਦਾ ਹੁੰਦਾ ਹੈ, ਉਨ੍ਹਾਂ ਵਿਚ ਇਕ ਤੋਂ ਜ਼ਿਆਦਾ ਜੱਜਾਂ ਦੀ ਵੀ ਨਿਯੁਕਤੀ ਕਰ ਦਿੱਤੀ ਜਾਂਦੀ ਹੈ। ਜੱਜ ਰਾਸ਼ਟਰਪਤੀ ਦੁਆਰਾ ਸੈਨੇਟ ਦੀ ਮੰਜ਼ੂਰੀ ਨਾਲ ਚੁਣੇ ਜਾਂਦੇ ਹਨ। ਉਹ 'ਵਧੀਆ ਵਿਵਹਾਰ ਤਕ' (Till good behaviour) ਆਪਣੇ ਅਹੁਦੇ 'ਤੇ ਬਣੇ ਰਹਿੰਦੇ ਹਨ ਅਤੇ 70 ਸਾਲ ਦੀ ਉਮਰ ਵਿਚ ਰਿਟਾਇਰ ਹੁੰਦੇ ਹਨ। ਜ਼ਿਲ੍ਹਾ ਅਦਾਲਤਾਂ ਦੇ ਹਰੇਕ ਜੱਜ ਨੂੰ 95,000 ਡਾਲਰ ਸਲਾਨਾ ਤਨਖ਼ਾਹ ਮਿਲਦੀ ਹੈ।ਜ਼ਿਲ੍ਹਾ ਅਦਾਲਤਾਂ ਨੂੰ ਸਿਰਫ਼ ਮੁੱਢਲਾ ਅਧਿਕਾਰ-ਖੇਤਰ (Original Jurisdiction) ਹੀ ਪ੍ਰਾਪਤ ਹੈ। ਉਨ੍ਹਾਂ ਮੁਕੱਦਮਿਆਂ ਨੂੰ ਛੱਡ ਕੇ, ਜਿਹੜੇ ਕਿ ਸਰਵ-ਉੱਚ ਅਦਾਲਤ ਵਿਚ ਲਿਆਏ ਜਾ ਸਕਦੇ ਹਨ, ਬਾਕੀ ਸਾਰੇ ਦੀਵਾਨੀ ਅਤੇ ਫ਼ੌਜਦਾਰੀ ਮੁਕੱਦਮਿਆਂ ਜਿਨ੍ਹਾਂ ਦਾ ਸੰਬੰਧ ਸੰਘੀ ਕਾਨੂੰਨਾਂ ਦੀ ਉਲੰਘਣਾ ਨਾਲ ਹੁੰਦਾ ਹੈ, ਜ਼ਿਲ੍ਹਾ ਅਦਾਲਤਾਂ ਵਿਚ ਹੀ ਸ਼ੁਰੂ ਕੀਤੇ ਜਾਂਦੇ ਹਨ। ਜ਼ਿਲ੍ਹਾ ਅਦਾਲਤਾਂ ਦੇ ਫ਼ੈਸਲਿਆਂ ਵਿਰੁੱਧ ਅਪੀਲ 'ਸਰਕਟ ਅਦਾਲਤਾਂ' (Circuit Courts) ਵਿਚ ਕੀਤੀ ਜਾ ਸਕਦੀ ਹੈ। ਪਰ ਕੁਝ ਮੁਕੱਦਮੇ ਅਜਿਹੇ ਵੀ ਹਨ, ਜਿਨ੍ਹਾਂ ਵਿਚ ਜ਼ਿਲ੍ਹਾ ਅਦਾਲਤਾਂ ਦੇ ਫ਼ੈਸਲਿਆਂ ਵਿਰੁੱਧ ਅਪੀਲ ਸਿੱਧੇ ਸਰਵ-ਉੱਚ ਅਦਾਲਤ ਵਿਚ ਕੀਤੀ ਜਾ ਸਕਦੀ ਹੈ।

2. **ਅਪੀਲ ਸੰਬੰਧੀ ਸਰਕਟ ਅਦਾਲਤਾਂ** (Circuit Courts of Appeal) - ਸੰਘੀ ਨਿਆਂ-ਵਿਵਸਥਾ ਵਿਚ ਜ਼ਿਲ੍ਹਾ ਅਦਾਲਤਾਂ ਉੱਪਰ ਸਰਕਟ ਅਦਾਲਤਾਂ ਸਥਾਪਤ ਕੀਤੀਆਂ ਗਈਆਂ ਹਨ। ਇਸ ਵੇਲੇ ਇਨ੍ਹਾਂ ਦੀ ਗਿਣਤੀ 11 ਹੈ ਅਤੇ ਇਨ੍ਹਾਂ ਅਦਾਲਤਾਂ ਦੀ ਸਥਾਪਨਾ ਸਰਵ-ਉੱਚ ਅਦਾਲਤ ਦੇ ਕੰਮ ਨੂੰ ਘੱਟ ਕਰਨ ਲਈ ਕੀਤੀ ਗਈ ਹੈ। ਇਨ੍ਹਾਂ ਵਿਚੋਂ 10 ਅਦਾਲਤਾਂ ਉਨ੍ਹਾਂ 10 ਨਿਆਂ-ਖੇਤਰਾਂ ਵਿਚ ਸਥਾਪਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਇਸ ਕੰਮ ਲਈ ਸਾਰੇ ਦੇਸ਼ ਨੂੰ ਵੰਡਿਆ ਗਿਆ ਹੈ ਅਤੇ ਗਿਆਰ੍ਹਵੀਂ ਅਦਾਲਤ 'ਕੋਲੰਬੀਆ ਦੇ ਜ਼ਿਲ੍ਹੇ' (District of Columbia) ਲਈ ਸਥਾਪਤ ਕੀਤੀ ਗਈ ਹੈ। ਹਰੇਕ ਸਰਕਟ ਅਦਾਲਤ ਵਿਚ ਘੱਟ-ਤੋਂ-ਘੱਟ ਤਿੰਨ ਅਤੇ ਵੱਧ-ਤੋਂ-ਵੱਧ ਨੌਂ ਜੱਜ ਹੁੰਦੇ ਹਨ। ਇਨ੍ਹਾਂ ਦੀ ਨਿਯੁਕਤੀ ਵੀ ਰਾਸ਼ਟਰਪਤੀ ਦੁਆਰਾ ਸੈਨੇਟ ਦੀ ਮੰਜ਼ੂਰੀ ਨਾਲ ਕੀਤੀ ਜਾਂਦੀ ਹੈ। ਇਹ ਜੱਜ ਵੀ 'ਚੰਗੇ ਵਿਵਹਾਰ ਤਕ' ਆਪਣੇ ਅਹੁਦੇ 'ਤੇ ਬਣੇ ਰਹਿੰਦੇ ਹਨ। ਹਰੇਕ ਜੱਜ ਨੂੰ 95,000 ਡਾਲਰ ਸਲਾਨਾ ਤਨਖ਼ਾਹ ਮਿਲਦੀ ਹੈ। ਇਨ੍ਹਾਂ ਅਦਾਲਤਾਂ ਨੂੰ ਸਰਕਟ ਅਦਾਲਤਾਂ ਇਸ ਲਈ ਕਿਹਾ ਜਾਂਦਾ ਹੈ, ਕਿਉਂਕਿ ਇਹ ਆਪਣੀਆਂ ਬੈਠਕਾਂ ਹਮੇਸ਼ਾਂ ਇਕ ਹੀ ਥਾਂ 'ਤੇ ਨਹੀਂ ਕਰਦੀਆਂ, ਸਗੋਂ ਆਪਣੇ ਖੇਤਰ ਵਿਚ ਵੱਖ-ਵੱਖ ਥਾਵਾਂ 'ਤੇ ਬੈਠ ਕੇ ਮੁਕੱਦਮਿਆਂ ਦਾ ਫ਼ੈਸਲਾ ਕਰਦੀਆਂ ਹਨ।ਸਰਕਟ ਅਦਾਲਤਾਂ ਨੂੰ ਸਿਰਫ਼ ਅਪੀਲੀ ਅਧਿਕਾਰ-ਖੇਤਰ ਹਾਸਲ ਹੈ। ਉਨ੍ਹਾਂ ਵਿਚ ਮੁਕੱਦਮਿਆਂ ਨੂੰ ਸ਼ੁਰੂ ਨਹੀਂ ਕੀਤਾ ਜਾ ਸਕਦਾ। ਉਹ ਮੁੱਖ ਤੌਰ 'ਤੇ ਆਪਣੇ ਖੇਤਰ ਵਿਚ ਕੰਮ ਕਰਨ ਵਾਲੀਆਂ ਜ਼ਿਲ੍ਹਾ ਅਦਾਲਤਾਂ ਦੇ ਫ਼ੈਸਲਿਆਂ ਵਿਰੁੱਧ ਅਪੀਲਾਂ ਸੁਣਦੀਆਂ ਹਨ। ਪਰ ਉਨ੍ਹਾਂ ਨੂੰ 'ਅੰਤਰ-ਰਾਜੀ ਵਪਾਰ ਕਮੀਸ਼ਨ' (Inter-state Commerce Commission) ਅਤੇ 'ਰਾਸ਼ਟਰੀ ਮਜ਼ਦੂਰ ਸੰਪਰਕ ਆਯੋਗ' (National Labour Relations Board) ਆਦਿ ਦੇ ਫ਼ੈਸਲਿਆਂ ਵਿਰੁੱਧ ਵੀ ਅਪੀਲ ਸੁਣਨ ਦਾ ਅਧਿਕਾਰ ਹਾਸਲ ਹੈ।

3. **ਸਰਵ-ਉੱਚ ਅਦਾਲਤ** (Supreme Court) - ਸਰਵ-ਉੱਚ ਅਦਾਲਤ ਅਮਰੀਕਨ

ਨਿਆਂ-ਵਿਵਸਥਾ ਦਾ ਸਭ ਤੋਂ ਉੱਚਾ ਪੱਧਰ ਹੈ। ਇਸ ਦੇ ਸੰਗਠਨ ਅਤੇ ਅਧਿਕਾਰ-ਖੇਤਰ ਦਾ ਵਿਸਥਾਰਪੂਰਵਕ ਵਰਣਨ ਅੱਗੇ ਕੀਤਾ ਗਿਆ ਹੈ।

4. **ਖਾਸ ਅਦਾਲਤਾਂ** (Special Courts) - ਇਨ੍ਹਾਂ ਤਿੰਨ ਤਰ੍ਹਾਂ ਦੀਆਂ ਮੁੱਖ ਅਦਾਲਤਾਂ ਤੋਂ ਇਲਾਵਾ ਅਮਰੀਕਾ ਵਿਚ ਕੁਝ ਖ਼ਾਸ ਅਦਾਲਤਾਂ ਦੀ ਸਥਾਪਨਾ ਵੀ ਕੀਤੀ ਗਈ ਹੈ ਜਿਹੜੀਆਂ ਖ਼ਾਸ ਵਿਸ਼ਿਆਂ ਨਾਲ ਸੰਬੰਧਤ ਮੁਕੱਦਮਿਆਂ ਦਾ ਫ਼ੈਸਲੇ ਕਰਦੀਆਂ ਹਨ। ਇਨ੍ਹਾਂ ਵਿਚ ਕਲੇਮ ਅਦਾਲਤ (Court of Claims), ਕਸਟਮ ਅਦਾਲਤ (Court of Customs) ਅਤੇ ਕਰ ਅਦਾਲਤਾਂ (Tax Courts) ਖ਼ਾਸ ਤੌਰ 'ਤੇ ਵਰਣਨਯੋਗ ਹਨ।

## ਸੰਘੀ ਅਦਾਲਤਾਂ ਦਾ ਅਧਿਕਾਰ-ਖੇਤਰ
## (Jurisdiction of Federal Courts)

ਕਿਉਂਕਿ ਅਮਰੀਕਨ ਸੰਵਿਧਾਨ ਅਨੁਸਾਰ ਸੰਘੀ ਸਰਕਾਰ ਨੂੰ ਸਿਰਫ਼ ਸੌਂਪੀਆਂ ਅਤੇ ਸੀਮਤ ਸ਼ਕਤੀਆਂ ਦਿੱਤੀਆਂ ਗਈਆਂ ਹਨ, ਇਸ ਲਈ ਸੰਘੀ ਅਦਾਲਤਾਂ ਦਾ ਅਧਿਕਾਰ ਖੇਤਰ ਸਿਰਫ਼ ਕੁਝ ਅਜਿਹੇ ਵਿਸ਼ਿਆਂ ਤਕ ਹੀ ਸੀਮਤ ਹੈ ਜਿਹੜੇ ਕਿ ਜਾਂ ਤਾਂ ਸੰਵਿਧਾਨ ਵਿਚ ਸਪਸ਼ਟ ਕੀਤੇ ਗਏ ਹੋਣ ਜਾਂ ਉਨ੍ਹਾਂ ਵਿਚ ਮੌਜੂਦ ਹੋਣ। ਬਾਕੀ ਸਾਰੇ ਵਿਸ਼ਿਆਂ ਦੇ ਸੰਬੰਧ ਵਿੱਚ ਮੁਕੱਦਮੇ ਸੁਣਨ ਅਤੇ ਫ਼ੈਸਲੇ ਦੇਣ ਦਾ ਅਧਿਕਾਰ ਰਾਜਾ ਦੀਆਂ ਅਦਾਲਤਾਂ ਕੋਲ ਹੈ। ਸੰਘੀ ਅਦਾਲਤਾਂ ਦੇ ਅਧਿਕਾਰ ਖੇਤਰ ਦਾ ਵਰਣਨ ਸੰਵਿਧਾਨ ਦੀ ਤੀਜੀ ਧਾਰਾ ਵਿਚ ਕੀਤਾ ਗਿਆ ਹੈ। ਇਨ੍ਹਾਂ ਅਨੁਸਾਰ ਸੰਘੀ ਅਦਾਲਤਾਂ ਨੂੰ ਹੇਠ ਲਿਖੇ ਵਿਸ਼ਿਆਂ 'ਤੇ ਮੁਕੱਦਮੇ ਸੁਣਨ ਦਾ ਅਧਿਕਾਰ ਹੈ –

1. **ਸੰਵਿਧਾਨ, ਕਾਨੂੰਨ ਅਤੇ ਸੰਧੀਆਂ ਨਾਲ ਸੰਬੰਧਤ ਮੁਕੱਦਮੇ** (Cases arising under Constitution, Laws and Treatises) - ਸੰਵਿਧਾਨ ਵਿਚ ਲਿਖਿਆ ਹੈ, "ਸੰਯੁਕਤ ਰਾਜ ਅਮਰੀਕਾ ਦੀ ਨਿਆਂਇਕ ਵਿਵਸਥਾ ਉਨ੍ਹਾਂ ਸਾਰਿਆਂ ਵਿਵਾਦਾਂ 'ਤੇ ਪੂਰੀ ਤਰ੍ਹਾਂ ਲਾਗੂ ਹੋਵੇਗੀ ਜਿਹੜੇ ਇਸ ਸੰਵਿਧਾਨ ਦੇ ਅਧੀਨ ਸਾਰੇ ਕਾਨੂੰਨਾਂ ਅਤੇ ਨਿਆਂ ਨਾਲ ਸੰਬੰਧਤ ਹੋਣਗੇ ਜਾਂ ਜਿਨ੍ਹਾਂ ਦਾ ਸੰਬੰਧ ਪਿਛਲੀਆਂ ਸੰਧੀਆਂ ਨਾਲ ਹੋਵੇਗਾ ਜਾਂ ਉਨ੍ਹਾਂ ਸ਼ਰਤਾਂ ਅਨੁਸਾਰ ਭਵਿੱਖ ਵਿਚ ਕੀਤੀਆਂ ਜਾਣਗੀਆਂ।" ਇਸ ਸੰਬੰਧ ਵਿਚ ਇਹ ਧਿਆਨ ਦੇਣ ਯੋਗ ਹੈ ਕਿ ਸੰਘੀ ਅਦਾਲਤਾਂ ਦੇ ਸਾਹਮਣੇ ਸਿਰਫ਼ ਨਿਆਂਇਕ ਵਿਸ਼ੇ ਹੀ ਆ ਸਕਦੇ ਹਨ, ਕਾਰਜ-ਪਾਲਿਕਾ ਅਤੇ ਵਿਧਾਨ-ਪਾਲਿਕਾ ਸੰਬੰਧੀ ਮਾਮਲੇ ਨਹੀਂ ਆ ਸਕਦੇ। ਅਜਿਹਾ ਸਿਰਫ਼ ਉਸੇ ਵੇਲੇ ਕੀਤਾ ਜਾ ਸਕਦਾ ਹੈ ਜਦੋਂ ਇਸ ਤਰ੍ਹਾਂ ਦੇ ਕਿਸੇ ਝਗੜੇ ਵਿਚ ਸੰਘੀ ਸੰਵਿਧਾਨ ਵੀ, ਸੰਘੀ ਕਾਨੂੰਨ ਦੀ ਜਾਂ ਕਿਸੇ ਸੰਘੀ ਦੀ ਵਿਆਖਿਆ ਨਾਲ ਸੰਬੰਧਤ ਪ੍ਰਸ਼ਨ ਉਲਝਿਆ ਹੋਇਆ ਹੋਵੇ।

2. **ਰਾਜਦੂਤਾਂ, ਜਨਤਕ ਮੰਤਰੀਆਂ ਅਤੇ ਵਪਾਰਕ ਦੂਤਾਂ ਸੰਬੰਧੀ ਮੁਕੱਦਮੇ** (Cases affecting Ambassadors, orher Public Ministers and Counsuls) - ਦੂਜੀ ਥਾਂ 'ਤੇ ਸੰਘੀ ਅਦਾਲਤਾਂ ਦੇ ਅਧਿਕਾਰ ਖੇਤਰ ਵਿਚ ਉਹ ਮੁਕੱਦਮੇ ਆਉਂਦੇ ਹਨ ਜਿਨ੍ਹਾਂ ਦਾ ਸੰਬੰਧ ਅਮਰੀਕਾ ਵਿਚ ਵਿਦੇਸ਼ੀ ਰਾਜਾਂ ਤੋਂ ਆਏ ਹੋਏ ਰਾਜਦੂਤਾਂ, ਮੰਤਰੀਆਂ ਅਤੇ ਵਪਾਰਕ ਦੂਤਾਂ ਨਾਲ ਹੋਵੇ, ਪਰ ਅੰਤਰ-ਰਾਸ਼ਟਰੀ ਕਾਨੂੰਨ ਅਨੁਸਾਰ ਹੋਰਨਾਂ ਦੇਸ਼ਾਂ ਵਿਚੋਂ ਆਏ ਰਾਜਦੂਤਾਂ ਅਤੇ ਹੋਰਨਾਂ ਏਜੰਟਾਂ ਦੇ ਵਿਰੁੱਧ ਉਸ ਦੇਸ਼ ਦੀ ਕਿਸੇ ਅਦਾਲਤ ਵਿਚ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ ਜਿਸ ਦੇਸ਼ ਵਿਚ ਉਹ ਆਪਣੇ ਰਾਜ ਦੇ ਨੁਮਾਇੰਦੇ ਦੇ ਤੌਰ 'ਤੇ ਕੰਮ ਕਰ ਰਹੇ ਹਨ। ਜੇਕਰ ਉੱਥੇ ਕੰਮ ਕਰਦੇ ਹੋਏ ਉਹ ਕੋਈ ਜ਼ੁਰਮ ਕਰਦੇ ਹਨ ਤਾਂ ਉਸ ਰਾਜ ਦੀ ਸਰਕਾਰ ਨੂੰ, ਜਿਸ ਨਾਲ ਕਿ ਉਹ ਸੰਬੰਧ ਰੱਖਦੇ ਹਨ, ਉਨ੍ਹਾਂ ਨੂੰ ਵਾਪਸ ਬੁਲਾਉਣ ਲਈ ਕਿਹਾ ਜਾ ਸਕਦਾ ਹੈ ਜਾਂ ਉਸ ਨੂੰ ਦੇਸ਼ ਤੋਂ ਕੱਢੇ ਜਾਣ ਦਾ ਵੀ ਹੁਕਮ ਦਿੱਤਾ ਜਾ ਸਕਦਾ ਹੈ, ਪਰ ਜਦੋਂ ਤਕ ਉਹ ਆਪਣੇ ਰਾਜ ਦੇ ਨੁਮਾਇੰਦੇ ਦੇ ਤੌਰ 'ਤੇ ਉੱਥੇ ਕੰਮ ਕਰਦੇ ਰਹਿਣਗੇ ਉਦੋਂ ਤਕ ਉਨ੍ਹਾਂ ਵਿਰੁੱਧ ਉਸ ਦੇਸ਼ ਵਿਚ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕਦੀ।

3. **ਜਲ-ਸੈਨਾ ਅਤੇ ਸਮੁੰਦਰੀ ਵਿਵਸਥਾ ਨਾਲ ਸੰਬੰਧਤ ਮੁਕੱਦਮੇ** (Cases of Admiralty and Maritime Jurisdiction) - ਇਸ ਖੇਤਰ ਵਿਚ ਉਹ ਮੁਕੱਦਮੇ ਆਉਂਦੇ ਹਨ ਜਿਨ੍ਹਾਂ ਦਾ ਸੰਬੰਧ ਉਨ੍ਹਾਂ ਅਮਰੀਕੀ ਸਮੁੰਦਰੀ ਜਹਾਜਾਂ ਤੋਂ ਹੈ ਜੋ ਸਮੁੰਦਰ ਵਿਚ ਦੂਰ-ਦੂਰ ਤਕ ਜਾਂਦੇ ਹਨ ਜਾਂ ਅਮਰੀਕਾ ਦੇ

ਅੰਦਰ ਜ਼ਹਾਜਰਾਨੀ ਯੋਗ ਨਦੀਆਂ (Navigable waters of the United States) ਵਿਚ ਸਫ਼ਰ ਕਰਦੇ ਹਨ।

ਹੋਰ ਕਈ ਤਰ੍ਹਾਂ ਦੇ ਅਧਿਕਾਰ-ਖੇਤਰ ਹੇਠ ਲਿਖੇ ਹਨ -

(1) ਉਹ ਸਾਰੇ ਮੁਕੱਦਮੇ ਜਿਨ੍ਹਾਂ ਵਿਚ ਸੰਯੁਕਤ ਰਾਜ ਇਕ ਪਾਰਟੀ ਹੋਵੇ।

(2) ਦੋ ਜਾਂ ਦੋ ਤੋਂ ਜ਼ਿਆਦਾ ਰਾਜਾਂ ਦਾ ਝਗੜਾ।

(3) ਇਕ ਰਾਜ ਜਾਂ ਕਿਸੇ ਦੂਜੇ ਰਾਜ ਦੇ ਨਾਗਰਿਕਾਂ ਵਿਚ ਹੋਣ ਵਾਲੇ ਸਾਰੇ ਝਗੜੇ।

(4) ਉਹ ਸਾਰੇ ਝਗੜੇ ਜੋ ਇਕ ਹੀ ਰਾਜ ਦੇ ਨਾਗਰਿਕਾਂ ਦੇ ਵਿਚ ਹੋਣ, ਪਰ ਜਿਨ੍ਹਾਂ ਦਾ ਅਧਾਰ ਵੱਖ-ਵੱਖ ਰਾਜਾਂ ਦੁਆਰਾ ਦਿੱਤੀ ਗਈ ਭੂ-ਸੰਪੱਤੀ ਨਾਲ ਹੋਵੇ।

(5) ਉਹ ਸਾਰੇ ਝਗੜੇ ਜਿਨ੍ਹਾਂ ਦਾ ਸੰਬੰਧ ਕਿਸੇ ਅਮਰੀਕਨ ਰਾਜ, ਉਸ ਦੇ ਨਾਗਰਿਕ ਅਤੇ ਕਿਸੇ ਵਿਦੇਸ਼ੀ ਰਾਜ ਜਾਂ ਉਸ ਦੇ ਨਾਗਰਿਕਾਂ ਦੇ ਵਿਚ ਹੋਵੇ। ਸੰਵਿਧਾਨ ਦੀ ਗਿਆਰ੍ਹਵੀਂ ਸੋਧ ਅਨੁਸਾਰ ਇਹ ਤੈਅ ਕੀਤਾ ਗਿਆ ਹੈ ਕਿ ਇਕ ਰਾਜ ’ਤੇ ਉਸ ਤੋਂ ਪੁੱਛੇ ਬਿਨਾਂ ਸੰਘੀ ਅਦਾਲਤ ਵਿਚ ਸਿਰਫ਼ ਉਸੇ ਵੇਲੇ ਮੁਕੱਦਮਾ ਚਲਾਇਆ ਜਾ ਸਕਦਾ ਹੈ ਜਦੋਂ ਉਹ ਝਗੜਾ ਕਿਸੇ ਹੋਰ ਰਾਜ ਜਾਂ ਕਿਸੇ ਵਿਦੇਸ਼ੀ ਸਰਕਾਰ ਨਾਲ ਹੋਵੇ।

**ਵੱਖਰੇ ਅਤੇ ਸਮਵਰਤੀ ਅਧਿਕਾਰ-ਖੇਤਰ** (Exclusive and Concurrent Jurisdiction) - ਸੰਵਿਧਾਨ ਵਿਚ ਇਸ ਗੱਲ ਨੂੰ ਸਪਸ਼ਟ ਨਹੀਂ ਕੀਤਾ ਗਿਆ ਹੈ ਕਿ ਉੱਪਰ ਲਿਖੇ ਵਿਸ਼ਿਆਂ ਵਿਚੋਂ ਕਿਹੜੇ-ਕਿਹੜੇ ਵਿਸ਼ਿਆਂ ’ਤੇ ਸੰਘੀ ਅਦਾਲਤਾਂ ਨੂੰ ਵੱਖਰੇ (Exclusive) ਅਧਿਕਾਰ-ਖੇਤਰ ਪ੍ਰਾਪਤ ਹਨ। ਇਸ ਸੰਬੰਧ ਵਿਚ ਕਾਂਗਰਸ ਨੂੰ ਪੂਰੀ ਸੁਤੰਤਰਤਾ ਹੈ ਕਿ ਉਹ ਨਿਆਂਇਕ ਅਧਿਕਾਰ-ਖੇਤਰ ਨੂੰ ਤੈਅ ਕਰੇ, ਭਾਵ ਇਸ ਗੱਲ ਦਾ ਫ਼ੈਸਲਾ ਕਰੇ ਕਿ ਕਿਹੜੇ ਮੁਕੱਦਮੇ ਸਿਰਫ਼ ਸੰਘੀ ਅਦਾਲਤਾਂ ਵਿਚ ਜਾਣਗੇ। ਪਰ ਜਿਹੋ ਜਿਹੀ ਸਥਿਤੀ ਇਸ ਵੇਲੇ ਹੈ, ਉਸ ਅਨੁਸਾਰ ਹੇਠ ਲਿਖੇ ਵਿਸ਼ਿਆਂ ਦੇ ਸੰਬੰਧ ਵਿਚ ਸੰਘੀ ਅਦਾਲਤਾਂ ਨੂੰ ਵੱਖਰੇ ਅਧਿਕਾਰ-ਖੇਤਰ ਪ੍ਰਾਪਤ ਹਨ-

(i) ਉਹ ਸਾਰੇ ਝਗੜੇ ਜਿਨ੍ਹਾਂ ਦਾ ਸੰਬੰਧ ਸੰਯੁਕਤ ਰਾਜ ਦੇ ਕਾਨੂੰਨਾਂ ਦੇ ਵਿਰੁੱਧ ਜ਼ੁਰਮ ਨਾਲ ਹੋਵੇ।

(ii) ਉਹ ਸਾਰੇ ਵਿਵਾਦ ਜਿਨ੍ਹਾਂ ਦਾ ਸੰਬੰਧ ਨੌ-ਸੈਨਾ ਸੰਬੰਧੀ ਅਤੇ ਸਮੁੰਦਰੀ ਵਿਵਸਥਾ ਸੰਬੰਧੀ ਵਿਸ਼ਿਆਂ ਨਾਲ ਹੋਵੇ ਅਤੇ ਉਹ ਝਗੜੇ ਜਿਨ੍ਹਾਂ ਦਾ ਸੰਬੰਧ ਪੇਟੇਂਟ (Patent), ਕਾਪੀਰਾਈਟ (Copyright) ਅਤੇ ਦੀਵਾਲੀਆਪਨ ਆਦਿ ਨਾਲ ਹੋਵੇ।

(iii) ਉਹ ਸਾਰੇ ਦੀਵਾਨੀ ਮੁਕੱਦਮੇ ਜਿਨ੍ਹਾਂ ਵਿਚ ਸੰਯੁਕਤ ਰਾਜ ਜਾਂ ਕੋਈ ਰਾਜ ਇਕ ਪਾਰਟੀ (ਪੱਖ) ਹੋਵੇ, ਪਰ ਇਸ ਵਿਚ ਕਿਸੇ ਰਾਜ ਅਤੇ ਉਸੇ ਰਾਜ ਦੇ ਕਿਸੇ ਨਾਗਰਿਕ ਦੇ ਵਿਚ ਹੋਣ ਵਾਲੇ ਝਗੜੇ ਸ਼ਾਮਲ ਨਹੀਂ ਹਨ।

(iv) ਵਿਦੇਸ਼ੀ ਰਾਜਦੂਤਾਂ ਅਤੇ ਹੋਰਨਾਂ ਏਜੰਟਾਂ ਨਾਲ ਸੰਬੰਧਤ ਮੁਕੱਦਮੇ।

ਬਾਕੀ ਸਾਰੇ ਝਗੜੇ, ਜਿਨ੍ਹਾਂ ’ਤੇ ਸੰਘੀ ਅਦਾਲਤਾਂ ਨੂੰ ਅਧਿਕਾਰ-ਖੇਤਰ ਹਾਸਲ ਹੈ, ਉਨ੍ਹਾਂ ਸਾਰਿਆਂ ’ਤੇ ਰਾਜ ਅਦਾਲਤਾਂ ਨੂੰ ਵੀ ਬਰਾਬਰ ਤੌਰ ’ਤੇ ਅਧਿਕਾਰ-ਖੇਤਰ ਹਾਸਲ ਹਨ, ਭਾਵ ਉਹ ਸਮਵਰਤੀ ਅਧਿਕਾਰ-ਖੇਤਰ (Concurrent Jurisdiction) ਵਿਚ ਆਉਂਦੇ ਹਨ। ਇਨ੍ਹਾਂ ਵਿਸ਼ਿਆਂ ਦੇ ਸੰਬੰਧ ਵਿਚ ਸ਼ਿਕਾਇਤ ਕਰਤਾ (Plaintiff) ਕਿਸੇ ਵੀ ਅਦਾਲਤ ਵਿਚ ਜਾ ਸਕਦਾ ਹੈ।

## ਸਰਵ-ਉੱਚ ਅਦਾਲਤ
## (Supreme Court)

ਸਰਵ-ਉੱਚ ਅਦਾਲਤ ਅਮਰੀਕਨ ਨਿਆਂ-ਵਿਵਸਥਾ ਵਿਚ ਸਭ ਤੋਂ ਵੱਡੀ ਅਤੇ ਆਖ਼ਰੀ ਅਦਾਲਤ ਹੈ। ਇਸ ਨੂੰ ਦੇਸ਼ ਦੀ ਸ਼ਾਸਨ-ਵਿਵਸਥਾ ਵਿਚ ਇਕ ਬਹੁਤ ਹੀ ਮਹੱਤਵਪੂਰਨ ਥਾਂ ਪ੍ਰਾਪਤ ਹੈ। ਜਿਵੇਂ ਕਿ ਪਹਿਲਾ ਦੱਸਿਆ ਜਾ ਚੁੱਕਾ ਹੈ ਕਿ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਦੇ ਅਨੁਛੇਦ 3(1) ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ “ਸੰਯੁਕਤ ਰਾਜ ਦੀ ਨਿਆਂਇਕ ਸ਼ਕਤੀ ਇੱਕ ਸਰਵਉੱਚ ਅਦਾਲਤ ਅਤੇ ਛੋਟੀਆਂ ਅਦਾਲਤਾਂ

ਵਿੱਚ ਕੇਂਦਰਿਤ ਹੋਵੇਗੀ ਜਿਹੜੀਆਂ ਅਦਾਲਤਾਂ ਸਮੇਂ-ਸਮੇਂ ਤੇ ਕਾਂਗਰਸ ਦੁਆਰਾ ਸਥਾਪਿਤ ਕੀਤੀਆਂ ਜਾਣਗੀਆਂ। ਸੰਵਿਧਾਨ ਦੀ ਇਸ ਵਿਵਸਥਾ ਤੋਂ ਇਹ ਗੱਲ ਸਪੱਸ਼ਟ ਹੈ ਕਿ ਸੰਵਿਧਾਨ ਵਿੱਚ ਸਿਰਫ ਸੁਪਰੀਮ ਕੋਰਟ ਦਾ ਵਰਨਣ ਹੈ ਬਾਕੀ ਦੀਆਂ ਸੰਘੀ ਅਦਾਲਤਾਂ ਦਾ ਸੰਵਿਧਾਨ ਵਿੱਚ ਵਰਨਣ ਨਹੀਂ ਹੈ।ਸਰਵ-ਉੱਚ ਅਦਾਲਤ ਦਾ ਸੰਗਠਨ 1789 ਈ. ਵਿਚ ਕਾਂਗਰਸ ਦੁਆਰਾ ਪਾਸ ਕੀਤੇ ਗਏ 'ਜਿਉਡਿਸ਼ਰੀ ਐਕਟ' (Judiciary Act, 1789) ਦੁਆਰਾ ਕੀਤਾ ਗਿਆ ਸੀ। ਸ਼ੁਰੂ ਵਿਚ ਇਸ ਵਿਚ ਇਕ ਮੁੱਖ ਜੱਜ (Chief Justice) ਅਤੇ ਪੰਜ ਹੋਰ ਜੱਜ ਹੁੰਦੇ ਸਨ। ਬਾਅਦ ਵਿਚ ਇਨ੍ਹਾਂ ਦੀ ਗਿਣਤੀ ਵੱਧਦੀ ਰਹੀ ਅਤੇ 1869 ਈ. ਵਿਚ ਇਹ ਗਿਣਤੀ ਇਕ ਮੁੱਖ ਜੱਜ ਅਤੇ ਅੱਠ ਹੋਰ ਜੱਜ 'ਕੁੱਲ ਨੌ ਜੱਜ' ਤੈਅ ਕਰ ਦਿੱਤੀ ਗਈ। ਇਹੀ ਇਸ ਦੀ ਵਰਤਮਾਨ ਗਿਣਤੀ ਹੈ। ਕਾਂਗਰਸ ਨੂੰ ਕਾਨੂੰਨ ਪਾਸ ਕਰਕੇ ਇਸ ਗਿਣਤੀ ਨੂੰ ਵਧਾਉਣ ਜਾਂ ਘਟਾਉਣ ਦਾ ਅਧਿਕਾਰ ਦਿੱਤਾ ਗਿਆ ਹੈ।

**ਨਿਯੁਕਤੀ** (Appointment) - ਸਰਵ-ਉੱਚ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਲਈ ਸੰਵਿਧਾਨ ਦੁਆਰਾ ਕੋਈ ਯੋਗਤਾਵਾਂ ਤੈਅ ਨਹੀਂ ਕੀਤੀਆਂ ਗਈਆਂ ਹਨ, ਇਸ ਲਈ ਰਾਸ਼ਟਰਪਤੀ ਕਿਸੇ ਵੀ ਅਜਿਹੇ ਵਿਅਕਤੀ ਨੂੰ ਇਸ ਅਹੁਦੇ 'ਤੇ ਨਿਯੁਕਤ ਕਰ ਸਕਦਾ ਹੈ, ਜਿਸ ਨੂੰ ਸੈਨੇਟ ਦੀ ਮੰਜ਼ੂਰੀ ਮਿਲ ਸਕਦੀ ਹੋਵੇ। ਵਿਵਹਾਰ ਵਿਚ ਰਾਸ਼ਟਰਪਤੀ ਦੁਆਰਾ ਆਮ ਤੌਰ 'ਤੇ ਅਜਿਹੇ ਵਿਅਕਤੀਆਂ ਦੇ ਨਾਮ ਹੀ ਪ੍ਰਸਤਾਵਤ (ਪੇਸ਼) ਕੀਤੇ ਜਾਂਦੇ ਹਨ ਜਿਹੜੇ ਦੇਸ਼ ਦੇ ਪ੍ਰਸਿੱਧ ਕਾਨੂੰਨਦਾਨ ਹਨ। ਰਾਸ਼ਟਰਪਤੀ ਨੇ ਉਨ੍ਹਾਂ ਨੂੰ ਵੀ ਜੱਜ ਨਿਯੁਕਤ ਕੀਤਾ ਹੈ, ਜਿਨ੍ਹਾਂ ਨੂੰ ਆਪਣੇ ਕੰਮ ਦੀ ਭਾਵ ਕਾਨੂੰਨ ਦੀ ਪਾਸ ਜਾਣਕਾਰੀ ਨਹੀਂ ਸੀ। ਸੈਨੇਟ ਵਿਚ ਰਾਸ਼ਟਰਪਤੀ ਦੁਆਰਾ ਪ੍ਰਸਤਾਵਤ ਨਾਂ 'ਤੇ ਬੜੀ ਗੰਭੀਰਤਾ ਨਾਲ ਵਿਚਾਰ ਕੀਤਾ ਜਾਂਦਾ ਹੈ। ਇਸ ਦੀ ਨਿਆਂਇਕ ਸਮਿਤੀ (Judicial Committee) ਉਸ ਨਾਂ ਦੇ ਸੰਬੰਧ ਵਿਚ ਪੂਰੀ ਤਰ੍ਹਾਂ ਛਾਣ-ਬੀਣ ਕਰਕੇ ਸੈਨੇਟ ਨੂੰ ਆਪਣੀ ਰਿਪੋਰਟ ਪੇਸ਼ ਕਰਦੀ ਹੈ। ਇਸੇ ਕਾਰਨ ਵਿਵਹਾਰ ਵਿਚ ਯੋਗ ਅਤੇ ਅਨੁਭਵੀ ਕਾਨੂੰਨ-ਦਾਨਾਂ ਨੂੰ ਹੀ ਇਨ੍ਹਾਂ ਅਹੁਦਿਆਂ 'ਤੇ ਨਿਯੁਕਤ ਕੀਤਾ ਜਾਂਦਾ ਹੈ।

**ਕਾਰਜ-ਕਾਲ** (Tenure) - ਸਰਵ-ਉੱਚ ਅਦਾਲਤ ਦੇ ਜੱਜਾਂ ਦਾ ਕਾਰਜ-ਕਾਲ 'ਚੰਗੇ ਵਿਵਹਾਰ ਤਕ' (Till Good Behaviour) ਹੁੰਦਾ ਹੈ ਅਤੇ ਉਸ ਤੋਂ ਪਹਿਲਾਂ ਇਨ੍ਹਾਂ ਨੂੰ ਆਪਣੇ ਅਹੁਦੇ ਤੋਂ ਸਿਰਫ਼ ਮਹਾਂ-ਦੋਸ਼ ਦੁਆਰਾ ਹੀ ਹਟਾਇਆ ਜਾ ਸਕਦਾ ਹੈ। ਅਮਰੀਕਨ ਇਤਿਹਾਸ ਵਿਚ ਸਿਰਫ਼ ਇਕ ਵਾਰੀ ਹੀ ਜੱਜ ਨੂੰ ਇਸ ਪ੍ਰਣਾਲੀ ਦੁਆਰਾ ਅਹੁਦੇ ਤੋਂ ਹਟਾਉਣ ਦਾ ਜਤਨ ਕੀਤਾ ਗਿਆ ਸੀ। 1804 ਈ. ਵਿਚ ਜੱਜ 'ਸੈਮਿਊਲ ਚੇਜ਼' (Samuel Chase) ਵਿਰੁੱਧ ਪੱਖਪਾਤ ਦਾ ਆਰੋਪ ਲਗਾ ਕੇ ਉਸ 'ਤੇ ਮਹਾਂ-ਦੋਸ਼ ਚਲਾਇਆ ਗਿਆ ਸੀ, ਪਰ ਇਹ ਸਫ਼ਲ ਨਾ ਹੋ ਸਕਿਆ ਕਿਉਂਕਿ ਸੈਨੇਟ ਨੇ ਆਪਣੇ ਦੋ-ਤਿਹਾਈ ਬਹੁਮਤ ਨਾਲ ਉਨ੍ਹਾਂ ਦੇ ਅਪਰਾਧ ਦੀ ਪੁਸ਼ਟੀ ਨਹੀਂ ਕੀਤੀ।

ਸੰਵਿਧਾਨ ਵਿਚ ਜੱਜ ਦੀ ਆਪਣੇ ਅਹੁਦੇ ਤੋਂ ਰਿਟਾਇਰ ਹੋਣ ਲਈ ਕੋਈ ਉਮਰ ਤੈਅ ਨਹੀਂ ਕੀਤੀ ਗਈ ਹੈ, ਪਰ ਪਰੰਪਰਾ ਦੇ ਅਧਾਰ 'ਤੇ ਇਹ 70 ਸਾਲ ਪੱਕੀ ਹੋ ਗਈ ਹੈ। ਜੇਕਰ ਇਕ ਜੱਜ ਨੇ 10 ਸਾਲ ਜਾਂ ਉਸ ਤੋਂ ਜ਼ਿਆਦਾ ਸਾਲ ਤਕ ਸਰਵ-ਉੱਚ ਅਦਾਲਤ ਦੇ ਜੱਜ ਦੇ ਰੂਪ ਵਿਚ ਕੰਮ ਕੀਤਾ ਹੋਵੇ ਤਾਂ ਰਿਟਾਇਰ ਹੋਣ ਪਿੱਛੋਂ ਵੀ ਉਸ ਨੂੰ ਜ਼ਿੰਦਗੀ-ਭਰ ਪੂਰੀ ਤਨਖਾਹ ਮਿਲਦੀ ਰਹਿੰਦੀ ਹੈ।

**ਤਨਖ਼ਾਹ** (Salary) - ਸਰਵ-ਉੱਚ ਅਦਾਲਤ ਦੇ ਜੱਜਾਂ ਦੀ ਤਨਖਾਹ ਵੇਲੇ-ਵੇਲੇ 'ਤੇ ਕਾਂਗਰਸ ਦੁਆਰਾ ਪਾਸ ਕੀਤੇ ਗਏ ਕਾਨੂੰਨਾਂ ਅਨੁਸਾਰ ਤੈਅ ਕੀਤੀ ਜਾਂਦੀ ਹੈ। ਇਸ ਵੇਲੇ ਮੁੱਖ ਜੱਜ ਨੂੰ 1,15,000 ਡਾਲਰ ਅਤੇ ਹੋਰਨਾਂ ਜੱਜਾਂ ਨੂੰ 1,10,000 ਡਾਲਰ ਸਲਾਨਾ ਤਨਖ਼ਾਹ ਮਿਲਦੀ ਹੈ। ਜੱਜਾਂ ਦੇ ਕਾਰਜ-ਕਾਲ ਦੌਰਾਨ ਇਸ ਤਨਖ਼ਾਹ ਨੂੰ ਘੱਟ ਨਹੀਂ ਕੀਤਾ ਜਾ ਸਕਦਾ, ਪਰ ਜੇਕਰ ਕਾਂਗਰਸ ਚਾਹੇ ਤਾਂ ਕਾਨੂੰਨ ਰਾਹੀਂ ਇਸ ਨੂੰ ਵਧਾ ਸਕਦੀ ਹੈ।

**ਇਜਲਾਸ** (Sessions) - ਸਰਵ-ਉੱਚ ਅਦਾਲਤ ਦਾ ਇਜਲਾਸ ਸੰਯੁਕਤ ਰਾਜ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ (Washington) ਵਿਚ ਹੁੰਦਾ ਹੈ। ਇਹ ਇਜਲਾਸ ਹਰੇਕ ਸਾਲ ਆਮ ਤੌਰ 'ਤੇ ਅਕਤੂਬਰ ਦੇ ਪਹਿਲੇ ਸੋਮਵਾਰ ਤੋਂ ਸ਼ੁਰੂ ਹੋ ਕੇ ਜੂਨ ਤਕ ਚੱਲਦਾ ਰਹਿੰਦਾ ਹੈ। ਖ਼ਾਸ ਸਥਿਤੀਆਂ ਦੇ ਮੁੱਖ ਜੱਜਾਂ ਦੁਆਰਾ ਇਨ੍ਹਾਂ ਦਾ ਖ਼ਾਸ ਇਜਲਾਸ ਵੀ ਬੁਲਾਇਆ ਜਾ ਸਕਦਾ ਹੈ। ਇਜਲਾਸ ਦੀ ਕਾਰਵਾਈ ਨੂੰ ਚਲਾਉਣ ਲਈ ਛੇ

ਜੱਜਾਂ ਦੀ 'ਕੋਰਮ' (Quorum) ਤੈਅ ਕੀਤੀ ਗਈ ਹੈ ਅਤੇ ਇਸ ਦੁਆਰਾ ਲਿਆ ਗਿਆ ਕੋਈ ਵੀ ਫ਼ੈਸਲਾ ਉਦੋਂ ਤਕ ਨਹੀਂ ਮੰਨਿਆ ਜਾਂਦਾ ਜਦੋਂ ਤਕ ਕਿ ਘੱਟ-ਤੋਂ-ਘੱਟ ਪੰਜ ਜੱਜ, ਭਾਵ ਕੁੱਲ ਮੈਂਬਰਾਂ ਦੀ ਗਿਣਤੀ ਦਾ ਬਹੁਮਤ ਇਸ ਦੇ ਪੱਖ ਵਿਚ ਨਾ ਹੋਵੇ। ਸਰਵ-ਉੱਚ ਅਦਾਲਤ ਵਿਚ ਮੁਕੱਦਮਿਆਂ ਦੀ ਸੁਣਵਾਈ ਮੰਗਲਵਾਰ, ਬੁੱਧਵਾਰ, ਵੀਰਵਾਰ ਅਤੇ ਸ਼ੁੱਕਰਵਾਰ ਨੂੰ ਕੀਤੀ ਜਾਂਦੀ ਹੈ। ਸ਼ਨੀਵਾਰ ਨੂੰ ਜੱਜ ਆਪਸ ਵਿਚ ਸਲਾਹ-ਮਸ਼ਵਰਾ ਕਰਦੇ ਹਨ ਅਤੇ ਸੋਮਵਾਰ ਨੂੰ ਫ਼ੈਸਲਿਆਂ ਦਾ ਐਲਾਨ ਕੀਤਾ ਜਾਂਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਹਰੇਕ ਸੋਮਵਾਰ ਨੂੰ ਅਮਰੀਕਾ ਵਿਚ ਨਵਾਂ ਕਾਨੂੰਨ ਬਣ ਜਾਂਦਾ ਹੈ।

## ਸਰਵ-ਉੱਚ ਅਦਾਲਤ ਦਾ ਅਧਿਕਾਰ-ਖੇਤਰ
## (Jurisdiction of Supreme Court)

ਅਮਰੀਕਾ ਦੀ ਸਰਵ-ਉੱਚ ਅਦਾਲਤ ਸੰਘ ਵਿਚ ਨਿਆਂ ਦੀ ਪ੍ਰਤੀਕ ਹੈ। ਇਹ ਸੰਵਿਧਾਨਕ ਝਗੜਿਆਂ ਦੀ ਆਖ਼ਰੀ ਫ਼ੈਸਲਾਕਾਰ ਅਤੇ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਅਕ ਹੈ। ਰਾਜਨੀਤੀ ਦੇ ਵਿਦਵਾਨ ਹਸਕਿਨ ਅਨੁਸਾਰ, "ਅਮਰੀਕੀ ਸਰਵ-ਉੱਚ ਅਦਾਲਤ ਦਾ ਕਰਤੱਵ ਹੈ ਕਿ ਹਰ ਵੇਲੇ ਅਤੇ ਹਰ ਇਕ ਸਥਿਤੀ ਵਿਚ ਦੇਸ਼ ਦੇ ਸਰਵ-ਉੱਚ ਕਾਨੂੰਨ-ਸੰਵਿਧਾਨ ਨੂੰ ਕਾਇਮ ਰੱਖੇ।" ਅਮਰੀਕਾ ਦੀ ਸਰਵ-ਉੱਚ ਅਦਾਲਤ ਦੇ ਅਧਿਕਾਰ-ਖੇਤਰ ਨੂੰ ਆਮ ਤੌਰ 'ਤੇ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ। ਸ਼ੁਰੂਆਤੀ ਅਧਿਕਾਰ ਖੇਤਰ (Original Jurisdiction) ਅਤੇ ਅਪੀਲੀ ਅਧਿਕਾਰ-ਖੇਤਰ (Appellate Jurisdiction) ਦਾ ਵਰਣਨ ਹੇਠ ਲਿਖਿਆ ਹੈ –

1. **ਮੁੱਢਲਾ ਅਧਿਕਾਰ ਖੇਤਰ** (Original Jurisdiction) - ਸਰਵ-ਉੱਚ ਅਦਾਲਤ ਵਿਚ ਸ਼ੁਰੂਆਤੀ ਅਧਿਕਾਰ-ਖੇਤਰ ਦਾ ਵਰਣਨ ਸੰਵਿਧਾਨ ਦੀ ਧਾਰਾ-3 ਦੇ ਭਾਗ 2 ਵਿਚ ਕੀਤਾ ਗਿਆ ਹੈ। ਇਸ ਅਨੁਸਾਰ, "ਸੰਵਿਧਾਨ ਅਤੇ ਸੰਯੁਕਤ ਰਾਜ ਦੇ ਕਾਨੂੰਨ ਅਤੇ ਉਸ ਦੇ ਦੁਆਰਾ ਕੀਤੀਆਂ ਗਈਆਂ ਸੰਧੀਆਂ ਦੇ ਅਧੀਨ ਕਾਨੂੰਨ ਅਤੇ ਨਿਆਂ-ਬੁੱਧੀ ਦੇ ਸਾਰੇ ਵਿਸ਼ੇ........ ਇਸ ਦੇ ਅਧਿਕਾਰ ਅਧੀਨ ਰਾਜਦੂਤਾਂ, ਹੋਰਨਾਂ ਜਨਤਕ ਮੰਤਰੀਆਂ ਤੇ ਕੌਂਸਲਾਂ, ਨੌ-ਸੈਨਾ ਅਧਿਕਾਰੀਆਂ ਅਤੇ ਸਮੁੰਦਰੀ ਅਧਿਕਾਰ-ਖੇਤਰ ਦੇ ਸਾਰੇ ਮਾਮਲੇ, ਅਜਿਹੇ ਸਾਰੇ ਵਿਵਾਦ ਜਿਨ੍ਹਾਂ ਨਾਲ ਸੰਯੁਕਤ ਰਾਜ ਅਮਰੀਕਾ ਦਾ ਸੰਬੰਧ ਹੋਵੇ, ਦੋ ਜਾਂ ਜ਼ਿਆਦਾ ਰਾਜਾਂ ਦੇ ਵਿਵਾਦਾਂ, ਇਕ ਹੀ ਰਾਜ ਦੇ ਅਤੇ ਨਾਗਰਿਕਾਂ ਦੇ ਵਿਚ ਜੋ ਵੱਖ-ਵੱਖ ਰਾਜਾਂ ਦੀ ਜ਼ਮੀਨਾਂ ਦਾ ਦਾਅਵਾ ਕਰ ਰਹੇ ਹੋਣ ਅਤੇ ਇਕ ਰਾਜ ਜਾਂ ਉਸ ਦੇ ਨਾਗਰਿਕ ਅਤੇ ਵਿਦੇਸ਼ੀ ਰਾਜ ਦੇ ਨਾਗਰਿਕ ਜਾਂ ਪ੍ਰਜਾ ਵਿਚ ਝਗੜਿਆਂ ਆਦਿ ਨਾਲ ਸੰਬੰਧਤ ਵਿਸ਼ਿਆਂ 'ਤੇ ਸਰਵ-ਉੱਚ ਅਦਾਲਤ ਨੂੰ ਮੁੱਢਲੇ ਅਧਿਕਾਰ-ਖੇਤਰ ਪ੍ਰਾਪਤ ਹਨ।'

ਇਸ ਤਰ੍ਹਾਂ ਸਰਵ-ਉੱਚ-ਅਦਾਲਤ ਦੇ ਅਧਿਕਾਰ-ਖੇਤਰ ਵਿਚ ਦੋ ਤਰ੍ਹਾਂ ਦੇ ਮੁਕੱਦਮੇ ਆਉਂਦੇ ਹਨ-

(i) ਉਹ ਅਭਿਯੋਗ ਜਿਨ੍ਹਾਂ ਦਾ ਸੰਬੰਧ ਸੰਯੁਕਤ ਰਾਜ ਅਮਰੀਕਾ ਵਿਚ ਰਹਿਣ ਵਾਲੇ ਵਿਦੇਸ਼ੀ ਰਾਜਦੂਤਾਂ, ਰਾਜਨੀਤਿਕ ਪ੍ਰਤੀਨਿਧੀਆਂ ਅਤੇ ਵਪਾਰਕ ਅਧਿਕਾਰੀਆਂ ਨਾਲ ਹੈ, ਪਰ ਅੰਤਰ-ਰਾਸ਼ਟਰੀ ਨਿਯਮਾਂ ਤੇ ਪਰੰਪਰਾਵਾਂ ਅਨੁਸਾਰ ਇਨ੍ਹਾਂ ਅਧਿਕਾਰੀਆਂ ਵਿਰੁੱਧ ਅਮਰੀਕੀ ਅਦਾਲਤਾਂ ਵਿਚ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ।

(ii) ਉਹ ਸਾਰੇ ਮੁਕੱਦਮੇ ਜਿਨ੍ਹਾਂ ਵਿਚ ਸੰਘ ਜਾਂ ਸੰਘ ਦੇ ਇਕ ਰਾਜ ਜਾਂ ਜ਼ਿਆਦਾ ਰਾਜ ਇਕ ਪੱਖ ਵਿਚ ਹੋਣ। ਹੋਰਨਾਂ ਸਾਰੇ ਮਾਮਲਿਆਂ ਵਿਚ ਸਰਵ-ਉੱਚ ਅਦਾਲਤ ਨੂੰ ਸਿਰਫ਼ ਅਪੀਲ ਸੰਬੰਧੀ ਅਧਿਕਾਰ ਪ੍ਰਾਪਤ ਹਨ।

2. **ਅਪੀਲੀ ਅਧਿਕਾਰ-ਖੇਤਰ** (Appellate Jurisdiction) - ਸਰਵ-ਉੱਚ ਅਦਾਲਤ ਦੇ ਅਪੀਲ ਸੰਬੰਧੀ ਅਧਿਕਾਰਾਂ ਨੂੰ ਕਾਂਗਰਸ ਦੁਆਰਾ ਤੈਅ ਕੀਤਾ ਗਿਆ ਹੈ, ਸੰਵਿਧਾਨ ਦੁਆਰਾ ਨਹੀਂ। ਇਸ ਵਿਚ ਅਪੀਲਾਂ ਰਾਜ ਦੀ ਸਰਵ-ਉੱਚ ਅਦਾਲਤ ਅਤੇ ਸੰਘੀ ਸਰਕਟ ਅਦਾਲਤਾਂ ਦੇ ਫ਼ੈਸਲਿਆਂ ਵਿਰੁੱਧ ਲਿਆਂਦੀਆਂ ਜਾਂਦੀਆਂ ਹਨ। 1925 ਵਿਚ ਪਾਸ ਕੀਤੇ ਗਏ ਕਾਨੂੰਨ ਦੁਆਰਾ ਸਰਵ-ਉੱਚ ਅਦਾਲਤ ਨੇ ਅਪੀਲ ਸੰਬੰਧੀ ਅਧਿਕਾਰ ਨੂੰ ਸਿਰਫ਼ ਦੋ ਵਿਸ਼ਿਆਂ ਤਕ ਹੀ ਸੀਮਤ ਕਰ ਦਿੱਤਾ ਹੈ। ਇਹ ਵਿਸ਼ੇ ਹਨ-

(i) ਉਹ ਫ਼ੈਸਲੇ ਜਿਹੜੇ ਸੰਘੀ ਕਾਨੂੰਨਾਂ ਅਤੇ ਸੰਧੀਆਂ ਨੂੰ ਸੰਵਿਧਾਨ ਦੇ ਵਿਰੁੱਧ ਠਹਿਰਾਉਂਦੇ ਹਨ।

(ii) ਜਿਨ੍ਹਾਂ ਦੁਆਰਾ ਕਿਸੇ ਰਾਜ ਦਾ ਕਾਨੂੰਨ ਸੰਘੀ ਸੰਵਿਧਾਨ, ਕਿਸੇ ਸੰਘੀ ਕਾਨੂੰਨ ਜਾਂ ਸੰਘੀ ਸੰਧੀਆਂ ਵਿਰੁੱਧ ਐਲਾਨ ਕਰ ਦਿੱਤਾ ਗਿਆ ਹੋਵੇ। ਕਿਉਂਕਿ ਸਰਵ-ਉੱਚ ਅਦਾਲਤਾਂ ਵਿਚ ਲਿਆਏ ਜਾਣ ਵਾਲੇ

ਮੁਕੱਦਮਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਹੈ, ਇਸ ਲਈ ਉਹ ਉਨ੍ਹਾਂ ਹੀ ਮੁਕੱਦਮਿਆਂ 'ਤੇ ਮੁੜ ਵਿਚਾਰ ਕਰਦਾ ਹੈ ਜਿਹੜੇ ਬਹੁਤ ਹੀ ਜ਼ਿਆਦਾ ਮਹੱਤਵਪੂਰਨ ਹੁੰਦੇ ਹਨ ਅਤੇ ਬਾਕੀ ਸਾਰੇ ਪ੍ਰਾਰਥਨਾ-ਪੱਤਰਾਂ ਨੂੰ ਰੱਦ ਕਰ ਦਿੱਤਾ ਜਾਂਦਾ ਹੈ।

## ਸਰਵ-ਉੱਚ ਅਦਾਲਤ ਦੇ ਕੰਮ
## (Functions of the Supreme Court)

1. **ਸੰਵਿਧਾਨ ਦੀ ਵਿਆਖਿਆ ਅਤੇ ਰੱਖਿਆ ਕਰਨਾ** (Interpretation and Protection of the Constitution) - ਅਮਰੀਕਨ ਸਰਵ-ਉੱਚ ਅਦਾਲਤ ਦਾ ਇਕ ਮੁੱਖ ਕੰਮ ਸੰਵਿਧਾਨ ਦੀ ਵਿਆਖਿਆ ਅਤੇ ਰੱਖਿਆ ਕਰਨਾ ਹੈ। ਇਸ ਸਥਿਤੀ ਵਿਚ ਉਹ ਇਸ ਗੱਲ ਦਾ ਧਿਆਨ ਰੱਖਦਾ ਹੈ ਕਿ ਸੰਘੀ ਸਰਕਾਰ ਜਾਂ ਰਾਜ ਸਰਕਾਰਾਂ ਆਪਣੇ-ਆਪਣੇ ਖੇਤਰ ਵਿਚ ਰਹਿ ਕੇ ਕੰਮ ਕਰਨ ਅਤੇ ਇਕ-ਦੂਜੇ ਦੇ ਖੇਤਰ ਵਿਚ ਦਖ਼ਲ-ਅੰਦਾਜ਼ੀ ਨਾ ਕਰਨ। ਉਹ ਸੰਘੀ ਸਰਕਾਰ ਅਤੇ ਰਾਜ ਸਰਕਾਰਾਂ ਵਿਚ ਪੈਦਾ ਹੋਣ ਵਾਲਿਆਂ ਝਗੜਿਆਂ ਦਾ ਵੀ ਫ਼ੈਸਲਾ ਕਰਦੀ ਹੈ। ਸ਼ੁਰੂ ਵਿਚ ਸੰਘੀ ਸਰਕਾਰ ਰਾਜ ਸਰਕਾਰਾਂ ਦੀ ਤੁਲਨਾ ਵਿਚ ਘੱਟ ਸ਼ਕਤੀਸ਼ਾਲੀ ਸੀ, ਪਰ ਸਰਵ-ਉੱਚ ਅਦਾਲਤ ਨੇ ਸਮੇਂ-ਸਮੇਂ 'ਤੇ ਸੰਵਿਧਾਨ ਦੀ ਵਿਆਖਿਆ ਕਰਕੇ ਸੰਘੀ ਸਰਕਾਰ ਦੀਆਂ ਸ਼ਕਤੀਆਂ ਵਿਚ ਵਾਧਾ ਕਰਨ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ ਹੈ।

ਸਰਵ-ਉੱਚ ਅਦਾਲਤ ਕਾਂਗਰਸ ਦੇ ਕਾਨੂੰਨਾਂ ਅਤੇ ਰਾਸ਼ਟਰਪਤੀ ਦੇ ਆਦੇਸ਼ਾਂ ਦਾ ਗ਼ੈਰ-ਸੰਵਿਧਾਨਕ ਐਲਾਨ ਕਰਕੇ ਸੰਵਿਧਾਨ ਦੀ ਰੱਖਿਆ ਕਰਦੀ ਹੈ, ਅਮਰੀਕਨ ਸੰਵਿਧਾਨ ਦੁਆਰਾ ਸਰਵ-ਉੱਚ ਅਦਾਲਤ ਨੂੰ ਇਹ ਸ਼ਕਤੀ ਨਹੀਂ ਦਿੱਤੀ ਗਈ ਸੀ, ਪਰ 1803 ਵਿਚ ਮਾਰਬਰੀ ਬਨਾਮ ਮੈਡੀਸਨ (Marbury v/s Madison) ਦੇ ਮੁਕੱਦਮੇ ਦਾ ਫ਼ੈਸਲਾ ਕਰਦੇ ਹੋਏ ਮੁੱਖ ਜੱਜ ਮਾਰਸ਼ਲ (Marshall) ਨੇ ਆਪਣਾ ਫ਼ੈਸਲਾ ਦਿੰਦੇ ਹੋਏ ਕਿਹਾ ਸੀ, "ਸੰਯੁਕਤ ਰਾਜ ਅਮਰੀਕਾ ਦਾ ਲਿਖਤੀ ਸੰਵਿਧਾਨ ਇਸ ਸਿਧਾਂਤ ਦੀ ਹਮਾਇਤ ਕਰਦਾ ਹੈ ਅਤੇ ਜੇਕਰ ਕੋਈ ਕਾਨੂੰਨ ਸੰਵਿਧਾਨ ਦੇ ਵਿਰੁੱਧ ਹੋਵੇ, ਤਾਂ ਉਹ ਅਵੈਧ (ਗ਼ੈਰ-ਕਾਨੂੰਨੀ) ਹੈ।" ਸਰਵ-ਉੱਚ ਅਦਾਲਤ ਉਦੋਂ ਤੋਂ ਲਗਾਤਾਰ ਇਸ ਸ਼ਕਤੀ ਦੀ ਵਰਤੋਂ ਕਰ ਰਹੀ ਹੈ ਅਤੇ ਇਸ ਨੇ ਆਪਣੀ ਨਿਆਇਕ ਪੁਨਰ-ਨਿਰੀਖਣ ਦੀ ਸ਼ਕਤੀ ਦੇ ਅਧੀਨ ਕਿੰਨੇ ਹੀ ਕਾਨੂੰਨਾਂ ਅਤੇ ਆਦੇਸ਼ਾਂ ਨੂੰ ਗ਼ੈਰ-ਸੰਵਿਧਾਨਕ ਐਲਾਨ ਕੀਤਾ ਹੈ ਅਤੇ ਰੱਦ ਕੀਤਾ ਹੈ। ਇਸ ਤਰ੍ਹਾਂ, ਆਪਣੀ ਨਿਆਂਇਕ ਪੁਨਰ-ਨਿਰੀਖਣ ਦੀ ਸ਼ਕਤੀ ਦੁਆਰਾ ਸਰਵ-ਉੱਚ ਅਦਾਲਤ ਨੇ ਸੰਵਿਧਾਨ ਦੀ ਰੱਖਿਆ ਕੀਤੀ ਹੈ ਅਤੇ ਕਿਸੇ ਵੀ ਅਜਿਹੇ ਕਾਨੂੰਨ ਜਾਂ ਆਦੇਸ਼ ਨੂੰ ਲਾਗੂ ਨਹੀਂ ਹੋਣ ਦਿੱਤਾ ਜਿਹੜੇ ਸੰਵਿਧਾਨ ਦੀ ਉਲੰਘਣਾ ਕਰਦੇ ਹੋਣ।

2. **ਨਾਗਰਿਕਾਂ ਦੇ ਅਧਿਕਾਰਾਂ ਅਤੇ ਸੁਤੰਤਰਤਾਵਾਂ ਦੀ ਰੱਖਿਅਕ** (Guardian of the Rights and Liberties of the Citizens) - ਸਰਵ-ਉੱਚ ਅਦਾਲਤ ਦਾ ਇਕ ਮਹੱਤਵਪੂਰਨ ਕੰਮ ਨਾਗਰਿਕਾਂ ਦੇ ਅਧਿਕਾਰਾਂ ਅਤੇ ਸੁਤੰਤਰਤਾਵਾਂ ਦੀ ਰੱਖਿਆ ਕਰਨਾ ਹੈ। ਸੰਵਿਧਾਨ ਵਿਚ ਕੀਤੀਆਂ ਗਈਆਂ ਪਹਿਲੀਆਂ 10 ਸੋਧਾਂ ਰਾਹੀਂ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਸੁਰੱਖਿਤ ਕੀਤਾ ਗਿਆ ਸੀ। ਜੇਕਰ ਕਾਂਗਰਸ ਜਾਂ ਰਾਜ ਵਿਧਾਨ-ਮੰਡਲ ਕੋਈ ਅਜਿਹਾ ਕਾਨੂੰਨ ਬਣਾਉਂਦਾ ਹੈ ਜਾਂ ਰਾਸ਼ਟਰਪਤੀ ਜਾਂ ਰਾਜ ਕਾਰਜ-ਪਾਲਿਕਾ ਕੋਈ ਅਜਿਹਾ ਆਦੇਸ਼ ਜਾਰੀ ਕਰਦੀ ਹੈ, ਜੋ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦਾ ਵਿਰੋਧ ਕਰਦਾ ਹੈ, ਤਾਂ ਸਰਵ-ਉੱਚ ਅਦਾਲਤ ਨੂੰ ਉਸ ਨੂੰ ਗ਼ੈਰ-ਸੰਵਿਧਾਨਕ ਐਲਾਨ ਕਰਕੇ ਰੱਦ ਕਰਨ ਦਾ ਅਧਿਕਾਰ ਹੈ।

3. **ਸੰਵਿਧਾਨ ਦਾ ਵਿਕਾਸ** (Development of the Constitution) - ਕਈ ਲੇਖਕਾਂ ਨੇ ਸਰਵ-ਉੱਚ ਅਦਾਲਤ ਨੂੰ ਸੰਵਿਧਾਨਕ ਸੰਮੇਲਨ (Constitutional Convention) ਦੇ ਨਾਂ ਨਾਲ ਪੁਕਾਰਿਆ ਹੈ, ਕਿਉਂਕਿ ਇਸ ਨੇ ਅਮਰੀਕਨ ਸੰਵਿਧਾਨ ਦੇ ਵਿਕਾਸ ਵਿਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਦਿੱਤਾ ਹੈ। ਅਮਰੀਕਾ ਦੇ ਵਰਤਮਾਨ ਸੰਵਿਧਾਨਕ ਢਾਂਚੇ ਵਿਚ ਬਹੁਤ ਸਾਰੇ ਅਜਿਹੇ ਤੱਤ ਨਜ਼ਰ ਆਉਂਦੇ ਹਨ ਜਿਹੜੇ ਸਰਵ-ਉੱਚ ਅਦਾਲਤ ਦੀ ਉਦਾਰ ਸੰਵਿਧਾਨਕ ਵਿਆਖਿਆ ਦਾ ਹੀ ਫ਼ਲ ਹਨ। ਡਾ. ਮੁਨਰੋ (Dr. Munro) ਅਨੁਸਾਰ, "ਸਰਵ-ਉੱਚ ਅਦਾਲਤ ਨੇ ਅਮਰੀਕਨ ਸੰਵਿਧਾਨ ਵਿਚ ਅਜਿਹੀਆਂ ਬਹੁਤ-ਸਾਰੀਆਂ

ਗੱਲਾਂ ਵੇਖੀਆਂ ਹਨ ਜਿਹੜੀਆਂ ਖੁੱਲ੍ਹੀ ਅੱਖ ਨੂੰ ਨਜ਼ਰ ਨਹੀਂ ਆਉਂਦੀਆਂ। ਉਸ ਨੇ ਬਹੁਤ-ਸਾਰੀਆਂ ਅਹਿਆਂ ਗੱਲਾਂ ਨੂੰ ਸੰਵਿਧਾਨ ਵਿਚ ਨਹੀਂ ਵੇਖਿਆ ਜਿਹੜੀਆਂ ਉੱਥੇ ਬਿਲਕੁਲ ਸਪਸ਼ਟ ਹਨ।" ਨਿਆਂਇਕ ਸਰਵ-ਉੱਚਤਾ ਦਾ ਸਿਧਾਂਤ ਅਤੇ ਕੇਂਦਰੀਕਰਨ ਦੀ ਪ੍ਰਵਿਰਤੀ ਆਦਿ ਅਜਿਹੀਆਂ ਗੱਲਾਂ ਹਨ ਜੋ ਅਮਰੀਕਨ ਸ਼ਾਸਨ ਪ੍ਰਣਾਲੀ ਨੂੰ ਪੱਕੇ ਤੌਰ 'ਤੇ ਸਰਵ-ਉੱਚ ਅਦਾਲਤ ਦੀ ਹੀ ਦੇਣ ਹਨ।

4. **ਨਿਆਂਇਕ ਪੁਨਰ-ਨਿਰੀਖਣ ਦਾ ਅਧਿਕਾਰ** (Power of Judicial Review) - ਅਮਰੀਕਨ ਸਰਵ-ਉੱਚ ਅਦਾਲਤ ਨੂੰ ਕਾਂਗਰਸ ਦੁਆਰਾ ਬਣਾਏ ਗਏ ਕਾਨੂੰਨਾਂ ਅਤੇ ਰਾਸ਼ਟਰਪਤੀ ਦੁਆਰਾ ਜਾਰੀ ਕੀਤੇ ਗਏ ਆਦੇਸ਼ਾਂ 'ਤੇ ਨਿਆਂਇਕ ਪੁਨਰ-ਨਿਰੀਖਣ ਦਾ ਅਧਿਕਾਰ ਪ੍ਰਾਪਤ ਹੈ। ਇਸ ਦਾ ਭਾਵ ਇਹ ਹੈ ਕਿ ਸਰਵ-ਉੱਚ ਅਦਾਲਤ ਨੂੰ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਸੰਵਿਧਾਨ ਦੀ ਵਿਆਖਿਆ ਕਰਦੇ ਹੋਏ ਇਸ ਗੱਲ ਨੂੰ ਪੱਕਾ ਕਰੇ ਕਿ ਸੰਘੀ ਸਰਦਾਰ ਅਤੇ ਰਾਜ ਸਰਕਾਰਾਂ ਕੋਈ ਅਜਿਹਾ ਕੰਮ ਨਾ ਕਰਨ ਜੋ ਕਿ ਸੰਵਿਧਾਨ ਦੀ ਉਲੰਘਣਾ ਕਰਦਾ ਹੋਵੇ। ਜੇਕਰ ਕੋਈ ਕਾਨੂੰਨ ਜਾਂ ਆਦੇਸ਼ ਸੰਵਿਧਾਨ ਦੇ ਵਿਰੁੱਧ ਜਾਂਦਾ ਹੋਵੇ ਤਾਂ ਸਰਵ-ਉੱਚ ਅਦਾਲਤ ਉਸ ਨੂੰ ਰੱਦ ਕਰ ਸਕਦੀ ਹੈ। ਇਸ ਸ਼ਕਤੀ ਨੂੰ ਨਿਆਂਇਕ ਪੁਨਰ-ਨਿਰੀਖਣ ਦਾ ਨਾਂ ਦਿੱਤਾ ਗਿਆ ਹੈ।

## ਸਰਵ-ਉੱਚ ਅਦਾਲਤ ਦੀ ਸਥਿਤੀ (Position of the Supreme Court)

ਅਮਰੀਕਾ ਦੀ ਸਰਵ-ਉੱਚ ਅਦਾਲਤ ਉਪਰੋਕਤ ਭੂਮਿਕਾ ਅਤੇ ਕੰਮਾਂ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਮਰੀਕੀ ਸੰਵਿਧਾਨਕ ਪ੍ਰਣਾਲੀ ਵਿੱਚ ਸਰਵ-ਉੱਚ ਅਦਾਲਤ ਨੂੰ ਕਿਤਨੀ ਮਹੱਤਵਪੂਰਣ ਸਥਿਤੀ ਪ੍ਰਾਪਤ ਹੈ। ਸਰਵ-ਉੱਚ ਅਦਾਲਤ ਦੇ ਨਿਰਣੇ ਅੰਤਿਮ ਹੁੰਦੇ ਹਨ ਸਰਕਾਰ ਦਾ ਕੋਈ ਵੀ ਅੰਗ ਉਸ ਦੇ ਨਿਰਣਿਆਂ ਨੂੰ ਰੱਦ ਨਹੀਂ ਕਰ ਸਕਦਾ। ਸਰਵ-ਉੱਚ ਅਦਾਲਤ ਹੀ ਸੰਵਿਧਾਨ ਦੀ ਅੰਤਿਮ-ਵਿਆਖਿਆਕਾਰ ਹੈ, ਸੰਵਿਧਾਨ ਦੀ ਰੱਖਿਅਕ ਹੈ ਅਤੇ ਆਪਣੀ ਨਿਆਂਇਕ ਪੁਨਰ-ਨਿਰੀਖਣ ਦੀ ਸ਼ਕਤੀ ਦੀ ਵਰਤੋਂ ਦੁਆਰਾ ਅਜਿਹੇ ਕਾਨੂੰਨਾਂ ਨੂੰ ਲਾਗੂ ਨਹੀਂ ਹੋਣ ਦਿੰਦੀ, ਜੋ ਸੰਵਿਧਾਨ ਦੀ ਉਲੰਘਣਾ ਕਰਦੇ ਹੋਣ।

ਪੜ੍ਹਨਯੋਗ ਪੁਸਤਕਾਂ

J.C. Johari : Comparative Politics

S.S. Nanda : Comparative Political Systems

# ਇੰਗਲੈਂਡ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਨਿਆਂਇਕ ਪ੍ਰਣਾਲੀ ਅਤੇ ਕਾਨੂੰਨ ਦਾ ਸ਼ਾਸਨ (JUDICIAL SYSTEM AND RULE OF LAW IN U.K AND USA)

**2.4.0 ਭੂਮਿਕਾ**
**2.4.1 ਪਾਠ ਦਾ ਉਦੇਸ਼**
**2.4.2 ਬਰਤਾਨੀਆ ਵਿਚ ਕਾਨੂੰਨ ਦਾ ਸ਼ਾਸਨ** (Rule of Law)
**2.4.3 ਕਾਨੂੰਨ ਦੇ ਸ਼ਾਸ਼ਨ ਦਾ ਅਰਥ**
**2.4.4 ਕਾਨੂੰਨ ਦੀ ਸਰਵਉੱਚਤਾ ਜਾਂ ਪ੍ਰਧਾਨਗੀ**
**2.4.5 ਕਾਨੂੰਨ ਸਾਹਮਣੇ ਸਮਾਨਤਾ**
**2.4.6 ਕਾਨੂੰਨ ਨਾਗਰਿਕਾਂ ਦੀਆਂ ਸੁਤੰਤਰਾਵਾਂ ਦਾ ਰੱਖਿਅਕ ਹੈ**
**2.4.7 ਕਾਨੂੰਨ ਦੇ ਸ਼ਾਸਨ ਦੀ ਆਲੋਚਨਾ**
**2.4.8 ਸੌਂਪੀ ਕਾਨੂੰਨ ਸਾਜ਼ੀ** (Delegated Legislation)
**2.4.9 ਪ੍ਰਸ਼ਾਸਕੀ ਨਿਆਇਕ ਨਿਰਣੇ**
**2.4.10 ਸਰਕਾਰ ਦੀਆਂ ਇਛੁੱਕ ਸ਼ਕਤੀਆਂ**
  **2.4.10.1 ਵਿਸ਼ੇਸ਼ ਅਧਿਕਾਰੀਆਂ ਦੀ ਇੱਛੁਕ ਸ਼ਕਤੀਆਂ**
  **2.4.10.2 ਰਾਜੇ ਦੀ ਵਿਸ਼ੇਸ਼ ਸਥਿਤੀ**
  **2.4.10.3 ਸਰਕਾਰੀ ਅਧਿਕਾਰੀਆਂ ਦੀਆਂ ਸ਼ਕਤੀਆਂ**
  **2.4.10.4 ਜੱਜਾਂ ਦੀ ਵਿਸ਼ੇਸ਼ ਸਥਿਤੀ**
**2.4.11 ਅਮਰੀਕਾ ਵਿੱਚ ਕਾਨੂੰਨ ਦਾ ਸ਼ਾਸਨ**
**2.4.12 ਸਿੱਟਾ**
**2.4.13 ਛੋਟੇ ਉੱਤਰਾਂ ਵਾਲੇ ਪ੍ਰਸ਼ਨ**
**2.4.14 ਵੱਡੇ ਉੱਤਰਾਂ ਵਾਲੇ ਪ੍ਰਸ਼ਨ**
**2.4.15 ਪੜ੍ਹਣਯੋਗ ਪੁਸਤਕਾਂ**

## 2.4.0 ਭੂਮਿਕਾ

ਬ੍ਰਿਟੇਨ ਅਤੇ ਸੰਯੁਕਤ ਰਾਜ ਅਮਰੀਕਾ ਦੋਨੋ ਹੀ ਉਦਾਰਵਾਦੀ ਲੋਕਤੰਤਰੀ ਰਾਜਨੀਤਿਕ ਵਿਵਸਥਾਵਾਂ ਹਨ। ਹਰੇਕ ਵਿਚ ਨਿਆਂਪਾਲਿਕਾ ਦੀ ਸਥਿਤੀ ਬਹੁਤ ਮਹੱਤਵਪੂਰਨ ਹੈ। ਹਰੇਕ ਕੋਲ ਇਕ ਸੁਤੰਤਰ ਨਿਰਪੱਖ, ਈਮਾਨਦਾਰ ਅਤੇ ਕੁਸ਼ਲ ਨਿਆਂਪਾਲਿਕਾ ਹੈ। ਨਿਆਂਪਾਲਿਕਾ ਦੀ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਤੋਂ ਅਲਹਿਦਗੀ ਇਨ੍ਹਾਂ ਦੋਨਾਂ ਦੇਸ਼ਾਂ ਵਿਚ ਹੀ ਮੌਜੂਦ ਹੈ।

ਬ੍ਰਿਟੇਨ ਵਿਚ ਬ੍ਰਿਟਿਸ਼ ਸੰਸਦ ਦਾ ਉੱਪਰਲਾ ਸਦਨ ਭਾਵ ਲਾਰਡ ਸਦਨ ਦੀ ਦੇਸ਼ ਦੀ ਸਰਵਉੱਚ ਅਪੀਲ ਅਦਾਲਤ ਦੇ ਰੂਪ ਵਿਚ ਕਾਰਜ ਕਰਦਾ ਹੈ ਅਤੇ ਇਹ ਸਥਿਤੀ ਵੇਖਣ ਨੂੰ ਤਾਂ ਸ਼ਕਤੀਆਂ ਦੇ ਅਲਹਿਦਗੀ ਦੇ ਸਿਧਾਂਤ ਦਾ ਉਲੰਘਣ ਲਗਦੀ ਹੈ ਪਰ ਅਸਲ ਵਿਚ ਕਈ ਇਕ ਮੰਨੀਆਂ-ਪ੍ਰਮੰਨੀਆਂ ਸੰਵਿਧਾਨਿਕ ਪ੍ਰੰਪਰਾਵਾਂ ਦੇ ਆਧਾਰ 'ਤੇ ਜਦੋਂ ਲਾਰਡ ਸਦਨ ਸਰਵਉੱਚ ਅਪੀਲ ਅਦਾਲਤ ਦੇ ਰੂਪ ਵਿਚ ਬੈਠਕ ਕਰਦਾ ਹੈ ਤਾਂ ਇਸ ਵਿਚ ਸਿਰਫ਼ ਨੌ ਕਾਨੂੰਨੀ ਲਾਰਡ ਹੀ ਹਿੱਸਾ ਲੈਂਦੇ ਹਨ ਅਤੇ ਲਾਰਡ ਚਾਂਸਲਰ ਹੀ ਇਸਦੀ ਪ੍ਰਧਾਨਗੀ ਕਰਦਾ ਹੈ। ਜਦੋਂ ਲਾਰਡ ਸਦਨ ਇਸ ਹੈਸੀਅਤ ਵਿਚ ਬੈਠਕ ਕਰਦਾ ਹੈ ਤਾਂ

ਕਾਨੂੰਨੀ ਲਾਰਡਾਂ ਨੂੰ ਛੱਡ ਕੇ ਬਾਕੀ ਸਾਰੇ ਮੈਂਬਰ ਆਪਣੇ ਆਪ ਸਦਨ ਤੋਂ ਬਾਹਰ ਚਲੇ ਜਾਂਦੇ ਹਨ। ਇਹ ਪ੍ਰੰਪਰਾ ਇਕ ਨਿਸ਼ਚਿਤ ਪ੍ਰੰਪਰਾ ਹੈ ਜੋ ਕਿ ਕਾਫ਼ੀ ਲੰਮੇ ਸਮੇਂ ਤੋਂ ਚਲੀ ਆ ਰਹੀ ਹੈ ਅਤੇ ਜਿਸਦਾ ਪਾਲਣ ਅੱਜ ਤੱਕ ਹੋ ਰਿਹਾ ਹੈ ਅਤੇ ਅੱਗੇ ਹੋਣਾ ਵੀ ਨਿਸ਼ਚਿਤ ਹੈ। ਇਸ ਤਰ੍ਹਾਂ ਚਾਹੇ ਬ੍ਰਿਟੇਨ ਵਿਚ ਸ਼ਕਤੀਆਂ ਦੀ ਅਲਹਿਦਗੀ ਦਿਖਾਈ ਨਹੀਂ ਦਿੰਦੀ ਫਿਰ ਵੀ ਨਿਆਂਪਾਲਿਕਾ ਇਕ ਸੁਤੰਤਰ, ਨਿਰਪੱਖ, ਈਮਾਨਦਾਰ ਅਤੇ ਵਸਤੂਨਿਸ਼ਠ ਨਿਆਂਪਾਲਿਕਾ ਦੇ ਰੂਪ ਵਿਚ ਕਾਰਜ ਕਰਦੀ ਹੈ।

ਸੰਯੁਕਤ ਰਾਜ ਅਮਰੀਕਾ ਹੀ ਸੰਘਾਤਮਕ ਰਾਜ ਹੈ ਪਰ ਇਨ੍ਹਾਂ ਵਿਚ ਨਿਆਂਇਕ ਪ੍ਰਣਾਲੀ ਅਲੱਗ-ਅਲੱਗ ਤਰ੍ਹਾਂ ਦੀ ਹੈ। ਸੰਯੁਕਤ ਰਾਜ ਅਮਰੀਕਾ ਵਿਚ ਦੋ-ਧਿਰੀ ਨਿਆਂਇਕ ਪ੍ਰਣਾਲੀ ਮੌਜੂਦ ਹਨ: (i) ਸੰਘੀ ਨਿਆਂਇਕ ਪ੍ਰਣਾਲੀ ਵੀਜਸ ਅਧੀਨ ਸੰਘੀ ਅਦਾਲਤਾਂ, ਸੰਘੀ ਕਾਨੂੰਨਾਂ ਦੀ ਵਿਆਖਿਆ ਕਰਕੇ ਇਨ੍ਹਾਂ ਦੇ ਆਧਾਰ ਤੇ ਸੰਘੀ ਕਾਨੂੰਨਾਂ ਨਾਲ ਸੰਬੰਧਿਤ ਮੁਕੱਦਮਿਆਂ ਦਾ ਫ਼ੈਸਲਾ ਕਰਦੀਆਂ ਹਨ। (ii) ਰਾਜ ਨਿਆਂਇਕ ਜਿਹੜੀਆਂ ਕਿ ਸੰਘ ਦੀ ਹਰੇਕ ਇਕਾਈ ਵਿਚ ਮੌਜੂਦ ਹਨ ਅਤੇ ਆਪਣੇ -ਆਪਣੇ ਰਾਜ ਦੇ ਕਾਨੂੰਨਾਂ ਦੇ ਆਧਾਰ 'ਤੇ ਰਾਜ ਦੇ ਕਾਨੂੰਨਾਂ ਸੰਬੰਧੀ ਮੁਕੱਦਮਿਆਂ ਦਾ ਫ਼ੈਸਲਾ ਕਰਦੀਆਂ ਹਨ।

**ਬ੍ਰਿਟੇਨ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਮੁਕੱਮਿਆਂ ਦੀ ਸੁਣਵਾਈ ਦੇ ਸਬੰਧ ਵਿਚ ਜਿਊਰੀ ਪ੍ਰਣਾਲੀ ਲਾਗੂ ਹੈ। ਜਿਊਰੀ ਦੇ ਮੈਂਬਰ ਜੱਜਾਂ ਦੇ ਨਾਲ ਬੈਠ ਕੇ ਮੁਕੱਦਮੇ ਸੁਣਦੇ ਹਨ ਅਤੇ ਜੱਜ ਆਪਣਾ ਫ਼ੈਸਲਾ ਦੇਣ ਤੋਂ ਪਹਿਲੇ ਜਿਊਰੀ ਦੁਆਰਾ ਦਿਤੇ ਗਏ ਫ਼ੈਸਲੇ ਨੂੰ ਵੀ ਸਾਹਮਣੇ ਰੱਖਦੇ ਹਨ। ਅਜਿਹਾ ਵਿਵਹਾਰ ਭਾਰਤ ਵਿਚ ਮੌਜੂਦ ਨਹੀਂ।**

ਸੰਯੁਕਤ ਰਾਜ ਅਮਰੀਕਾ ਵਿਚ ਨਿਆਂਪਾਲਿਕਾ ਨੂੰ ਸੰਵਿਧਾਨ ਅਤੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦਾ ਸਰਪ੍ਰਸਤ ਅਤੇ ਸੁਰੱਖਿਅਕ ਬਣਾਇਆ ਗਿਆ ਹੈ। ਨਿਆਂਪਾਲਿਕਾ ਕਿਸੇ ਵੀ ਕਾਨੂੰਨ ਜਾ ਨਿਯਮ ਨੂੰ ਗ਼ੈਰ-ਸੰਵਿਧਾਨਿਕ ਘੋਸ਼ਿਤ ਕਰਕੇ ਵੱਖ ਕਰ ਸਕਦੀ ਹੈ। ਦੋਹਾਂ ਦੇਸ਼ਾਂ ਦੀਆਂ ਨਿਆਂਪਾਲਿਕਾਵਾਂ ਕੋਲ ਨਿਆਂਇਕ ਪੁਨਰ-ਨਿਰੀਖਣ ਦੀ ਸ਼ਕਤੀ ਹੈ। ਨਿਆਂਇਕ ਪੁਨਰ-ਨਿਰੀਖਣ ਦੀ ਸ਼ਕਤੀ ਭਾਰਤੀ ਅਤੇ ਅਮਰੀਕੀ ਨਿਆਂਇਕ ਵਿਵਸਥਾਵਾਂ ਦੀ ਇਕ ਵੱਡੀ ਵਿਸ਼ੇਸ਼ਤਾ ਹੈ। ਜਦਕਿ ਸੰਯੁਕਤ ਰਾਜ ਅਮਰੀਕਾ ਵਿਚ ਸੁਪਰੀਮ ਕੋਰਟ ਕਾਨੂੰਨ ਦੀ ਉਚਿਤ ਪ੍ਰਕਿਰਿਆ ਦੇ ਸਿਧਾਤ ਅਧੀਨ ਇਸ ਸ਼ਕਤੀ ਦਾ ਪ੍ਰਯੋਗ ਕਰਦੀ ਹੈ। ਅਮਰੀਕਾ ਦੇ ਸੰਵਿਧਾਨ ਨੂੰ ਸਰਵਉੱਚਤਾ ਪ੍ਰਾਪਤ ਹੈ ਅਤੇ ਇਸ ਸਰਵਉੱਚਤਾ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਨਿਆਂਪਾਲਿਕਾਵਾਂ ਕੋਲ ਹੈ।

ਬ੍ਰਿਟੇਨ ਵਿਚ ਸੰਸਦ ਦੀ ਪ੍ਰਭੂਸੱਤਾ ਦਾ ਸਿਧਾਂਤ ਪ੍ਰਚੱਲਿਤ ਹੈ। ਬ੍ਰਿਟਿਸ਼ ਨਿਆਂਪਾਲਿਕਾ ਕਿਸੇ ਵੀ ਸੰਸਦੀ ਕਾਨੂੰਨ ਨੂੰ ਗ਼ੈਰ-ਸੰਵਿਧਾਨਿਕ ਘੋਸ਼ਿਤ ਕਰਕੇ ਰੱਦ ਨਹੀਂ ਕਰ ਸਕਦੀ ਭਾਵ ਬ੍ਰਿਟੇਨ ਵਿਚ ਨਿਆਂਇਕ ਪੁਨਰ-ਨਿਰੀਖਣ ਦੀ ਸ਼ਕਤੀ ਨਿਆਂਪਾਲਿਕਾ ਕੋਲ ਨਹੀਂ ਹੈ। ਕੇਵਲ ਬ੍ਰਿਟਿਸ਼ ਸੰਸਦ ਦੇ ਕਿਸੇ ਕਾਨੂੰਨ ਨੂੰ ਪਾਸ ਕਰ ਸਕਦੀ ਹੈ ਜਾਂ ਰੱਦ ਕਰ ਸਕਦੀ ਹੈ ਜਾਂ ਸੰਸ਼ੋਧਿਤ ਕਰ ਸਕਦੀ ਹੈ। ਸੰਯੁਕਤ ਰਾਜ ਅਮਰੀਕਾ ਵਿਚ ਨਿਆਂਪਾਲਿਕਾ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ ਕਿ ਉਹ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਸੁਰੱਖਿਆ ਕਰੇ। ਅਮਰੀਕੀ ਸੰਵਿਧਾਨ ਅਧੀਨ ਵੀ ਅਮਰੀਕੀ ਸੁਪਰੀਮ ਕੋਰਟ ਨੂੰ ਅਮਰੀਕੀ ਸੰਵਿਧਾਨ ਦੁਆਰਾ ਦਿੱਤੇ ਗਏ ਮੌਲਿਕ ਅਧਿਕਾਰਾਂ ਦੀ ਸੁਰੱਖਿਆ ਕਰਨ ਦੀ ਜ਼ਿੰਮੇਵਾਰੀ ਪ੍ਰਾਪਤ ਹੈ। ਬ੍ਰਿਟੇਨ ਵਿਚ ਨਾ ਤਾਂ ਕੋਈ ਲਿਖਿਤ ਸੰਵਿਧਾਨ ਹੈ ਅਤੇ ਨਾ ਹੀ ਨਾਗਰਿਕਾਂ ਨੂੰ ਕੋਈ ਲਿਖਤ ਤੌਰ 'ਤੇ ਮੌਲਿਕ ਅਧਿਕਾਰ ਸੌਂਪੇ ਗਏ ਹਨ। ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਅਤੇ ਸੁਤੰਤਰਤਾਵਾਂ ਨੂੰ ਕਾਨੂੰਨ ਦੇ ਸ਼ਾਸਨ ਦੇ ਸਿਧਾਂਤ ਅਧੀਨ ਸੁਰੱਖਿਆ ਪ੍ਰਾਪਤ ਹੈ। ਅਦਾਲਤਾਂ ਸਾਧਾਰਨ ਕਾਨੂੰਨ ਅਧੀਨ ਹੀ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਨਿਭਾਉਂਦੀਆਂ ਹਨ। ਸੰਯੁਕਤ ਰਾਜ ਅਮਰੀਕਾ ਵਿਚ ਸੰਵਿਧਾਨ ਨੂੰ ਦੇਸ਼ ਦਾ ਸਰਵਉੱਚ ਕਾਨੂੰਨ ਮੰਨਿਆ ਜਾਂਦਾ ਹੈ ਅਤੇ ਇਸ ਦੀ ਵਿਆਖਿਆ ਅਤੇ ਸੁਰੱਖਿਆ ਕਰਨ ਦੀ ਜ਼ਿੰਮੇਵਾਰੀ ਨਿਆਂਪਾਲਿਕਾ ਨੂੰ ਸੌਂਪੀ ਗਈ ਹੈ। ਬ੍ਰਿਟੇਨ ਵਿਚ ਬ੍ਰਿਟਿਸ਼ ਸੰਸਦ ਨੂੰ ਹੀ ਸਰਵਉੱਚਤਾ ਦੇ ਅਧੀਨ ਹੀ ਅਦਾਲਤਾਂ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੀਆਂ ਹਨ। ਸੰਯੁਕਤ ਰਾਜ ਅਮਰੀਕਾ ਵਿਚ ਸੰਵਿਧਾਨ ਨੂੰ ਦੇਸ਼ ਦਾ ਸਰਵਉੱਚ ਕਾਨੂੰਨ ਮੰਨਿਆ ਜਾਂਦਾ ਹੈ ਅਤੇ ਇਸ ਦੀ ਵਿਆਖਿਆ ਅਤੇ ਸੁਰੱਖਿਆ ਕਰਨ ਦੀ ਜ਼ਿੰਮੇਵਾਰੀ ਨਿਆਂਪਾਲਿਕਾ ਨੂੰ ਸੌਂਪੀ ਗਈ ਹੈ। ਬ੍ਰਿਟੇਨ ਵਿਚ ਬ੍ਰਿਟਿਸ਼ ਸੰਸਦ ਨੂੰ ਹੀ ਸਰਵਉੱਚਤਾ ਪ੍ਰਾਪਤ ਹੈ ਅਤੇ ਇਸ ਆਧਾਰ 'ਤੇ ਬ੍ਰਿਟਿਸ਼ ਸੰਸਦ ਦੇ ਕਾਨੂੰਨ ਹੀ ਸਰਵਉੱਚ ਹੁੰਦੇ ਹਨ। ਇਨ੍ਹਾਂ ਦੀ ਸਰਵਉੱਚਤਾ ਦੇ ਅਧੀਨ ਹੀ ਅਦਾਲਤਾਂ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੀਆਂ ਹਨ। ਇਸਦੇ ਨਾਲ ਹੀ ਬ੍ਰਿਟੇਨ ਇਕ ਇਕਾਤਮਕ ਰਾਜ ਹੈ। ਰਾਜ ਦੀਆਂ ਸਾਰੀਆਂ ਸ਼ਕਤੀਆਂ ਕੇਂਦਰ ਸਰਕਾਰ ਕੋਲ ਹੁੰਦੀਆਂ ਹਨ। ਸਥਾਨਕ ਸਰਕਾਰਾਂ ਆਪਣੀਆਂ ਸ਼ਕਤੀਆਂ ਕੇਂਦਰੀ ਸਰਕਾਰ ਤੋਂ ਪ੍ਰਾਪਤ ਕਰਦੀਆਂ ਹਨ। ਕੇਂਦਰੀ ਸਰਕਾਰ ਵਿੱਚ ਸਥਾਨਕ ਸਰਕਾਰਾਂ ਦੇ ਸੰਗਠਨ ਅਤੇ ਸ਼ਕਤੀਆਂ ਦਾ ਨਿਰਧਾਰਨ ਕਰਦੀ ਹੈ। ਇਸ ਕਰਕੇ ਦੋਹਾਂ ਵਿਚ ਟਕਰਾਅ ਦੀ ਸਥਿਤੀ ਦਾ ਕੋਈ ਮੌਕਾ ਹੀ ਨਹੀਂ ਹੁੰਦਾ। ਅਮਰੀਕਾ ਹੀ ਸੰਘਾਤਮਕ

ਰਾਜ ਹਨ ਜਿਨ੍ਹਾਂ ਵਿਚ ਸੰਘੀ ਸਰਕਾਰ ਅਤੇ ਪ੍ਰਾਂਤੀ ਸਰਕਾਰਾਂ ਵਿਚ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਅਜਿਹੀ ਸਥਿਤੀ ਕਾਰਨ ਨਿਆਂਪਾਲਿਕਾ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ ਕਿ ਉਹ ਸੰਘ ਅਤੇ ਪ੍ਰਾਤਾਂ ਵਿਚ ਪੈਦਾ ਹੋਣ ਵਾਲੇ ਝਗੜਿਆਂ ਦਾ ਨਿਪਟਾਰਾ ਕਰੇ। ਇਸ ਸ਼ਕਤੀ ਨੇ ਇਨ੍ਹਾਂ ਦੋਹਾਂ ਦੇਸ਼ਾਂ ਵਿਚ ਨਿਆਂਪਲਿਕਾ ਦੀ ਸਥਿਤੀ ਨੂੰ ਵਿਸ਼ੇਸ਼ ਮਹੱਤਵ ਪ੍ਰਦਾਨ ਕੀਤਾ ਹੈ।

ਬ੍ਰਿਟੇਨ ਅਤੇ ਸੰਯੁਕਤ ਰਾਜ ਅਮਰੀਕਾ ਦੀਆਂ ਨਿਆਂਇਕ ਪ੍ਰਣਾਲੀਆਂ ਵਿਚ ਕਈ ਇਕ ਸੰਰਚਨਾਤਮਕ ਅਤੇ ਕਾਰਜਾਤਮਕ ਸਮਾਨਤਾਵਾਂ ਵੀ ਹਨ ਅਤੇ ਅਸਮਾਨਤਾਵਾਂ ਵੀ। ਬ੍ਰਿਟੇਨ ਵਿਚ ਸੰਵਿਧਾਨ ਦੀ ਤਰ੍ਹਾਂ ਨਿਆਂਪਾਲਿਕਾ ਵੀ ਹੌਲੀ-ਹੌਲੀ ਹੋਏ ਵਿਕਾਸ ਦਾ ਫਲ ਰਹੀ ਹੈ। ਸੰਯੁਕਤ ਰਾਜ ਅਮਰੀਕਾ ਵਿਚ ਵੀ ਨਿਆਂਪਾਲਿਕਾ ਦਾ ਸੰਗਠਨ ਅਮਰੀਕਾ ਦੇ ਸੰਵਿਧਾਨ ਦੇ ਅਧੀਨ ਕੀਤਾ ਗਿਆ ਹੈ। ਪਿਛਲੇ 215 ਸਾਲਾਂ ਤੋਂ ਅਮਰੀਕੀ ਨਿਆਂਇਕ ਵਿਵਸਥਾ ਲਗਾਤਾਰ ਵਿਕਸਿਤ ਹੁੰਦੀ ਆ ਰਹੀ ਹੈ। ਇਸਨੇ ਹਮੇਸ਼ਾ ਕੁਸ਼ਲਤਾ ਨਾਲ ਕੰਮ ਕੀਤਾ ਹੈ ਅਤੇ ਅਮਰੀਕੀ ਸਮਾਜ ਦੀਆਂ ਲੋੜਾਂ ਨੂੰ ਪੂਰਾ ਕੀਤਾ ਹੈ। ਇਸ ਨੇ ਅਮਰੀਕਾ ਦੇ ਸੰਵਿਧਾਨ ਦੇ ਵਿਕਾਸ ਵਿਚ ਵੀ ਬੜੀ ਵੱਡੀ ਭੂਮਿਕਾ ਨਿਭਾਈ ਹੈ। ਇਸੇ ਤਰ੍ਹਾਂ ਸੰਯੁਕਤ ਰਾਜ ਅਮਰੀਕਾ ਅਤੇ ਬ੍ਰਿਟੇਨ ਦੀਆਂ ਨਿਆਂਇਕ ਵਿਵਸਥਾਵਾਂ ਵੀ ਇਕ ਸੁ-ਸੰਗਠਿਤ, ਕੁਸ਼ਲ ਅਤੇ ਈਮਾਨਦਾਰੀ ਨਾਲ ਕੰਮ ਕਰਨ ਵਾਲੀਆਂ ਨਿਆਂਇਕ ਵਿਵਸਥਾਵਾਂ ਹਨ।

"The British Judicial system represents one of the most successful endeavours of the English nation. It has a long and honourable history. Over the years, Bratain have developed a system of law and justice which has not only served them well but has also been adopted by other nations as a model for their legal structures".

"There is no better test of the excellence of a government than the efficiency of its Judicial System in USA, "for nothing more nearly touches the welfare and security of the citizen than his knowldge that he can rely on certain prompt and impartial administration of justice. (Bryce, Modern Democracies)

### 2.4.1ਪਾਠ ਦਾ ਉਦੇਸ਼

ਇਸ ਪਾਠ ਰਾਹੀਂ ਅਸੀਂ ਇੰਗਲੈਂਡ ਅਤੇ ਅਮਰੀਕਾ ਦੀ ਨਿਆਂਪਾਲਿਕਾ ਪ੍ਰਣਾਲੀ ਅਤੇ ਕਾਨੂੰਨ ਦਾ ਸ਼ਾਸਨ ਨਿਰਧਾਰਿਤ ਕਰਨ ਵਾਲੇ ਤੱਤਾਂ ਬਾਰੇ ਪੜਾਂਗੇ।

### 2.4.2 ਬਰਤਾਨੀਆ ਵਿਚ ਕਾਨੂੰਨ ਦਾ ਸ਼ਾਸਨ (Rule of Law)

ਕਾਨੂੰਨ ਅਨੁਸਾਰ ਰਾਜ ਪ੍ਰਬੰਧ ਬਰਤਾਨੀਆਂ ਸੰਵਿਧਾਨ ਦਾ ਇਕ ਮਹੱਤਵਪੂਰਨ ਲੱਛਣ ਹੈ। ਇਸ ਤੋਂ ਭਾਵ ਹੈ ਕਿ ਬਰਤਾਨੀਆਂ ਵਿਚ ਕਿਸੇ ਇਕ ਵਿਅਕਤੀ ਦਾ ਰਾਜ ਨਹੀਂ ਸਗੋਂ ਕਾਨੂੰਨ ਦਾ ਰਾਜ ਹੈ। ਇਹ ਧਾਰਨਾ ਬਰਤਾਨੀਆਂ ਦੀ ਰਾਜਨੀਤਿਕ ਪ੍ਰਣਾਲੀ ਦੀ ਇਕ ਵੱਡਮੁਲੀ ਦੇਣ ਹੈ। ਇਸ ਦਾ ਮੁੱਢਲਾ ਸਵਰੂਪ ਪ੍ਰੋ: ਡਾਇਸੀ ਨੇ ਚਿਤਰਿਆ ਸੀ। ਉਸ ਨੇ ਆਪਣੀ ਪੁਸਤਕ "ਲਾਅ ਆਫ ਕਾਨਸਟੀਚਿਊਟ" ਵਿਚ ਇਸ ਦਾ ਵਿਸਥਾਰ ਪੂਰਵਕ ਵਿਸ਼ਲੇਸ਼ਣ ਕੀਤਾ ਸੀ। ਲਾਰਡ ਹੀਵਰਟ ਦਾ ਵੀ ਕਹਿਣਾ ਹੈ ਕਿ ਕਾਨੂੰਨ ਦੇ ਸ਼ਾਸਨ ਤੋਂ ਭਾਵ ਹੈ "ਕਾਨੂੰਨ ਦੀ ਪ੍ਰਧਾਨਤਾ" ਅਤੇ ਪ੍ਰਮੁੱਖਤਾ ਜਿਹੜੀ ਕਿ ਇਸ ਗੱਲ ਨੂੰ ਸ਼ਪਸਟ ਕਰਦੀ ਹੈ ਕਿ ਵਿਅਕਤੀ ਇਛਾਵਾਂ ਅਤੇ ਕੋਈ ਹੋਰ ਵਿਕਲਪ ਜਿਹੜੇ ਕਾਨੂੰਨ ਨਹੀਂ ਹਨ ਉਨ੍ਹਾਂ ਦੀ ਵਿਅਕਤੀ ਤੇ ਸੁਤੰਤਰਤਾਵਾਂ ਤੇ ਕੋਈ ਪ੍ਰਭਾਵ ਨਹੀਂ ਹੈ। "ਰੂਲ ਆਫ ਲਾਅ" ਦੀ ਧਾਰਨਾ ਬਰਤਾਨੀਆਂ ਵਿਚ ਪ੍ਰਚਲਤ ਕਾਮਨ ਲਾਅ ਦੇ ਸਿਧਾਤ ਤੇ ਆਧਾਰਿਤ ਹੈ। ਭਾਵੇਂ ਉਥੇ ਕੋਈ ਲਿਖਤੀ ਮੌਲਿਕ ਅਧਿਕਾਰ ਨਹੀਂ ਹਨ, ਪਰ ਫਿਰ ਵੀ ਬਰਤਾਨੀਆਂ ਦਾ ਪ੍ਰਸ਼ਾਸਨ ਲੋਕਤੰਤਰ ਦਾ ਪ੍ਰਤੀਕ ਹੈ। ਇਸ ਬਾਰੇ ਕਈ ਵਾਰ ਅਚੰਭਾ ਵੀ ਹੁੰਦਾ ਹੈ ਕਿ ਬਿਨਾਂ ਕਿਸੇ ਲਿਖਤੀ ਸੰਵਿਧਾਨ ਦੇ ਉਥੇ ਕਿਵੇਂ ਲੋਕਾਂ ਦੇ ਅਧਿਕਾਰ ਸੁਰੱਖਿਅਤ ਰਹਿੰਦੇ ਹਨ। ਇਸ ਦਾ ਪ੍ਰਮੁੱਖ ਕਾਰਣ ਹੀ "ਰੂਲ ਆਫ ਲਾਅ" ਦੀ ਧਾਰਨਾ ਹੈ ਜੋ ਕਿ ਲੋਕਾਂ ਦੀ ਸਵਤੰਤਰਤਾ ਅਤੇ ਅਧਿਕਾਰ ਸੁਰੱਖਿਅਤ ਰੱਖਦਾ ਹੈ।

### 2.4.3 ਕਾਨੂੰਨ ਦੇ ਸ਼ਾਸਨ ਦਾ ਅਰਥ

ਸਾਧਾਰਣ ਸ਼ਬਦਾਂ ਵਿਚ ਕਾਨੂੰਨ ਦੇ ਸ਼ਾਸਨ ਦਾ ਅਰਥ ਹੈ; ਸਾਰੇ ਨਾਗਰਿਕਾਂ ਦਾ ਕਾਨੂੰਨ ਸਾਹਮਣੇ ਬਰਾਬਰ ਹੋਣਾ। ਕਾਨੂੰਨ

ਪੱਖੋਂ ਕਿਸੇ ਵੀ ਅਧਾਰ ਤੇ ਨਾਗਰਿਕਾਂ ਵਿਚ ਕੋਈ ਵਿਤਕਰਾ ਨਹੀਂ। ਨਾਗਰਿਕ ਭਾਵੇਂ ਕਿਸੇ ਜਾਤੀ ਰੰਗ ਜਾਂ ਧਰਮ ਦੇ ਹੋਣ ਸਾਰੇ ਹੀ ਕਾਨੂੰਨ ਸਾਹਮਣੇ ਬਰਾਬਰ ਹਨ। "ਕਾਨੂੰਨ ਦੇ ਸ਼ਾਸਨ" ਦੀ ਪ੍ਰੀਭਾਸ਼ਾ ਵੱਖ-ਵੱਖ ਹਨ। ਲਾਰਡ ਹੀਵਰਟ ਦਾ ਵਿਚਾਰ ਹੈ, "ਕਾਨੂੰਨ ਅਤੇ ਸ਼ਾਸਨ ਦਾ ਅਰਥ ਨਿਰੰਕੁਸ਼ਤਾ ਦੀ ਥਾਂ ਕਾਨੂੰਨ ਦੀ ਸਰਵਉੱਚਤਾ ਅਤੇ ਪ੍ਰਧਾਨਗੀ ਹੈ"। Wade ਅਤੇ Philips "ਕਾਨੂੰਨ ਅਤੇ ਸ਼ਾਸਨ ਤੋਂ ਭਾਵ ਹੈ ਸਰਕਾਰ ਦੀਆਂ ਸ਼ਕਤੀਆਂ ਦਾ ਪ੍ਰਯੋਗ ਕਾਨੂੰਨ ਦੁਆਰਾ ਕੀਤਾ ਜਾਵੇ ਗਾ ਅਤੇ ਜਨਤਾ ਸ਼ਾਸਕਾਂ ਦੀ ਨਿਰੰਕੁਸ਼ ਇੱਛਾ ਦੇ ਅਧੀਨ ਹੀ ਦੇਵੇਗੀ।" ਪ੍ਰੋ. ਡਾਇਸੀ ਦੇ ਕਾਨੂੰਨ ਦੇ ਸ਼ਾਸਨ ਦੀ ਵਿਸਤਰਿਕ ਵਿਆਖਿਆ ਕੀਤੀ ਹੈ। ਉਸ ਨੇ ਕਾਨੂੰਨ ਦੇ ਸ਼ਾਸਨ ਦੇ ਤਿੰਨ ਅਰਥ ਲਏ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ।

## 2.4.4 ਕਾਨੂੰਨ ਦੀ ਸਰਵਉੱਚਤਾ ਜਾਂ ਪ੍ਰਧਾਨਗੀ

ਪ੍ਰੋ. ਡਾਇਸੀ ਦਾ ਮਤ ਹੈ ਕਿ ਕਾਨੂੰਨ ਦੇ ਸ਼ਾਸਨ ਦਾ ਪਹਿਲਾ ਅਰਥ ਹੈ ਕਿ ਜਿਸ ਦੇਸ਼ ਵਿਚ ਕਾਨੂੰਨ ਹੀ ਸਰਵਉੱਚ ਹੁੰਦਾ ਹੈ ਉਥੇ ਕਾਨੂੰਨ ਹੀ ਪ੍ਰਧਾਨ ਹੁੰਦਾ ਹੈ ਦੇਸ਼ ਵਿਚ ਵਿਅਕਤੀਆਂ, ਜਥੇਬੰਦੀਆਂ ਅਤੇ ਸ਼ਾਸਨ ਦਾ ਕੰਮ ਕਾਨੂੰਨ ਅਨੁਸਾਰ ਚਲਦਾ ਹੈ।ਰਾਜ ਵਿਚ ਮਨਮਰਜ਼ੀ ਦਾ ਰਾਜ ਨਹੀਂ ਹੁੰਦਾ ਸਗੋਂ ਸਾਧਾਰਣ ਕਾਨੂੰਨ ਸਰਵਉੱਚ ਅਤੇ ਪ੍ਰਧਾਨ ਹੁੰਦੇ ਹਨ। ਜਿਵੇਂ ਕਿ ਵਿਅਕਤੀ ਨੂੰ ਉਦੋਂ ਤੱਕ ਕੋਈ ਸਜ਼ਾ ਨਹੀਂ ਦਿੱਤੀ ਜਾ ਸਕਦੀ ਜਦੋਂ ਤੱਕ ਅਦਾਲਤ ਵਿਚ ਇਹ ਸਿੱਧ ਨਹੀਂ ਹੁੰਦਾ ਕਿ ਉਸ ਕਾਨੂੰਨ ਦੀ ਉਲੰਘਣਾ ਕੀਤੀ ਹੈ। ਉਸ ਨੂੰ ਕਿਸੇ ਪ੍ਰਕਾਰ ਦਾ ਆਰਥਿਕ ਜਾਂ ਸਰੀਰਕ ਦੰਡ ਨਹੀਂ ਦਿੱਤਾ ਜਾ ਸਕਦਾ ਜਦੋਂ ਤੱਕ ਕਾਨੂੰਨ ਦੀ ਉਲੰਘਣਾ ਸਾਧਾਰਣ ਅਦਾਲਤ ਵਿਚ ਸਾਧਾਰਣ ਵਿਸਥਾਨਕ ਵਿਧਾਨ ਅਨੁਸਾਰ ਸਿਧ ਨਾ ਹੋ ਜਾਵੇ। ਸਾਧਾਰਣ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਵਿਅਕਤੀ ਨੂੰ ਤਾਂ ਹੀ ਦੰਡ ਦਿੱਤਾ ਜਾ ਸਕਦਾ ਹੈ ਜੇਕਰ ਉਸ ਨੇ ਕਾਨੂੰਨ ਦੀ ਉਲੰਘਣਾ ਕੀਤੀ ਹੈ ਅਤੇ ਉਸ ਦੀ ਉਲੰਘਣਾ ਰਾਜ ਦੀ ਕਿਸੇ ਨਾ ਕਿਸੇ ਅਦਾਲਤ ਵਿਚ ਕਾਨੂੰਨਨ ਵਿਧੀ ਦੁਆਰਾ ਸਿੱਧ ਹੋ ਚੁੱਕੀ ਹੋਵੇ।

## 2.4.5 ਕਾਨੂੰਨ ਸਾਹਮਣੇ ਸਮਾਨਤਾ

ਪ੍ਰੋ. ਡਾਇਸੀ ਦੇ ਵਿਚਾਰ ਵਿਚ ਕਾਨੂੰਨ ਦੇ ਸ਼ਾਸਨ ਦਾ ਦੂਜਾ ਅਰਥ ਹੈ ਕਿ ਕਾਨੂੰਨ ਦੀਆਂ ਨਜ਼ਰਾਂ ਵਿਚ ਸਾਰੇ ਨਾਗਰਿਕ ਇਕੋ ਜਿਹੇ ਹਨ। ਕਾਨੂੰਨ ਸਾਹਮਣੇ ਉਨ੍ਹਾਂ ਵਿਚ ਕੋਈ ਭੇਦਭਾਵ ਨਹੀਂ ਦੇਖਿਆ ਜਾਦਾ। ਪ੍ਰੋ. ਡਾਇਸੀ ਦੇ ਸ਼ਬਦਾਂ ਵਿਚ, "ਕਾਨੂੰਨ ਸਾਹਮਣੇ ਸਮਾਨਤਾ ਅਤੇ ਸਾਰੇ ਵਰਗਾਂ ਦੇ ਦੇਸ਼ ਦੇ ਸਾਧਾਰਣ ਕਾਨੂੰਨ ਦੇ ਅਧੀਨ ਰਹਿਣਾ ਹੈ ਜਿਵੇਂ ਕਿ ਇਹ ਸਾਧਾਰਣ ਕਾਨੂੰਨ ਨੂੰ ਅਦਾਲਤਾਂ ਹੀ ਲਾਗੂ ਕਰਦੀਆਂ ਹਨ। ਇਸ ਤੋਂ ਭਾਵ ਇਹ ਹੈ ਕਿ ਕਾਨੂੰਨ ਦੇ ਸ਼ਾਸਨ ਬਾਰੇ ਬਰਤਾਨਵੀ ਨਾਗਰਿਕਾਂ ਨੂੰ ਸਮਾਨ ਸਮਝਿਆ ਜਾਂਦਾ ਹੈ ਭਾਵੇਂ ਉਹ ਕਿਸੇ ਪਦਵੀ ਤੇ ਹੋਣ ਜਾ ਕਿਸੇ ਵੀ ਧਰਮ ਵਿਚ ਵਿਸ਼ਵਾਸ ਰੱਖਦੇ ਹੋਏ ਤੇ ਕਿਸੇ ਵੀ ਜਾਤੀ ਦੇ ਹੋਣ। ਇਸ ਸੰਬੰਧ ਵਿਚ ਪ੍ਰੋ. ਡਾਇਸੀ ਨੇ ਕਿਹਾ ਹੈ ਕਿ ਬਰਤਾਨੀਆਂ ਵਿਚ ਹਰ ਅਧਿਕਾਰੀ ਪ੍ਰਧਾਨ ਮੰਤਰੀ ਤੋਂ ਲੈ ਕੇ ਇਕ ਸਿਪਾਹੀ ਜਾਂ ਟੈਕਸ ਇਕੱਤਰ ਜਾਂ ਵਸੂਲ ਕਰਤਾ ਤੱਕ ਸਾਰੇ ਸਾਧਾਰਣ ਨਾਗਰਿਕਾਂ ਦੀ ਤਰ੍ਹਾਂ ਆਪਣੇ ਗੈਰ-ਕਾਨੂੰਨੀ ਕੰਮਾਂ ਲਈ ਬਰਾਬਰ ਦੇ ਜ਼ਿੰਮੇਵਾਰ ਹਨ।

## 2.4.6 ਕਾਨੂੰਨ ਨਾਗਰਿਕਾਂ ਦੀਆਂ ਸੁਤੰਤਰਾਵਾਂ ਦਾ ਰੱਖਿਅਕ ਹੈ

ਕਾਨੂੰਨ ਦੇ ਸ਼ਾਸਨ ਦਾ ਤੀਜਾ ਅਰਥ ਹੈ ਕਿ ਸਾਧਾਰਣ ਕਾਨੂੰਨ ਬਰਤਾਨੀਆ ਦੇ ਸਾਰੇ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਪ੍ਰੋ. ਡਾਇਸੀ ਦਾ ਕਹਿਣਾ ਹੈ ਕਿ ਇੰਗਲੈਂਡ ਵਿਚ ਸੰਵਿਧਾਨਕ ਕਾਨੂੰਨ ਤੋਂ ਭਾਵ ਹੈ ਅਜਿਹੇ ਨਿਯਮ ਜਿਹੜੇ ਦੂਜੇ ਦੇਸ਼ਾਂ ਵਿਚ ਸੁਭਾਵਿਕ ਰੂਪ ਵਿਚ ਸੰਵਿਧਾਨਕ ਕਾਨੂੰਨ ਦਾ ਭਾਗ ਹੁੰਦੇ ਹਨ ਪਰ ਵਿਅਕਤੀ ਦੇ ਅਧਿਕਾਰਾਂ ਜਿਥੇ ਦੂਜੇ ਦੇਸ਼ਾਂ ਵਿਚ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਸੰਵਿਧਾਨ ਵਲੋਂ ਕੀਤੀ ਜਾਂਦੀ ਹੈ ਤੇ ਉਹ ਅਧਿਕਾਰ ਸੰਵਿਧਾਨ ਤੋਂ ਆਧਾਰਿਤ ਹੁੰਦੇ ਹਨ ਉਥੇ "ਕਾਨੂੰਨ ਦੇ ਸ਼ਾਸਨ" ਅਧਿਕਾਰ ਬਰਤਾਨੀਆ ਵਿਚ ਸਾਧਾਰਣ ਕਾਨੂੰਨ ਦੁਆਰਾ ਹੁੰਦੇ ਹਨ ਅਤੇ ਸਾਧਾਰਣ ਕਾਨੂੰਨ ਰਾਹੀਂ ਉਨ੍ਹਾਂ ਦੀ ਰਾਖੀ ਕੀਤੀ ਹੈ ਤੇ ਇਹ ਸਭ ਸਧਾਰਣ ਅਦਾਲਤਾਂ ਦੁਆਰਾ ਹੁੰਦਾ ਹੈ।

## 2.4.7 ਕਾਨੂੰਨ ਦੇ ਸ਼ਾਸਨ ਦੀ ਆਲੋਚਨਾ

ਜਦੋਂ ਪ੍ਰੋ. ਡਾਇਸੀ ਨੇ "ਕਾਨੂੰਨ ਦੇ ਸ਼ਾਸਨ" ਦੀ ਵਿਆਖਿਆ ਕੀਤੀ ਸੀ ਉਸ ਸਮੇਂ ਹਾਲਾਤ ਅੱਜ ਵਾਂਗ ਨਹੀਂ ਸਨ। ਉਸ ਨੇ ਆਪਣੇ ਵਿਚਾਰ ਅੱਜ ਤੋਂ ਲੱਗਭਗ 100 ਵਰ੍ਹੇ ਪਹਿਲਾਂ ਦਿੱਤੇ ਸਨ। ਪਰ ਅੱਜ ਉਥੇ ਪ੍ਰਸ਼ਾਸਨ ਵਿਚ ਅਨੇਕਾਂ ਹੀ ਪਰਵਿਰਤਨ ਆ ਚੁਕੇ ਹਨ। ਅੱਜ "ਕਾਨੂੰਨ ਦੇ ਸ਼ਾਸਨ" ਦੇ ਉਹ ਪਹਿਲ ਅਰਥ ਢੁਕਵੇਂ ਨਹੀਂ ਲਗਦੇ ਜਾਂ ਇਉਂ ਕਹਿ ਸਕਦੇ ਹਾਂ ਕਿ ਪੂਰਨ ਤੌਰ ਤੇ ਠੀਕ ਨਹੀਂ ਜਾਪਦੇ। ਅੱਜ "ਕਾਨੂੰਨ ਦੇ ਸ਼ਾਸਨ" ਨੂੰ ਕਈ ਪ੍ਰਕਾਰ ਦੀਆਂ ਛੋਟਾਂ ਮਿਲ ਗਈਆਂ ਹਨ।

ਇਸ ਕਰਕੇ "ਕਾਨੂੰਨ ਦੇ ਸ਼ਾਸਨ" ਦੀ ਆਲੋਚਨਾ ਕੀਤੀ ਜਾਂਦੀ ਹੈ।

### 2.4.8 ਸੌਂਪੀ ਕਾਨੂੰਨ ਸਾਜ਼ੀ (Delegated Legislation)

ਸਭ ਤੋਂ ਪਹਿਲੀ ਛੋਟ ਸੌਂਪੀ ਕਾਨੂੰਨ ਸਾਜ਼ੀ ਦੀ ਹੈ। ਅੱਜ ਸੰਸਦ ਕੋਲ ਇੰਨਾ ਕੰਮ ਹੈ ਅਤੇ ਸਮਾਂ ਘੱਟ ਹੈ ਇਸ ਲਈ ਸੰਸਦ ਕੇਵਲ ਕਾਨੂੰਨ ਦੀ ਰੂਪ ਰੇਖਾ ਹੀ ਤਿਆਰ ਕਰ ਸਕਦੀ ਹੈ ਅਤੇ ਕਾਨੂੰਨ ਵੀ ਹਰ ਬਾਰੀਕੀ ਅਤੇ ਵਿਸਥਾਰ ਵਿਚ ਜਾਣ ਦਾ ਉਸ ਕੋਲ ਸਮਾਂ ਨਹੀਂ ਹੁੰਦਾ। ਇਸ ਲਈ ਕਾਨੂੰਨ ਨਾਲ ਸੰਬੰਧਿਤ ਵਿਸਥਾਰ ਕਰਨ ਲਈ ਅਤੇ ਸੰਬੰਧਤ ਨਿਯਮ ਬਨਾਉਣ ਦਾ ਅਧਿਕਾਰ ਕਾਰਜਪਾਲਿਕਾ ਨੂੰ ਦੇ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਕਾਰਜਪਾਲਿਕਾ ਸੰਬੰਧਿਤ ਨਿਯਮ ਬਣਾਉਂਦੀ ਅਤੇ ਲਾਗੂ ਕਰਦੀ ਹੈ। ਇਸ ਤਰ੍ਹਾਂ ਵੱਖਰੇ ਵੱਖਰੇ ਵਿਭਾਗ ਨਿਯਮ ਵੱਖ-ਵੱਖ ਪ੍ਰਕਾਰ ਦੇ ਵੀ ਬਣਾ ਸਕਦੇ ਹਨ। ਇਹੀ ਗੱਲ "ਕਾਨੂੰਨ ਦੇ ਸ਼ਾਸਨ" ਦੇ ਸਿਧਾਂਤ ਦੇ ਵਿਪਰੀਤ ਹੈ। ਕਾਨੂੰਨ ਦੇ ਸ਼ਾਸਨ ਅਨੁਸਾਰ ਤਾਂ ਸੰਸਦ ਵੱਲੋਂ ਪਾਸ ਹੋਏ ਸਾਰੇ ਸਾਧਾਰਣ ਕਾਨੂੰਨ ਰਾਹੀਂ ਸ਼ਾਸਨ ਦਾ ਸੰਚਾਲਣ ਹੋਣਾ ਲਾਜ਼ਮੀ ਹੈ। ਇਸ ਤਰ੍ਹਾਂ ਇਹ ਸੌਂਪੀ ਕਾਨੂੰਨਸਾਜ਼ੀ ਦਾ ਅਧਿਕਾਰ "ਕਾਨੂੰਨ ਦੇ ਸ਼ਾਸਨ" ਵਿਚ ਤਰੁੱਟੀ ਹੈ।

### 2.4.9 ਪ੍ਰਸ਼ਾਸਕੀ ਨਿਆਂਇਕ ਨਿਰਣੇ

ਕਾਨੂੰਨ ਦੇ ਸ਼ਾਸਨ ਵਿਚ ਦੂਜੀ ਪ੍ਰਕਾਰ ਦਾ ਵਿਘਨ ਪ੍ਰਸ਼ਾਸਨ ਨਿਆਇਕ ਨਿਰਣਿਆਂ ਦਵਾਰਾ ਪੈਂਦਾ ਹੈ। ਇੰਗਲੈਂਡ ਵਿਚ ਕਾਫੀ ਸਮੇਂ ਤੋਂ ਨਿਰਣਿਆਂ ਨਿਆਇਕਾਂ ਦੀ ਵਿਵਸਥਾ ਸਥਾਪਿਤ ਹੋ ਚੁੱਕੀ ਹੈ। ਇਸ ਵਿਚ ਪ੍ਰਸ਼ਾਸਕੀ ਵਿਭਾਗਾਂ ਨੂੰ ਆਪਣੇ ਵਿਭਾਗ ਨਾਲ ਸੰਬੰਧਿਤ ਕੰਮਾਂ ਸੰਬੰਧੀ ਆਪਣੇ ਅਧਿਕਾਰੀਆਂ ਵਿਰੁੱਧ ਸ਼ਿਕਾਇਤਾਂ ਸੁਣਨ ਦਾ ਅਧਿਕਾਰ ਹੈ ਅਤੇ ਜਾਂਚ ਪੜਤਾਲ ਕਰਨ ਉਪਰੰਤ ਨਿਆਇਕ ਨਿਰਣੇ ਲੈਣ ਦਾ ਅਧਿਕਾਰ ਵੀ ਪ੍ਰਾਪਤ ਹੈ। ਕਈ ਵਾਰ ਤਾਂ ਉੱਚ ਅਧਿਕਾਰੀ ਨੂੰ ਆਪਣੇ ਮਤਹਿਤ ਅਧਿਕਾਰੀਆਂ ਦੇ ਨਿਆਇਕ ਨਿਰਣਿਆਂ ਸਬੰਧੀ ਅਪੀਲ ਸੁਣਨ ਦਾ ਵੀ ਅਧਿਕਾਰ ਹੁੰਦਾ ਹੈ। ਪਰੰਤੂ ਇਨ੍ਹਾਂ ਨਿਰਣਿਆਂ ਸੰਬੰਧੀ ਅਦਾਲਤਾਂ ਵਿਚ ਅਪੀਲ ਨਹੀਂ ਕੀਤੀ ਜਾ ਸਕਦੀ। ਇਸਤੋਂ ਸਪਸ਼ਟ ਹੈ ਕਿ ਕਈ ਸੰਸਦੀ ਕਾਨੂੰਨਾਂ ਅਧੀਨ ਵੱਖਰੇ-ਵੱਖਰੇ ਵਿਭਾਗਾਂ, ਸਿੱਖਿਆ ਬੋਰਡਾਂ, ਆਮਦਨ ਕਰ ਕਮਿਸ਼ਨਰਾਂ ਅਤੇ ਲੇਬਰ ਟਿਬਯੂਨਲਾਂ ਨੂੰ ਅਦਾਲਤਾਂ ਵਾਂਗ ਕਈ ਪ੍ਰਕਾਰ ਦੇ ਝਗੜੇ ਨਿਪਟਾਉਣ ਦਾ ਅਧਿਕਾਰ ਹੈ । ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਪ੍ਰਸ਼ਾਸਕੀ ਨਿਆਇਕ ਨਿਰਣੇ ਕਾਨੂੰਨ ਦੇ ਸ਼ਾਸਣ ਤੇ ਇਕ ਪ੍ਰਕਾਰ ਦੀ ਛੋਟ ਜਾਂ ਇਸ ਤੇ ਰੋਕ ਸਿੱਧ ਹੁੰਦੇ ਹਨ।

### 2.4.10 ਸਰਕਾਰ ਦੀਆਂ ਇਛੁੱਕ ਸ਼ਕਤੀਆਂ

ਬਰਤਾਨੀਆ ਵਿਚ ਕਈ ਪ੍ਰਕਾਰ ਦੇ ਸਰਕਾਰੀ ਅਧਿਕਾਰੀਆਂ ਨੂੰ ਇਛੁੱਕ ਜਾਂ ਮਨਮਾਨੀ ਕਰਨ ਦੀਆਂ ਸ਼ਕਤੀਆਂ ਵੀ ਪ੍ਰਾਪਤ ਹਨ। ਪ੍ਰੋ. ਡਾਇਸੀ ਦਾ ਇਹ ਕਹਿਣਾ ਹੈ ਕਿ ਕਾਨੂੰਨ ਦੇ ਸ਼ਾਸਨ ਵਿਚ ਕਿਸੇ ਪ੍ਰਕਾਰ ਦੀਆਂ ਇਛੁੱਕ ਸ਼ਕਤੀਆਂ ਦੀ ਗੁੰਜ਼ਾਇਸ਼ ਨਹੀਂ ਹੁੰਦੀ। ਪਰੰਤੂ ਅੱਜ ਕੱਲ੍ਹ ਬਰਤਾਨੀਆ ਵਿਚ ਹਾਲਾਤ ਬਿਲਕੁਲ ਉਲਟ ਹਨ। ਸੰਕਟ ਕਾਲ ਦੇ ਸਮੇਂ ਸਰਕਾਰ ਕੋਲ ਵਿਸ਼ੇਸ਼ ਪ੍ਰਕਾਰ ਦੇ ਅਧਿਕਾਰ ਆ ਜਾਂਦੇ ਹਨ ਅਤੇ ਇਥੋਂ ਤੱਕ ਕਿ ਸ਼ਾਂਤੀ ਦੇ ਸਮੇਂ ਵੀ ਰਾਸ਼ਟਰੀ ਹਿਤਾਂ ਦੀ ਸੁਰੱਖਿਆ ਵਿਚ ਪ੍ਰਸ਼ਾਸਕੀ ਲੋੜਾਂ ਦੀ ਪੂਰਤੀ ਦੇ ਬਹਾਨੇ ਸਰਕਾਰ ਦੇ ਵੱਖ-ਵੱਖ ਅਧਿਕਾਰੀਆਂ ਨੂੰ ਇਛੁਕ ਸ਼ਕਤੀਆਂ ਦਾ ਪ੍ਰਯੋਗ ਕਰਨ ਦਾ ਅਧਿਕਾਰ ਪ੍ਰਾਪਤ ਹੁੰਦਾ ਹੈ।

#### 2.4.10.1 ਵਿਸ਼ੇਸ਼ ਅਧਿਕਾਰੀਆਂ ਦੀ ਇੱਛੁਕ ਸ਼ਕਤੀਆਂ

ਰਾਸ਼ਟਰੀ ਹਿੱਤਾਂ ਦੀ ਪੂਰਤੀ ਅਤੇ ਸੰਕਟ ਕਾਲ ਸਮੇਂ ਇੱਛੁਕ ਸ਼ਕਤੀਆਂ ਦੀ ਵਰਤੋਂ ਦਾ ਅਧਿਕਾਰ "ਕਾਨੂੰਨ ਸ਼ਾਸਨ" ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦਾ। ਉਦਾਹਰਣ ਲਈ ਬਰਤਾਨੀਆ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਵਿਦੇਸ਼ੀਆਂ ਨੂੰ ਕੁਝ ਸ਼ਰਤਾਂ ਪੂਰੀਆਂ ਕਰਨ ਤੇ ਨਾਗਰਿਕਤਾ ਪ੍ਰਦਾਨ ਕਰਨ ਦਾ ਅਧਿਕਾਰ ਹੈ। ਇਸ ਨੂੰ ਅਸੀਂ "ਦੇਸੀਕ੍ਰਿਤ ਨਾਗਰਿਕਤਾ" ਕਹਿੰਦੇ ਹਾਂ। ਇਸ ਨਾਲ ਸੰਬੰਧਿਤ ਅਪੀਲ ਅਦਾਲਤ ਵਿਚ ਨਹੀਂ ਕੀਤੀ ਜਾ ਸਕਦੀ ਹੈ। ਫਿਲਮਾਂ ਆਦਿ ਸੈਂਸਰ ਕਰਨ ਦਾ ਅਧਿਕਾਰ ਲਾਰਡ ਚੈਬਰਲਿਨ ਕੋਲ ਹੈ ਉਸ ਦੇ ਫੈਸਲੇ ਨੂੰ ਅਦਾਲਤ ਵਿਚ ਵੰਗਾਰਿਆ ਜਾ ਸਕਦਾ ਹੈ।

#### 2.4.10.2 ਰਾਜੇ ਦੀ ਵਿਸ਼ੇਸ਼ ਸਥਿਤੀ

ਭਾਵੇਂ ਅਸੀਂ ਪੜ੍ਹ ਚੁਕੇ ਹਾਂ ਕਿ ਰਾਜੇ ਕੋਲ ਕੇਵਲ ਨਾਮ ਮਾਤਰ ਦੀਆਂ ਸ਼ਕਤੀਆਂ ਹਨ ਪਰ ਫਿਰ ਵੀ ਉਸ ਕੋਲ ਕੁਝ ਵਿਸ਼ੇਸ਼ ਸ਼ਕਤੀਆਂ ਹਨ ਜਿਵੇਂ ਕਿ ਨਾਗਰਿਕਾਂ ਨੂੰ ਬਾਹਰ ਜਾਣ ਲਈ ਪਾਸਪੋਰਟ ਰਾਜੇ ਵਲੋਂ ਹੀ ਜਾਰੀ ਕੀਤਾ ਜਾਂਦਾ ਹੈ। ਜੇਕਰ ਰਾਜਾ ਅਜਿਹਾ ਪਾਸਪੋਰਟ ਜਾਰੀ ਕਰਨ ਤੋਂ ਨਾਂਹ ਕਰ ਦੇਵੇ ਤਾਂ ਇਸ ਦੇ ਫੈਸਲੇ ਨੂੰ ਅਦਾਲਤ ਵਿਚ ਵੰਗਾਰਿਆ ਨਹੀਂ ਜਾ

ਸਕਦਾ। ਇਸ ਪ੍ਰਕਾਰ ਰਾਜੇ ਕੋਲ ਵਿਸ਼ੇਸ਼ ਸ਼ਕਤੀ ਅਤੇ ਸਾਰੇ ਨਾਗਰਿਕਾਂ ਨੂੰ ਬਰਾਬਰੀ ਪ੍ਰਾਪਤ ਕਰਨ ਵਿਚ ਰੁਕਾਵਟ ਵੀ ਆ ਸਕਦੀ ਹੈ। ਇਸ ਦੇ ਨਾਲ ਹੀ ਇਕ ਹੋਰ ਅਧਿਕਾਰ ਰਾਜੇ ਕੋਲ ਹੈ ਕਿ ਉਸ ਨੂੰ ਕਿਸੇ ਅਦਾਲਤ ਵਿਚ ਪੇਸ਼ ਹੋਣ ਲਈ ਨਹੀਂ ਕਿਹਾ ਜਾ ਸਕਦਾ ਤਾਂ ਫਿਰ ਇਹ ਵਿਵਸਥਾ ਕਾਨੂੰਨ ਦੇ ਸ਼ਾਸਨ ਦੇ ਉਲਟ ਸਿੱਧ ਹੁੰਦੀ ਹੈ।

### 2.4.10.3 ਸਰਕਾਰੀ ਅਧਿਕਾਰੀਆਂ ਦੀਆਂ ਸ਼ਕਤੀਆਂ

ਇਕ ਹੋਰ ਰੋਕ ਜਾਂ ਕਾਨੂੰਨ ਦੇ ਸ਼ਾਸਨ ਤੇ ਲੱਗੀ ਹੈ ਕਿ ਸਰਕਾਰੀ ਅਧਿਕਾਰੀਆਂ ਨੂੰ ਕੁਝ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ ਜੋ ਕਿ ਇਕ ਸਾਧਾਰਨ ਨਾਗਰਿਕ ਨੂੰ ਨਹੀਂ ਹਨ। ਜਿਵੇਂ ਕਿ ਪੁਲਿਸ ਅਫਸਰ ਕਿਸੇ ਵਿਅਕਤੀ ਨੂੰ ਗ੍ਰਿਫਤਾਰ ਕਰਨ ਦਾ ਅਧਿਕਾਰੀ ਹੈ ਪਰੰਤੂ ਆਮ ਨਾਗਰਿਕ ਨੂੰ ਇਹ ਅਧਿਕਾਰ ਨਹੀਂ ਹੈ। ਭਾਵੇਂ ਸਰਕਾਰੀ ਅਧਿਕਾਰੀਆਂ ਨੂੰ ਕੇਵਲ ਆਪਣੇ ਸਰਕਾਰੀ ਕਰਤਵ ਨਿਭਾਉਣ ਲਈ ਹੀ ਇਹ ਅਧਿਕਾਰ ਦਿਤੇ ਹਨ ਪਰ ਫਿਰ ਵੀ ਇਨ੍ਹਾਂ ਦੀ ਗਲਤ ਵਰਤੋਂ ਦੀ ਗੁੰਜਾਇਸ਼ ਤਾਂ ਹੈ।

### ਵਿਸ਼ੇਸ਼ ਸ਼ਰੇਣੀਆਂ ਤੇ ਵਿਸ਼ੇਸ਼ ਨਿਯਮਾਂ ਦਾ ਲਾਗੂ ਹੋਣਾ

ਪ੍ਰੋ. ਡਾਇਸੀ ਦੇ "ਕਾਨੂੰਨ ਦੇ ਸ਼ਾਸਨ" ਦੀ ਧਾਰਨਾ ਅਨੁਸਾਰ ਸਾਰੇ ਵਿਅਕਤੀ ਤੇ ਵਰਗਾ ਤੇ "ਕਾਨੂੰਨ ਦਾ ਸ਼ਾਸਨ" ਸਮਾਜਕ ਰੂਪ ਵਿਚ ਲਾਗੂ ਹੁੰਦਾ ਹੈ। ਪਰੰਤੂ ਅੱਜ ਵੀ ਵੇਖਣ ਵਿਚ ਆਉਂਦਾ ਹੈ ਕਿ "ਕਾਨੂੰਨ ਦਾ ਸ਼ਾਸਨ" ਕੁਝ ਵਰਗਾਂ ਤੇ ਵਿਸ਼ੇਸ਼ ਨਿਯਮ ਲਾਗੂ ਹੋਣ ਤੋਂ ਨਾਂਹ ਨਹੀਂ ਕਰਦਾ ਜਿਵੇਂ ਕਿ ਫੌਜ ਦੇ ਮੈਂਬਰਾਂ ਤੇ ਸੈਨਿਕ ਕਾਨੂੰਨ ਲਾਗੂ ਹੁੰਦੇ ਹਨ ਉਨ੍ਹਾਂ ਦੀਆਂ ਵੱਖਰੀਆਂ ਸੈਨਿਕ ਅਦਾਲਤਾਂ ਹਨ। ਇਸੇ ਤਰ੍ਹਾਂ ਡਾਕਟਰਾਂ ਤੇ ਉਨ੍ਹਾਂ ਦੀ ਕੌਸਲ ਦੇ ਬਣਾਏ ਨਿਯਮ ਲਾਗੂ ਹੁੰਦੇ ਹਨ ਅਤੇ ਚਰਚ ਸਬੰਧੀ ਮਾਮਲਿਆਂ ਤੇ ਧਾਰਮਿਕ ਕਾਨੂੰਨ ਲਾਗੂ ਹੁੰਦੇ ਹਨ ਤੇ ਧਰਮ ਦੇ ਆਧਾਰ ਤੇ ਹੀ ਮਸਲੇ ਨਜਿੱਠੇ ਜਾਂਦੇ ਹਨ।

### ਮਜ਼ਦੂਰ ਵਰਗ ਲਈ ਛੋਟਾਂ

ਮਜ਼ਦੂਰ ਵਰਗ ਲਈ ਵੀ ਬਰਤਾਨੀਆ ਵਿਚ ਕੁਝ ਛੋਟਾਂ ਪ੍ਰਾਪਤ ਹਨ। 1906 ਵਿਚ ਵਪਾਰਿਕ ਝਗੜਿਆਂ ਸੰਬੰਧੀ ਕਾਨੂੰਨ ਟਰੇਡ ਡਿਸਪੂਯਟਸ ਐਕਟ ਪਾਸ ਕੀਤਾ ਗਿਆ। ਇਸ ਕਾਨੂੰਨ ਸੰਬੰਧੀ ਕਿਰਤੀ ਸੰਘ ਨੂੰ ਵਿਸ਼ੇਸ਼ ਰਿਆਇਤਾਂ ਪ੍ਰਾਪਤ ਹੜਤਾਲ ਕਰਨ ਦਾ ਅਧਿਕਾਰ ਹੈ ਜੋ ਕਿ ਸੈਨਾ ਜਾਂ ਪੁਲਿਸ ਆਦਿ ਨੂੰ ਨਹੀਂ। ਇਸ ਤਰ੍ਹਾਂ ਮਜ਼ਦੂਰ ਸੰਘ ਪ੍ਰਤੀ ਅਜਿਹੇ ਪ੍ਰਦਰਸ਼ਨ ਵਿਰੁਧ ਕਾਨੂੰਨੀ ਕਾਰਵਾਈ ਵੀ ਨਹੀਂ ਹੋ ਸਕਦੀ।

### 2.4.10.4 ਜੱਜਾਂ ਦੀ ਵਿਸ਼ੇਸ਼ ਸਥਿਤੀ

ਬਰਤਾਨੀਆ ਵਿਚ ਜੱਜ ਵਿਸ਼ੇਸ਼ ਸਥਿਤੀ ਦੇ ਅਧਿਕਾਰੀ ਹਨ। ਪ੍ਰੋ. ਡਾਇਸੀ ਅਨੁਸਾਰ ਭਾਵੇਂ ਸਾਰੇ ਨਾਗਰਿਕ ਸਮਾਨ ਹਨ। ਭਾਵੇਂ ਉਹ ਕਿਸੇ ਵੀ ਪਾਰਟੀ ਦੇ ਧਾਰਨੀ ਹੋਣ। ਪਰੰਤੂ ਜੱਜਾਂ ਨੂੰ ਆਪਣੇ ਫੈਸਲੇ ਨਿਭਾਉਣ ਲਈ ਨਿਰਣੇ ਦੇਣ ਅਤੇ ਨਿਆਂ ਕਰਨ ਦਾ ਵਿਸ਼ੇਸ਼ ਅਧਿਕਾਰ ਹੈ ਅਤੇ ਇਹ ਅਧਿਕਾਰ ਦੀ ਵਰਤੋਂ ਕਰਦੇ ਹੋਏ ਕੋਈ ਗਲਤੀ ਜਾਂ ਭੁੱਲ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕਦੀ ਹੈ। ਕੇਵਲ ਉਨ੍ਹਾਂ ਦੇ ਦਿਤੇ ਨਿਰਣੇ ਨੂੰ ਅਪੀਲ ਦੇ ਰੂਪ ਵਿਚ ਉਚ ਅਦਾਲਤ ਕੋਲ ਪੇਸ਼ ਕੀਤਾ ਜਾ ਸਕਦਾ ਹੈ।

**ਵਿਦੇਸ਼ੀ ਰਾਜਦੂਤ ਕਾਨੂੰਨ ਦੇ ਸ਼ਾਸਨ ਦੇ ਅਧਿਕਾਰ ਖੇਤਰ ਤੋਂ ਬਾਹਰ ਹਨ** ਕਾਨੂੰਨ ਦਾ ਸ਼ਾਸਨ ਦੇਸ਼ ਦੇ ਸਾਰੇ ਨਾਗਰਿਕਾਂ ਉਤੇ ਸਮਾਨ ਲਾਗੂ ਹੁੰਦਾ ਹੈ ਪਰੰਤੂ ਵਿਦੇਸ਼ੀ ਸ਼ਾਸਕਾਂ, ਵਿਦੇਸ਼ੀ ਰਾਜਦੂਤਾਂ ਤੇ ਇਹ ਕਾਨੂੰਨ ਲਾਗੂ ਨਹੀਂ ਹੁੰਦਾ। ਉਨ੍ਹਾਂ ਉਤੇ ਅੰਤਰਰਾਸ਼ਟਰੀ ਕਾਨੂੰਨ ਅਤੇ ਪ੍ਰੰਪਰਾਵਾਂ ਲਾਗੂ ਹੰਦੀਆਂ ਹਨ। ਉਨ੍ਹਾਂ ਤੇ ਕਿਸੇ ਪ੍ਰਕਾਰ ਦਾ ਸ਼ੱਕ ਹੋਣ ਤੇ ਵੀ ਉਨ੍ਹਾਂ ਦੀਆਂ ਕਾਰਾਂ, ਕੋਠੀਆਂ ਦੀ ਤਲਾਸ਼ੀ ਨਹੀਂ ਲਈ ਜਾ ਸਕਦੀ ਅਤੇ ਨਾ ਹੀ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਬਰਤਾਨੀਆ ਦੀ ਅਦਾਲਤ ਵਿਚ ਕੀਤੀ ਜਾ ਸਕਦੀ ਹੈ। ਪ੍ਰੋ. ਡਾਇਸੀ ਨੇ ਇਹ ਧਾਰਨਾ ਦਿੱਤੀ ਸੀ ਕਿ ਬਰਤਾਨੀਆਂ ਵਿਚ ਨਾਗਰਿਕਾਂ ਦੇ ਅਧਿਕਾਰ ਅਤੇ ਸੁਤੰਤਰਾਵਾਂ ਕੇਵਲ ਨਿਆਇਕ ਨਿਰਣਿਆਂ ਤੇ ਆਧਾਰਿਤ ਹਨ ਪਰੰਤੂ ਅਸਲ ਵਿਚ ਸਥਿਤੀ ਕੁਝ ਹੋਰ ਹੈ। ਇੰਗਲੈਂਡ ਵਿਚ ਨਾਗਰਿਕਾਂ ਦੇ ਅਧਿਕਾਰ ਕੇਵਲ ਨਿਆਇਕ ਨਿਰਣਿਆਂ ਦੀ ਹੀਦੇਣ ਨਹੀਂਸਗੋਂ ਉਥੇ ਸਮੇਂ ਸਮੇਂ ਕਈ ਪ੍ਰਕਾਰ ਦੇ ਅਧਿਕਾਰਾਂ ਸੰਬੰਧੀ ਸੰਸਦੀ ਕਾਨੂੰਨ ਵੀ ਪਾਸ ਹੁੰਦੇ ਹਨ ਜਿਵੇਂ ਕਿ 1679 ਅਤੇ 1816 ਵਿਚ 'ਹੈਬੀਅਸ ਕਾਰਪਸ ਐਕਟ' ਪਾਸ ਕੀਤੇ ਗਏ। 1888 ਵਿਚ ਅਖਬਾਰਾਂ ਦੇ ਵਿਸ਼ੇਸ਼ ਅਧਿਕਾਰਾਂ ਦੀ ਸੁਰੱਖਿਆ ਲਈ "ਬਾਈਬਲ ਐਕਟ" ਪਾਸ ਕੀਤਾ ਗਿਆ ਸੀ। ਫਿਰ 1936 ਵਿਚ ਪਬਲਿਕ ਆਰਡਰ ਐਕਟ ਪਾਸ ਕੀਤਾ ਗਿਆ ਸੀ ਜਿਸ ਨਾਲ ਨਾਗਰਿਕਾਂ ਦੇ ਸੁਭਾ

ਨੂੰ ਨਿਯਮਤ ਕੀਤਾ ਗਿਆ ਸੀ। ਤਾਂ ਫਿਰ ਸਿੱਧ ਹੁੰਦਾ ਹੈ ਕਿ ਸੰਸਦ ਦਵਾਰਾ ਸਮੇਂ ਸਮੇਂ ਵੱਖ-ਵੱਖ ਪ੍ਰਕਾਰ ਦੇ ਨਾਗਰਿਕਾਂ ਲਈ ਕਾਨੂੰਨ ਪਾਸ ਕਰਕੇ ਅਧਿਕਾਰ ਅਤੇ ਸੁਤੰਤਰਤਾਵਾਂ ਦਿੱਤੀਆਂ ਗਈਆਂ। ਡਾਇਸੀ ਦੇ ਮੱਤ ਅਨੁਸਾਰ ਇਹ ਠੀਕ ਨਹੀਂ ਜਾਪਦੀਆਂ।

**2.4.11 ਅਮਰੀਕਾ ਵਿੱਚ ਕਾਨੂੰਨ ਦਾ ਸ਼ਾਸਨ** ਕਾਨੂੰਨ ਦਾ ਸ਼ਾਸਨ ਵਿਅਕਤੀ ਦੇ ਸ਼ਾਸਨ ਦੇ ਉਲਟ ਹੁੰਦਾ ਹੈ। ਕਾਨੂੰਨ ਵਿਅਕਤੀ ਦੀਆਂ ਸੁਤੰਤਰਤਾਵਾਂ ਅਤੇ ਅਧਿਕਾਰ ਆਦਿ ਨਿਸ਼ਚਿਤ ਕਰਦਾ ਹੈ। ਵਿਅਕਤੀ ਨੂੰ ਸਿਰਫ਼ ਕਾਨੂੰਨ ਤੋੜਨ ਦੀ ਸਜਾ ਮਿਲਦੀ ਹੈ। ਹਰੇਕ ਵਿਅਕਤੀ ਕਾਨੂੰਨ ਸਾਹਮਣੇ ਬਰਾਬਰ ਹੁੰਦਾ ਹੈ। ਫਿਲਿਪ ਅਨੁਸਾਰ, "ਕਾਨੂੰਨ ਦੇ ਸ਼ਾਸਨ ਦਾ ਅਰਥ ਹੈ ਕਿ ਸ਼ਾਸਨ ਦੀਆਂ ਸ਼ਕਤੀਆਂ ਦਾ ਪ੍ਰਯੋਗ ਕਾਨੂੰਨ ਦੇ ਅਨੁਸਾਰ ਹੋਵੇਗਾ ਅਤੇ ਪਰਜਾ ਨੂੰ ਸ਼ਾਸਕ ਦੀ ਮਨਮਰਜ਼ੀ ਦਾ ਸ਼ਿਕਾਰ ਨਹੀਂ ਬਣਨ ਦਿੱਤਾ ਜਾਵੇਗਾ"।ਡਾਇਸੀ ਅਨੁਸਾਰ ਅਮਰੀਕਾ ਵਿਚ ਕਾਨੂੰਨ ਦੇ ਸ਼ਾਸਨ ਦੀਆਂ ਤਿੰਨ ਵਿਸ਼ੇ ਸ਼ਤਾਵਾਂ ਹਨ

**1. ਕਾਨੂੰਨ ਦੀ ਸਰਵਉੱਚਤਾ 2. ਕਾਨੂੰਨ ਸਾਹਮਣੇ ਸਮਾਨਤਾ 3. ਕਾਨੂੰਨ ਨਾਗਰਿਕ ਦੇ ਅਧਿਕਾਰਾਂ ਅਤੇ ਸੁਤੰਤਰਤਾਵਾਂ ਦਾ ਰਖਿਅਕ ਹੈ।** ਆਗ ਅਨੁਸਾਰ "ਅਮਰੀਕਾ ਵਿਚ ਕਾਨੂੰਨ ਦੇ ਸ਼ਾਸਨ ਅਧੀਨ ਰਾਜ ਵਲੋਂ ਕਾਨੂੰਨੀ ਵਿਧੀ ਅਤੇ ਕਾਨੂੰਨੀ ਸ਼ਕਤੀ ਤੋਂ ਇਲਾਵਾ ਕਿਸੇ ਹੋਰ ਢੰਗ ਨਾਲ ਜਿੰਮੇਵਾਰੀਆਂ ਠੋਸੀਆਂ ਨਹੀਂ ਜਾਣਗੀਆਂ ਅਤੇ ਨਾ ਸੰਪਤੀ ਵਿਚ ਦਖਲਅੰਦਾਜੀ ਕੀਤੀ ਜਾਵੇਗੀ ਅਤੇ ਨਾ ਹੀ ਵਿਅਕਤੀਗਤ ਸੁੰਤਰਤਾ ਨੂੰ ਘੱਟ ਕੀਤਾ ਜਾ ਸਕੇਗਾ"।

**19.12 ਸਿੱਟਾ** ਅੰਤ ਵਿਚ ਅਸੀਂ ਇਨ੍ਹਾਂ ਛੋਟਾਂ ਨੂੰ ਵਿਚਾਰਣ ਮਗਰੋਂ ਕਹਿ ਸਕਦੇ ਹਾਂ ਕਿ ਆਧੁਨਿਕ ਸਮੇਂ ਵਿਚ "ਕਾਨੂੰਨ ਦੇ ਸ਼ਾਸਨ" ਤੇ ਕਈ ਪਾਬੰਦੀਆਂ ਲਗ ਚੁਕੀਆਂ ਹਨ। ਇਸੇ ਸੰਬੰਧ ਵਿਚ ਫਾਈਨਰ ਨੇ ਕਿਹਾ ਹੈ 'ਇੰਗਲੈਂਡ ਵਿਚ ਇਹ ਅਜਿਹੀ ਦੋਸ਼ਪੂਰਣ ਪ੍ਰਣਾਲੀ ਹੈ ਜਿਹੜੀ ਕਿਸੇ ਵੀ ਸਮੇਂ ਵਿਅਕਤੀ ਅਤੇ ਕਰਮਚਾਰੀ ਲਈ ਗੰਭੀਰ ਅਨਿਆਂਪੂਰਣ ਸਿੱਧ ਹੋ ਸਕਦੀ ਹੈ। ਇੰਗਲੈਂਡ ਵਿਚ ਸਿਧਾਂਤ ਦੀ ਇਹ ਪਰੰਪਰਾ ਨਹੀਂ ਹੈ। ਕਿਉਂਕਿ ਕਦੇ ਕਦੇ ਹੋਣ ਵਾਲੇ ਅਨਿਯਮਤ ਵਿਕਾਸ ਨੇ ਕਾਨੂੰਨ ਦੇ ਸ਼ਾਸਨ ਨੂੰ ਲਗਭਗ ਮੁਅਤਲ ਹੀ ਕਰ ਦਿੱਤਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਅੱਜ ਕਾਨੂੰਨ ਦਾ ਸ਼ਾਸਨ ਉਸ ਪ੍ਰਕਾਰ ਦਾ ਨਹੀਂ ਰਿਹਾ ਜਿਹੜਾ ਕਿ ਅੱਜ ਤੋਂ ਲਗਭਗ ਇਕ ਸਦੀ ਪਹਿਲਾਂ ਪ੍ਰੋ. ਡਾਇਸੀ ਨੇ ਅਨੁਭਵ ਕੀਤਾ ਸੀ ਪਰ ਫਿਰ ਵੀ ਅਸੀਂ ਇਹ ਨਹੀਂ ਕਹਿ ਸਕਦੇ ਕਿ "ਕਾਨੂੰਨ ਦਾ ਸ਼ਾਸਨ" ਨਹੀਂ ਹੈ। ਸਗੋਂ ਸਮੁੱਚੇ ਅਧਿਐਨ ਮਗਰੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਕਾਨੂੰਨ ਦੇ ਸ਼ਾਸਨ ਦੀਆਂ ਦੱਸੀਆ ਗਈਆਂ ਛੋਟਾਂ ਉਪਰੰਤ ਬਰਤਾਨੀਆਂ ਵਿਖੇ ਕਾਨੂੰਨ ਦੇ ਸ਼ਾਸਨ ਦਾ ਕਾਫੀ ਮਹੱਤਵ ਹੈ ਅਤੇ ਇਹ ਮਹੱਤਵ ਘੱਟ ਨਹੀਂ ਹੋਇਆ। ਇਸੇ ਸੰਬੰਧ ਵਿਚ ਫਿਲਿਪਸ ਦੀ ਕੀਤੀ ਟਿਪਣੀ ਵਰਨਣਯੋਗ ਹੈ। ਉਸ ਅਨੁਸਾਰ ਕਾਨੂੰਨ ਦੇ ਸ਼ਾਸਨ ਵਿਚ ਅੱਜ ਵੀ ਉਨ੍ਹੀ ਹੀ ਸਚਾਈ ਹੈ ਜਿੰਨੀ ਕਿ ਪ੍ਰੋ. ਡਾਇਸੀ ਦੇ ਲਿਖਣ ਸਮੇਂ ਸੀ ਜਿਵੇਂ ਕਿ ਸਾਧਾਰਣ ਅਦਾਲਤਾਂ ਦੇ ਅਧਿਕਾਰ ਖੇਤਰ ਤੋਂ ਅਧਿਕਾਰੀਆਂ ਨੂੰ ਕੋਈ ਛੋਟ ਪ੍ਰਾਪਤ ਨਹੀਂ ਅਤੇ ਬਰਤਾਨੀਆ ਦਾ ਕਾਨੂੰਨ ਅੱਜ ਵੀ ਇਸ ਗੱਲ ਤੋਂ ਅਣਜਾਣ ਹੈ ਕਿ ਵਿਸ਼ੇ ਸ਼ ਟ੍ਰਿਬੂਨਲਾਂ ਰਾਹੀਂ ਵਿਸ਼ੇਸ਼ ਅਪਰਾਧਾਂ ਲਈ ਦੰਡ ਦਿੱਤਾ ਜਾਂਦਾ ਹੈ। ਉਥੇ ਹਾਲਾਂ ਵੀ ਰਾਜ ਵਿਰੁੱਧ ਅਤੇ ਅਧਿਕਾਰੀਆਂ ਦੇ ਸਿਵਲ ਕਲੇਮਾਂ ਵਿਰੁੱਧ ਅਪਰਾਧਾਂ ਸੰਬੰਧੀ ਮੁਕੱਦਮੇ ਸੁਣਨ ਲਈ ਕੋਈ ਵਿਸ਼ੇਸ਼ ਅਦਾਲਤਾਂ ਨਹੀਂ।

ਇਸ ਗੱਲ ਤੋਂ ਇਨਕਾਰ ਨਹੀਂ ਕਿ "ਸੌਂਪੀ ਕਾਨੂੰਨਸਾਜ਼ੀ" ਦੀ ਵਿਵਸਥਾ, ਮੰਤਰੀਆਂ ਅਤੇ ਵਿਭਾਗਾਂ ਨੂੰ ਦਿੱਤੀਆਂ ਨਿਆਇਕ ਸ਼ਕਤੀਆਂ ਅਤੇ ਕੁਝ ਜਨਤਕ ਅਧਿਕਾਰੀਆਂ ਨੂੰ ਦਿੱਤੇ ਵਿਸ਼ੇਸ਼ ਅਧਿਕਾਰਾਂ ਨੂੰ "ਕਾਨੂੰਨ ਦੇ ਸ਼ਾਸਨ" ਵਿਚ ਤਰੇੜਾਂ ਪਾ ਦਿੱਤੀਆਂ ਹਨ ਪਰ ਫਿਰ ਵੀ ਅਸੀਂ ਇਸ ਗੱਲ ਤੇ ਮੁਨਕਰ ਨਹੀਂ ਹੋ ਸਕਦੇ ਕਿ ਉਥੇ ਕਾਨੂੰਨ ਦਾ ਸ਼ਾਸਨ ਸਰਬ ਸ੍ਰੇਸ਼ਟ ਹੈ ਤੇ ਉਸ ਦਾ ਬੋਲਬਾਲਾ ਹੈ। ਉਥੇ ਸੰਸਦ ਦੀ ਸਰਵਉੱਚਤਾ ਇਸ ਗੱਲ ਦਾ ਸਬੂਤ ਹੈ ਕਿ ਇੰਗਲੈਂਡ ਦੀ ਸੰਸਦ ਦੇ ਬਣਾਏ ਕਾਨੂੰਨ ਅਨੁਸਾਰ ਸ਼ਾਸਨ ਚੱਲਦਾ ਹੈ ਤੇ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਜੇਕਰ ਇਹ ਕਿਹਾ ਜਾਵੇ ਕਿ ਇੰਗਲੈਂਡ ਵਿਚ ਕਾਨੂੰਨ ਦਾ ਸ਼ਾਸਨ ਉਥੋਂ ਦੀ ਰਾਜਨੀਤਿਕ ਪ੍ਰਣਾਲੀ ਦਾ ਪ੍ਰਮੁੱਖ ਅੰਗ ਹੈ। ਸੰਯੁਕਤ ਰਾਜ ਅਮਰੀਕਾ ਵਿਚ ਵੀ ਨਿਆਂਪਾਲਿਕਾ ਇਕ ਸੁਤੰਤਰ ਨਿਆਂਪਾਲਿਕਾ ਹੈ। ਅਮਰੀਕੀ ਸੁਪਰੀਮ ਕੋਰਟ ਸਭ ਤੋਂ ਉੱਚੀ ਅਦਾਲਤ ਹੈ। ਅਮਰੀਕਾ ਵਿਚ ਵੀ ਨਿਆਂਇਕ ਪ੍ਰਸ਼ਾਸਨ ਅਮਰੀਕੀ ਸਪਰੀਮ ਕੋਰਟ ਦੇ ਨਿਰਦੇਸ਼ਨ ਵਿਚ ਹੀ ਚਲਦਾ ਹੈ।

## 2.4.13 ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਇੰਗਲੈਂਡ ਦੀ ਨਿਆਂਪਾਲਿਕਾ ਪ੍ਰਣਾਲੀ ਬਾਰੇ ਲਿਖੋ?
2. ਅਮਰੀਕਾ ਦੀ ਨਿਆਂਪਾਲਿਕਾ ਪ੍ਰਣਾਲੀ ਬਾਰੇ ਲਿਖੋ?

## 2.4.14 ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਬ੍ਰਿਟੇਨ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਨਿਆਂਪਾਲਿਕਾ ਪ੍ਰਣਾਲੀ ਦੀ ਚਰਚਾ ਕਰੋ?
2. ਬ੍ਰਿਟੇਨ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਕਾਨੂੰਨ ਦੇ ਸ਼ਾਸਨ ਦੀ ਚਰਚਾ ਕਰੋ?

## 2.4.15 ਪੜ੍ਹਨਯੋਗ ਪੁਸਤਕਾਂ


1. J.C. Johri, Comparative Politics (Sterling Publishers, New Delhi,2011).
2. J.C. Johri, Major Modern Political Systems (Sterling Publishers New Delhi, 2011).
3. Vishnoo Bhagwan, World Constitution (Sterling Publishers New Delhi 2011).
4. S.S.Nanda. Comparative Political Systems (Modern Publishers, Jallandhar 2011.(Punjabi).